ਕਲ ਸਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free

ਸਾਲ: 2 ਅਕ : 4 Phone : 780 465 9118, 403 775 2100 Fax: 780 465 0661, e-mail: info@nawidunia.com ਅਪਲ-2011



13 ਅਪਲ : ਖਾਲਸਾ ਪਥ ਦੀ ਸਾਜਨਾ

ਕੈਨੇਡਾ ਸਰਕਾਰ ਨੇ ਜਾਇਦਾਦ ਜ਼ਬਤ ਕਰਨ ਵਾਲਾ ਬਿੱਲ ਕੀਤਾ ਪੇਸ਼ ਪੰਨਾ-3



ਖਾਲਸਾਈ ਗਲਾਲ 'ਤੇ ਭਾਰ ਹੋਣ ਲੱਗੇ ਸਿਆਸੀ ਰੰਗ ਪੰਨਾ- 6



ਪੰਜ ਪਾਣੀਆ ਦੇ ਨਾਲ ਨਾਲ ਪੰਨਾ-24



ਕਿਓਂ ਰੱਬ ਬਣੇ ਖਿਡਾਰੀ? ਪੰਨਾ-30



# ਹਾਰਪਰ ਸਰਕਾਰ ਡਿੱਗੀ, ਚੋਣਾਂ 2 ਮਈ ਨੂੰ



ਸਟੀਫਨ ਹਾਰਪਰ
ਕਜ਼ਰਵਟਿਵ ਪਾਰਟੀ



ਜਕ ਲਟਨ
ਅਨ.ਡੀ.ਪੀ.



ਗਿਲ ਡਸਪ
ਬਲਾਕ ਕਿਓਬਕ



ਮਾਈਕਲ ਇਗਨਟੀਅਫ
ਲਿਬਰਲ ਪਾਰਟੀ



ਅਲਜਬਥ ਮ
ਗਰੀਨ ਪਾਰਟੀ

ਆਟਵਾ (ਨਦਬ) ਕੈਨੇਡਾ ਵਿੱਚ ਸਟੀਫਨ ਹਾਰਪਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਡਿੱਗਣ ਮਗਰੋਂ ਹੁਣ ਦੇਸ਼ ਵਾਸੀਆਂ ਨੂੰ ਇਕ ਵਾਰ ਫੇਰ ਚੋਣਾਂ ਦਾ ਬੋਝ ਝੱਲਣਾ ਪਏਗਾ। ਹਾਰਪਰ ਦੀ ਘੱਟ ਗਿਣਤੀ ਸਰਕਾਰ ਸੰਸਦ ਵਿੱਚ ਵਿਰੋਧੀ ਧਿਰ ਵੱਲੋਂ ਪੇਸ਼ ਬੇਭਰੋਸਗੀ ਦੇ ਮਤੇ ਖਿਲਾਫ਼ ਬਹੁਮਤ ਸਿੱਧ ਕਰਨ ਵਿੱਚ ਨਾਕਾਮ ਰਹੀ। ਹੁਣ ਚੋਣਾਂ 2 ਮਈ ਨੂੰ ਹੋਣਗੀਆਂ। ਪਿਛਲੇ ਸੱਤ ਸਾਲਾਂ ਵਿੱਚ ਇਹ ਚੌਥੀਆਂ ਚੋਣਾਂ ਹੋਣਗੀਆਂ। ਵਿਰੋਧੀ ਲਿਬਰਲ ਪਾਰਟੀ ਨੇ ਸੰਸਦ ਵਿੱਚ ਬੇਭਰੋਸਗੀ ਮਤਾ ਪੇਸ਼ ਕੀਤਾ ਸੀ, ਜਿਸ ਦਾ ਦੋ ਹੋਰਨਾਂ ਵਿਰੋਧੀ ਦਲਾਂ ਨੇ ਸਮਰਥਨ ਕੀਤਾ ਸੀ। ਵਿਰੋਧੀ ਦਲਾਂ ਨੇ ਸਰਕਾਰ 'ਤੇ ਸੰਸਦ ਦੀ ਮਰਿਆਦਾ ਉਲੰਘਣ ਦਾ ਦੋਸ਼ ਲਾਇਆ ਸੀ। ਇਹ ਪਹਿਲਾ ਮੌਕਾ ਹੈ ਜਦੋਂ ਹਾਰਪਰ ਦੀ ਸਰਕਾਰ 'ਤੇ ਇਸ ਤਰ੍ਹਾਂ ਦਾ ਦੋਸ਼ ਲੱਗਿਆ। ਪ੍ਰਧਾਨ ਮੰਤਰੀ ਹਾਰਪਰ ਨੇ ਰਾਜਪਾਲ ਜਨਰਲ ਡੈਵਿਡ ਜਾਨਸਟਨ ਨਾਲ ਮੁਲਾਕਾਤ ਕਰ ਕੇ 40 ਵੀਂ ਸੰਸਦ ਭੰਗ ਕਰਨ ਲਈ ਕਿਹਾ।

ਹਾਰਪਰ ਨਾਲ ਮੁਲਾਕਾਤ ਦੌਰਾਨ ਗਵਰਨਰ ਜਨਰਲ ਸੰਸਦ ਭੰਗ ਕਰਨ ਲਈ ਸਹਿਮਤ ਹੋ ਗਏ ਤੇ 15 ਮਿੰਟਾਂ ਵਿੱਚ ਹਾਰਪਰ ਨੇ ਐਲਾਨ ਕੀਤਾ ਕਿ ਕੈਨੇਡੀਆਈਆਂ ਨੂੰ ਸੱਤ ਸਾਲਾਂ ਵਿੱਚ ਹੁਣ ਚੌਥੀਆਂ ਚੋਣਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਵਿਰੋਧੀਆਂ ਧਿਰਾਂ ਨੇ ਚੋਣਾਂ ਦੇ ਫੈਸਲੇ ਲਈ ਮਜਬੂਰ ਕੀਤਾ ਹੈ। ਦੇਸ਼ ਹੋਰ ਚੋਣਾਂ ਦਾ ਭਾਰ ਨਹੀਂ ਝਲਣਾ ਚਾਹੁੰਦਾ ਸੀ ਕਿਉਂਕਿ ਦੇਸ਼ ਦੀ ਆਰਥਿਕਤਾ ਇਸ ਦੀ ਇਜਾਜ਼ਤ ਨਹੀਂ ਦਿੰਦੀ ਪਰ ਹੁਣ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਿਆ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਸਥਿਰ ਬਹੁਮਤ ਵਾਲੀ ਸਰਕਾਰ ਦੀ ਲੋੜ ਹੈ। ਚੋਣਾਂ ਤੱਕ ਕੰਜ਼ਰਵੇਟਿਵ ਪਾਰਟੀ ਕਾਰਜਕਾਰੀ ਵਿਵਸਥਾ ਵਜੋਂ ਸ਼ਾਸਨ ਕਰਦੀ ਰਹੇਗੀ। ਦੋ ਘੱਟ ਗਿਣਤੀ ਸਰਕਾਰਾਂ ਦੀ ਅਗਵਾਈ ਕਰ ਚੁੱਕੇ ਹਾਰਪਰ ਨੇ ਉਮੀਦ ਪ੍ਰਗਟਾਈ ਹੈ ਕਿ ਇਸ ਵਾਰ ਉਨ੍ਹਾਂ ਦੀ ਪਾਰਟੀ ਬਹੁਮਤ ਨਾਲ ਜੇਤੂ ਹੋ ਕੇ ਸਰਕਾਰ ਬਣਾਏਗੀ। ਸੰਸਦ ਵਿੱਚ ਵਿਰੋਧੀ ਪਾਰਟੀ ਲਿਬਰਲ ਦੇ ਬੇਭਰੋਸਗੀ ਮਤੇ ਦੇ ਪੱਖ ਵਿੱਚ 156 ਜਦਕਿ ਵਿਰੋਧ ਵਿੱਚ 143 ਵੋਟਾਂ ਪਈਆਂ। 308 ਮੈਂਬਰੀ ਸੰਸਦ ਵਿੱਚ ਬਹੁਮਤ ਲਈ 155 ਸੰਸਦ ਮੈਂਬਰਾਂ ਦੀ ਲੋੜ ਹੁੰਦੀ ਹੈ। ਬੇਭਰੋਸਗੀ ਮਤੇ ਵਿੱਚ ਹਾਰ ਤੋਂ ਬਾਅਦ ਹਾਰਪਰ ਨੇ ਕਿਹਾ, 'ਸੰਸਦ ਵਿੱਚ ਵੋਟਾਂ 'ਚ ਹਾਰਨ ਦਾ ਮੈਨੂੰ ਦੁੱਖ ਹੈ, ਮੈਨੂੰ ਲਗਦਾ ਹੈ ਕਿ ਇਸ ਨਾਲ ਜ਼ਿਆਦਾਤਰ ਦੇਸ਼ਵਾਸੀ ਵੀ ਨਿਰਾਸ਼ ਹੋਏ ਹੋਣਗੇ।' ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਪਹਿਲਾ ਟੀਚਾ ਸਥਿਰਤਾ ਅਤੇ ਸੁਰੱਖਿਆ ਬਣਾਏ ਰੱਖਣਾ ਹੋਵੇਗਾ। ਹਾਰਪਰ ਦੇ ਚੋਣਾਂ ਦੇ ਐਲਾਨ ਤੋਂ ਠੀਕ ਕੁਝ ਮਿੰਟ ਪਹਿਲਾਂ ਲਿਬਰਲ ਆਗੂ ਮਿਸ਼ੇਲ ਇਗਨੇਟਿਫ ਨੇ ਬਿਆਨ ਜਾਰੀ ਕਰਕੇ ਗਠਜੋੜ ਬਾਰੇ ਆਪਣੀ ਸਥਿਤੀ ਸਪਸ਼ਟ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਟੋਰੀਜ਼ ਘੱਟ ਗਿਣਤੀ ਸਥਿਤੀ ਵਿੱਚ ਅਗਲੀ ਚੋਣ ਜਿੱਤਦੇ ਹਨ ਤਾਂ ਉਹ ਉਨ੍ਹਾਂ ਦੀ ਸਰਕਾਰ ਬਣਨ ਦੇਣਗੇ। ਉਨ੍ਹਾਂ ਸਪਸ਼ਟ ਕਿਹਾ, 'ਅਸੀਂ ਹੋਰਨਾਂ ਫੈਡਰਲ ਪਾਰਟੀਆਂ ਨਾਲ ਗਠਜੋੜ ਵਿੱਚ ਸ਼ਾਮਲ ਨਹੀਂ ਹੋਵਾਂਗੇ।' ਪਿਛਲੀ ਵਾਰ ਚੋਣਾਂ ਅਕਤੂਬਰ 2008 ਵਿੱਚ ਹੋਈਆਂ ਸਨ।

## ਭਾਰਤ ਵਿਸ਼ਵ ਕੱਪ ਦੇ ਫ਼ਾਈਨਲ 'ਚ ਪੁੱਜਾ

ਮੋਹਾਲੀ, (ਨਦਬ) : ਭਾਰਤੀ ਕ੍ਰਿਕਟ ਟੀਮ ਨੇ ਇਕ ਬੇਹੱਦ ਰੁਮਾਂਚਿਕ ਮੈਚ ਵਿੱਚ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਹਰਾ ਕੇ ਵਿਸ਼ਵ ਕ੍ਰਿਕਟ ਕੱਪ ਦੇ ਫਾਈਨਲ ਲਈ ਟਿਕਟ ਕਟਾ ਲਈ ਹੈ। ਭਾਰਤ ਨੇ ਪਹਿਲਾਂ ਖੇਡਦਿਆਂ 50 ਓਵਰਾਂ ਵਿਚ 9 ਵਿਕਟਾਂ ਦੇ ਨੁਕਸਾਨ 'ਤੇ 260 ਦੌੜਾਂ ਬਣਾਈਆਂ ਜਿਸ ਦੇ ਜਵਾਬ ਵਿੱਚ ਪਾਕਿਸਤਾਨ ਦੀ ਸਾਰੀ ਟੀਮ 49 ਓਵਰ 5 ਗੇਂਦਾਂ ਵਿਚ ਦੌੜਾਂ 231 ਬਣਾ ਕੇ ਆਊਟ ਹੋ ਗਈ। ਹੁਣ ਭਾਰਤ ਦਾ ਫ਼ਾਈਨਲ ਮੁਕਾਬਲਾ ਸ੍ਰੀਲੰਕਾ ਦੀ ਟੀਮ ਨਾਲ ਹੋਵੇਗਾ। ਸਚਿਨ ਤੇਂਦੂਲਕਰ ਨੂੰ 85 ਦੌੜਾਂ ਬਣਾਉਣ 'ਤੇ ਮੈਨ ਆਫ਼ ਦੀ ਮੈਚ ਦਾ ਐਵਾਰਡ ਦਿੱਤਾ ਗਿਆ।

## ਲੋਕਾਂ ਦੀਆਂ ਨਜ਼ਰਾਂ ਮਨਪ੍ਰੀਤ ਦੇ ਏਜੰਡੇ 'ਤੇ



ਚੰਡੀਗੜ੍ਹ, (ਨਦਬ) : ਪੰਜਾਬ ਦੇ ਸਾਰੇ ਛੋਟੇ-ਵੱਡੇ ਸਿਆਸੀ ਦਲਾਂ ਅਤੇ ਲੋਕਾਂ ਦੀਆਂ ਨਜ਼ਰਾਂ 'ਪੀਪਲਜ਼ ਪਾਰਟੀ ਆਫ ਪੰਜਾਬ' ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਦੇ ਏਜੰਡੇ 'ਤੇ ਟਿਕ ਗਈਆਂ ਹਨ ਕਿ ਉਹ ਰਾਜ ਨੂੰ ਆਰਥਿਕ ਮੰਦਹਾਲੀ ਤੋਂ ਬਾਹਰ ਕੱਢਣ ਅਤੇ ਗਰੀਬੀ, ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਵਰਗੀਆਂ ਵੱਡੀਆਂ ਸਮੱਸਿਆਵਾਂ ਨੂੰ ਸਮਾਪਤ ਕਰਨ ਲਈ ਕੀ ਯੋਜਨਾ ਪੇਸ਼ ਕਰਦੇ ਹਨ? ਮਨਪ੍ਰੀਤ ਬਾਦਲ ਨੇ ਪਿਛਲੇ ਦਿਨੀਂ ਖਟਕੜ ਕਲਾਂ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਇਹ ਤਾਂ ਬਹੁਤ ਆਸਾਨੀ ਨਾਲ ਕਹਿ ਦਿੱਤਾ ਕਿ ਉਹ ਸੂਬੇ 'ਤੇ ਚੜ੍ਹੇ 1.20 ਲੱਖ ਕਰੋੜ ਰੁਪਏ ਦੇ ਕਰਜ਼ੇ ਨੂੰ ਇਹ ਚੂਸ ਜਾਣਗੇ, ਸੂਬੇ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰ ਦੇਣਗੇ, ਗਰੀਬੀ ਅਤੇ ਬੇਰੁਜ਼ਗਾਰੀ ਨੂੰ ਸਮਾਪਤ ਕਰ ਦੇਣਗੇ। ਦੂਸਰੇ ਪਾਸੇ ਲੋਕਾਂ ਦਾ ਮੰਨਣਾ ਹੈ ਕਿ ਇਥੇ ਕੋਈ ਵੀ ਕੰਮ ਬਿਨਾਂ ਰਿਸ਼ਵਤ ਦਿੱਤੇ ਨਹੀਂ ਹੁੰਦਾ। ਮਨਪ੍ਰੀਤ ਦੇ ਹੱਥ ਅਜਿਹਾ ਕਿਹੜਾ ਜਾਦੂ ਹੈ ਦਾ ਡੰਡਾ ਲੱਗ ਗਿਆ ਹੈ, ਜੋ ਕਿ ਸੱਤਾ ਵਿੱਚ ਆਉਂਦੇ ਹੀ ਸਾਰੀਆਂ ਵੱਡੀਆਂ ਸਮੱਸਿਆਵਾਂ ਤੋਂ ਨਿਜਾਤ ਦਿਵਾ ਦੇਣਗੇ। ਮਨਪ੍ਰੀਤ ਨੇ ਜੋ ਐਲਾਨ ਕੀਤੇ ਹਨ, ਅਜਿਹੇ ਐਲਾਨ ਸੱਤਾ ਤੋਂ ਬਾਹਰ ਰਹਿਣ 'ਤੇ ਸਾਰੀਆਂ ਸਿਆਸੀ ਪਾਰਟੀਆਂ ਕਰਦੀਆਂ ਹਨ, ਕੁਝ ਤਾਂ ਇਸ ਨੂੰ ਬਕਾਇਦਾ ਆਪਣੇ ਐਲਾਨਨਾਮੇ ਵਿੱਚ ਵੀ ਸ਼ਾਮਲ ਕਰਦੇ ਹਨ। ਪਰ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੇ ਲਗਭਗ ਸਾਰੇ ਐਲਾਨ ਹਵਾ ਹੋ ਜਾਂਦੇ ਹਨ।

ਉਨ੍ਹਾਂ ਨੂੰ ਫਿਰ ਇਸ ਤਰ੍ਹਾਂ ਦੇ ਐਲਾਨਾਂ ਦੀ ਯਾਦ ਪੰਜ ਸਾਲ ਬਾਅਦ ਮੁੜ ਚੋਣਾਂ ਸਮੇਂ ਹੀ ਆਉਂਦੀ ਹੈ, ਇਸ ਲਈ ਲੋਕਾਂ ਨੂੰ ਬੜੀ ਬੇਸਬਰੀ ਨਾਲ ਮਨਪ੍ਰੀਤ ਦੇ ਏਜੰਡੇ ਦਾ ਇੰਤਜ਼ਾਰ ਹੈ, ਤਾਂ ਜੋ ਇਨ੍ਹਾਂ ਵੱਡੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਦੇ ਸਬੰਧ ਵਿੱਚ ਵਿਸਥਾਰ ਨਾਲ ਜਾਣਕਾਰੀ ਮਿਲ ਸਕੇ।




MILLWOODS PIZZA & INDIAN CUISINE
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
Take Out Buffets starting from $ 7.99
780 462 4313 Cell: 780 504 5600
Out door Catering at reasonable rates
www.millwoodspizza.com



Faryad Pannu



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੋਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ
ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ
ਮੋਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ
ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ
ਸਹੂਲਤਾਂ ਤੇ ਵਾਜਬ ਰੇਟਾਂ ਤੇ ਮੋਰਟਗੇਜ਼
ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

LUTHRA LAW OFFICE
* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ



SARJAN LUTHRA
B.Sc, LL.B.
Barrister Solicitor
780-466-4660

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700



For All Your Real Estate Needs & Best Services
Contact Dan Sidhu
Broker / Owner
Your Real Estate Expert!
ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ
ਦੀ ਜਾਇਦਾਦ ਖਰੀਦਣ / ਵੇਚਣ ਲਈ
ਭਰੋਸੇਯੋਗ ਤੇ ਇਮਾਨਦਾਰ DAN SIDHU
ਨੂੰ ਅੱਜ ਹੀ ਫੋਨ ਕਰੋ ।
Cell:403 560 6300
Off:403 569 2900
Fax:403 207 1237
email: dansidhu@gmail.com
MAXVALUE REALTY LTD
Each Office is Individually Owned and Operated
Specialized in Residential Commercial & Investment Properties
110-300 Merganser Dr. West Chestermere, AB T1X 1L6



www.aj-drivingschool.com




A & J DRIVING SCHOOL
"Where your safety comes first"
Government Approved Driving Education Programs
Raj Bajwa 780.486.5090
(Senior Instructor)
17523 - 100 Ave. Edmonton, AB
raj@aj-drivingschool.com

Sarbjeet Dodd REALTOR®
Contact For Buying & Selling of Residential & Commercial Property any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902



# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼ ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*

**Call: Shalu Badesha**

**Phone:780-660-3071**



*Sponsor by Canada Life & Access to all Major Insurance Companies in Canada*

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**

Certified Master Electrician

ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda- 780 464 4653
Ext-2, Cell- 780 720 6895

EAGLE ROCK GOLF COURSE




- Catering
- Wedding
- Banquet
- Birthday Parties
- Ladies Sangeet
- Golf Tournaments

# ALPHA Tent Rentals

All Events Big or Small

We are in this Business Since 2001



**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**



Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
Rana Pandher: 780 498 6375
Office: 780 490 5354

www.alphatentrentals.com






# DRIVING SCHOOL LTD.

"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।

**Shalu Badesha 780-660-3071**
**Jas Badesha 780-908-2296**
pashdrivingschool@ymail.com

Eat-In Take-Out

# Shan-E-Punjab
## Sweets & Restaurant

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
**Business Hours:** 11am-9pm

**Lunch Buffet & Dinner Buffet**

9393-34 Avenue, Edmonton, AB.

Phone (780) 434-7373

Concept, Design and Installation

# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਕੈਂਬਰਿਜ ਵਿੰਡੋ

780-436-0111

7941-Argyll Road Edmonton AB, T6C 4A9



BBB

www.cambridgewindow.com
Better Business Bureau ਦੇ ਮੈਂਬਰ

# ਕੈਨੇਡਾ ਸਰਕਾਰ ਨੇ ਜਾਇਦਾਦ ਜ਼ਬਤ ਕਰਨ ਵਾਲਾ ਬਿਲ ਕੀਤਾ ਪੇਸ਼

## ਨਵੇਂ ਕਾਨੂੰਨ ਨਾਲ ਭ੍ਰਿਸ਼ਟ ਆਗੂਆਂ ਦੀ ਨਕੇਲ ਕਸੀ ਜਾ ਸਕੇਗੀ

ਓਟਵਾ: ਸੰਘੀ ਸਰਕਾਰ ਨੂੰ ਆਸ ਹੈ ਕਿ ਸਾਰੀਆਂ ਪਾਰਟੀਆਂ ਛੇਤੀ ਹੀ ਨਵਾਂ ਕਾਨੂੰਨ ਪਾਸ ਕਰ ਦੇਣਗੀਆਂ ਜਿਸ ਨਾਲ ਕੈਨੇਡਾ ਨੂੰ ਟਿਊਨੀਸ਼ੀਆ ਦੇ ਗੱਦੀਉਂ ਲਾਹੇ ਰਾਸ਼ਟਰਪਤੀ ਜ਼ਿਨੇ ਅਲ ਅਬੀਦੀਨ ਬੇਨ ਅਲੀ ਵਰਗੇ ਆਗੂਆਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀ ਖੁੱਲ੍ਹ ਮਿਲ ਜਾਵੇਗੀ ਜੋ ਕਿ ਪਹਿਲਾਂ ਹੀ ਮਾਂਟਰੀਆਲ ਵਿਚ ਪਨਾਹ ਲੈ ਕੇ ਬੈਠੇ ਹਨ। ਪਿਛਲੇ ਕਈ ਹਫ਼ਤਿਆਂ ਤੋਂ ਸਰਕਾਰ, ਵਿਰੋਧੀ ਧਿਰ ਅਤੇ ਕੈਨੇਡਾ ਵਿਚ ਰਹਿੰਦੇ ਟਿਊਨਸ਼ੀਆ ਦੇ ਲੋਕਾਂ ਦੇ ਦਬਾਅ ਹੇਠ ਸੀ ਜਿਨ੍ਹਾਂ ਵਲੋਂ ਬੇਨ ਅਲੀ ਵਿਰੁਧ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ।



ਬੀਤੇ ਦਿਨੀਂ ਵਿਦੇਸ਼ ਮੰਤਰੀ ਲਾਰੈਂਸ ਕੈਨਨ ਅਤੇ ਨਿਆਂ ਮੰਤਰੀ ਰੌਬ ਨਿਕਲਸਨ ਨੇ ਐਲਾਨ ਕੀਤਾ ਕਿ ਫ਼ਰੀਜ਼ਿੰਗ ਅਸੈਟਸ ਰਿਜਾਇਮਜ ਐਕਟ ਜੋ ਕਿ ਟਿਊਨੀਸ਼ੀਆ ਦੀ ਨਵੀਂ ਸਰਕਾਰ ਦੀ ਬੇਨਤੀ ਨੂੰ ਮੰਨਣਾ ਸੌਖਾ ਬਣਾ ਦੇਵੇਗਾ, ਰਾਹੀਂ ਉਨ੍ਹਾਂ ਜਾਇਦਾਦਾਂ ਨੂੰ ਵੀ ਜਬਤ ਕੀਤਾ ਜਾ ਸਕੇਗਾ ਜਿਨ੍ਹਾਂ ਬਾਰੇ ਨਵੀਂ ਸਰਕਾਰ ਨੂੰ ਕੁੱਝ ਵੀ ਪਤਾ ਨਹੀਂ। ਕੈਨਨ ਨੇ ਬਿਲ ਪੇਸ਼ ਕਰਨ ਪਿਛੋਂ ਕਿਹਾ, "ਇਹ ਕਾਨੂੰਨ ਭ੍ਰਿਸ਼ਟ ਆਗੂਆਂ ਅਤੇ ਅਧਿਕਾਰੀਆਂ ਦੀ ਨਕੇਲ ਕਸ ਦੇਵੇਗਾ। ਮੈਨੂੰ ਆਸ ਹੈ ਕਿ ਹਾਊਸ ਆਫ਼ ਕਾਮਨਜ਼ ਵਿਚਲੇ ਮੇਰੇ ਸਾਥੀ ਇਸ ਨੂੰ ਪਾਸ ਕਰਨ ਵਿਚ ਮਦਦ ਦੇਣਗੇ।'' ਨਵੇਂ ਕਾਨੂੰਨ ਤਹਿਤ ਵਿਦੇਸ਼ੀ ਮੁਲਕਾਂ ਨੂੰ ਲਿਖਤੀ ਤੌਰ ਤੇ ਇਹ ਦਸਣਾ ਹੋਵੇਗਾ ਕਿ ਕਿਸ ਵਿਅਕਤੀ ਨੇ ਭ੍ਰਿਸ਼ਟਾਚਾਰ ਰਾਹੀਂ ਜਾ ਆਪਣੇ ਅਹੁਦੇ ਦੀ ਦੁਰਵਰਤੋਂ ਕਰ ਕੇ ਜਾਇਦਾਦ ਬਣਾਈ। ਕਾਨੂੰਨ ਮੁਤਾਬਕ ਜਿਸ ਵਿਅਕਤੀ ਦੇ ਅਸਾਸੇ ਜਬਤ ਕੀਤੇ ਜਾਣੇ ਹਨ ਉਹ ਆਪਣੇ ਦੇਸ਼ ਵਿਚ ਮੋਢੀ ਭੂਮਿਕਾ ਵਿਚ ਹੋਵੇ ਅਤੇ ਉਸ ਦੇਸ਼ ਨੂੰ ਅੰਦਰੂਨੀ ਗੜਬੜ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ। ਅਸਾਸੇ ਜਬਤ ਕਰਨ ਦਾ ਕੋਈ ਵੀ ਫੈਸਲਾ ਕੌਮਾਂਤਰੀ ਸਬੰਧਾਂ ਦੇ ਹਿਤ ਵਿਚ ਲਿਆ ਜਾਵੇਗਾ।

ਨਿਕਲਸਨ ਨੇ ਕਿਹਾ ਕਿ ਨਾਗਰਿਕ ਹੱਕਾਂ ਦੀ ਰਾਖੀ ਲਈ ਅਸਾਸਿਆਂ ਨੂੰ ਜਬਤ ਰੱਖਣ ਦੀ ਮਿਆਦ ਪੰਜ ਸਾਲ ਹੋਵੇਗੀ ਪਰ ਇਸ ਤੋਂ ਬਾਅਦ ਇਸ ਨੂੰ ਨਵਿਆਇਆ ਜਾ ਸਕੇਗਾ। ਨਵੇਂ ਕਾਨੂੰਨ ਵਿਚ ਇਹ ਵੀ ਨਿਯਮ ਹੋਣਗੇ ਕਿ ਕਾਰੋਬਾਰਾਂ ਨੂੰ ਇਸ ਦਾ ਨੁਕਸਾਨ ਨਾ ਪੁੱਜੇ ਜਿਸ ਨਾਲ ਇਨ੍ਹਾਂ ਉਪਰ ਨਿਰਭਰ ਲੋਕ ਪ੍ਰਭਾਵਤ ਹੋਣ। ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਉਹ ਬਿਲ ਦਾ ਸਮਰਥਨ ਕਰਨਗੀਆਂ ਪਰ ਉਨ੍ਹਾਂ ਦੀਆਂ ਕੁੱਝ ਚਿੰਤਾਵਾਂ ਹਨ। ਲਿਬਰਲ ਪਾਰਟੀ ਦੇ ਡੋਮੀਨਿਕ ਲੀਬਲੈਂਕ ਨੇ ਬਿਲ ਨਾਲ ਸਹਿਮਤੀ ਪ੍ਰਗਟਾਈ ਪਰ ਇਸ ਦੀ ਸਮੀਖਿਆ ਕੀਤੇ ਜਾਣ 'ਤੇ ਜ਼ੋਰ ਦਿਤਾ। ਬਲਾਕ ਕਿਊਬੈਕ ਦੇ ਆਗੂ ਗਾਇਲਜ਼ ਡਿਊਕੈਪੇ ਨੇ ਮਿਆਦ ਬਾਰੇ ਚਿੰਤਾ ਪ੍ਰਗਟਾਈ ਅਤੇ ਸੁਝਾਅ ਦਿਤਾ ਅਤੇ ਕਿਹਾ ਕਿ ਸ਼ੱਕੀ ਖਾਤੇ ਪਹਿਲਾਂ ਹੀ ਖਾਲੀ ਕਰ ਦਿਤੇ ਜਾਣ।

# ਐਲਬਰਟਾ 'ਚ ਨਸਲੀ ਜਾਂ ਧਾਰਮਕ ਵਿਤਕਰੇ ਆਧਾਰਤ ਅਪਰਾਧ ਰੋਕਣ ਲਈ 38 ਹਜ਼ਾਰ ਡਾਲਰ ਦੇਵੇਗੀ ਸਰਕਾਰ

ਕੈਲਗਰੀ : ਐਲਬਰਟਾ ਦੀਆਂ ਤਿੰਨ ਭਾਈਚਾਰਕ ਜਥੇਬੰਦੀਆਂ ਨੂੰ ਅਪਰਾਧ ਰੋਕਣ ਅਤੇ ਲੋਕਾਂ ਦੀ ਇਨ੍ਹਾਂ ਤੋਂ ਸੁਰੱਖਿਆ ਕਰਨ ਲਈ ਸੰਘੀ ਸਰਕਾਰ ਤੋਂ ਫ਼ੰਡ ਹਾਸਲ ਹੋਣਗੇ। ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਡਿਆਨ ਐਬਲੌਂਕਜ਼ੀ ਨੇ ਬੀਤੇ ਦਿਨੀ ਅਕੀਵਾ ਅਕੈਡਮੀ ਅਤੇ ਚਬਦ ਐਲਬਰਟਾ (ਦੋਵੇਂ ਕੈਲਗਰੀ ਦੀਆਂ) ਅਤੇ ਐਡਮਿੰਟਨ ਦੀ ਸਿਟੀ ਸੈਂਟਰ ਚਰਚ ਕਾਰਪੋਰੇਸ਼ਨ ਨੂੰ 38 ਹਜ਼ਾਰ ਡਾਲਰ ਦੇਣ ਦਾ ਐਲਾਨ ਕੀਤਾ। ਇਹ ਫ਼ੰਡ ਹਮਲਿਆਂ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਭਾਈਚਾਰੇ ਦੇ ਸੁਰੱਖਿਆ ਪ੍ਰੋਗਰਾਮ ਤਹਿਤ ਜਾਰੀ ਕੀਤੇ ਜਾਣਗੇ। ਐਬਲੌਂਕਜ਼ੀ ਨੇ ਕਿਹਾ ਕਿ ਸਰਕਾਰ ਹਰ ਭਾਈਚਾਰੇ ਦੀ ਸੁਰੱਖਿਆ ਲਈ ਵਚਨਬੱਧ ਹੈ। ਕੈਨੇਡਾ ਭਾਵੇਂ ਹਿੰਸਕ ਗਤੀਵਿਧੀਆਂ ਦਾ ਕੇਂਦਰ ਨਹੀਂ ਅਤੇ ਨਾ ਹੀ ਇਥੇ ਕਿਸੇ ਖ਼ਾਸ ਧਰਮ ਜਾਂ ਪਛਾਣ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਪਰ ਫਿਰ ਵੀ ਇਕ ਸੁਰੱਖਿਅਤ ਮਾਹੌਲ ਸਿਰਜਣਾ ਸਰਕਾਰ ਦੀ ਜ਼ਿੰਮੇਵਾਰੀ ਹੈ, ਜਿਸ ਤਹਿਤ ਭਾਈਚਾਰਕ ਜਥੇਬੰਦੀਆਂ ਨੂੰ ਇਹ ਸਹਾਇਤਾ ਦਿਤੀ ਜਾ ਰਹੀ ਹੈ।

ਸੁਰੱਖਿਆ ਪ੍ਰੋਗਰਾਮ ਤਹਿਤ ਬਗ਼ੈਰ ਲਾਭ-ਹਾਨੀ ਦੇ ਚਲ ਰਹੇ ਭਾਈਚਾਰਕ ਕੇਂਦਰਾਂ ਵਿਚ ਸੁਰੱਖਿਆ ਵਧਾਉਣ ਲਈ ਫ਼ੰਡ ਮੁਹਈਆ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿਚ ਵਿਦਿਅਕ ਸੰਸਥਾਵਾਂ ਅਤੇ ਧਾਰਮਕ ਸਥਾਨ ਵੀ ਸ਼ਾਮਲ ਹਨ। ਫ਼ੰਡ ਹਾਸਲ ਕਰਨ ਵਾਲੀਆਂ ਜਥੇਬੰਦੀਆਂ ਇਸ ਪੈਸੇ ਦੀ ਵਰਤੋਂ ਸੁਰੱਖਿਆ ਦਾ ਜਾਇਜ਼ਾ ਲੈਣ ਅਤੇ ਜ਼ਰੂਰੀ ਸਾਜੋ ਸਾਮਾਨ ਜਿਵੇਂ ਅਲਾਰਮ, ਕੈਮਰੇ ਆਦਿ ਖ਼ਰੀਦਣ ਲਈ ਕਰ ਸਕਦੀਆਂ ਹਨ। ਦਸਣਯੋਗ ਹੈ ਕਿ ਕੈਨੇਡਾ ਸਰਕਾਰ ਵਿਨੀਪੈਗ, ਸਾਸਕਾਟੂਨ, ਵੈਨਕੂਵਰ ਅਤੇ ਕੈਮਲੂਪਸ ਦੀਆਂ ਅੱਠ ਭਾਈਚਾਰਕ ਜਥੇਬੰਦੀਆਂ ਨੂੰ 99 ਹਜ਼ਾਰ ਡਾਲਰ ਦੀ ਸਹਾਇਤਾ ਦਾ ਐਲਾਨ ਕਰ ਚੁੱਕੀ ਹੈ।

# ਸਪਲਾਈ ਵਿਚ ਰੁਕਾਵਟ ਅਤੇ ਅੱਗ ਨੇ ਐਲਬਰਟਾ ਦੀ ਤੇਲ ਤੋਂ ਹੋਣ ਵਾਲੀ ਆਮਦਨ ਨੂੰ ਖ਼ੋਰਾ ਲਾਇਆ

ਐਡਮਿੰਟਨ : ਐਲਬਰਟਾ ਸੂਬੇ ਨੂੰ ਉਤਪਾਦਨ ਅਤੇ ਵੰਡ ਦੀਆਂ ਸਮੱਸਿਆਵਾਂ ਕਾਰਨ ਵਧਦੀਆਂ ਤੇਲ ਕੀਮਤਾਂ ਤੋਂ ਹੋਣ ਵਾਲੇ ਲਾਭ ਦਾ ਅੱਧਾ ਹਿਸਾ ਗਵਾਉਣਾ ਪਿਆ ਹੈ। ਇਕ ਅੰਦਾਜ਼ੇ ਮੁਤਾਬਕ ਸਰਕਾਰ ਨੂੰ 340 ਮਿਲੀਅਨ ਡਾਲਰ ਦਾ ਫ਼ਾਲਤੂ ਖ਼ਰਚਾ ਕਰਨਾ ਪਿਆ। ਮਿਸ਼ੀਗਨ ਵਿਖੇ ਪਾਈਪ ਲਾਈਨ ਲੀਕ ਹੋਣ ਕਾਰਨ ਅਮਰੀਕਾ ਨੂੰ ਜਾਣ ਵਾਲੀ ਤੇਲ ਦੀ ਸਪਲਾਈ ਵਿਚ ਰੁਕਾਵਟ ਆਈ। ਇਸ ਤੋਂ ਇਲਾਵਾ ਕੈਨੇਡੀਅਨ ਨੈਚੁਰਲ ਰਿਸੋਰਸ ਅਤੇ ਹਸਕੀ ਐਨਰਜੀ ਦੀ ਮਾਲਕੀ ਵਾਲੇ ਕਾਰਖ਼ਾਨਿਆਂ ਵਿਚ ਅੱਗ ਲੱਗਣ ਦੀ ਘਟਨਾ ਕਾਰਨ ਕੱਚੇ ਤੇਲ ਦਾ ਉਤਪਾਦਨ 1.50 ਲੱਖ ਬੈਰਲ ਪ੍ਰਤੀ ਦਿਨ ਘਟਿਆ। ਸਰਕਾਰ ਦਾ ਅੰਦਾਜ਼ਾ ਹੈ ਕਿ ਸਪਲਾਈ ਵਿਚ ਰੁਕ-ਾਵਟ ਕਾਰਨ 300 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ। ਐਲਬਰਟਾ ਦੇ ਪ੍ਰੀਮੀਅਰ ਐਡ ਸਟੈਲਮੈਕ ਦਾ ਇਸ ਬਾਰੇ ਕਹਿਣਾ ਸੀ, "ਸਾਡੇ ਮੁਨਾਫ਼ੇ ਦਾ ਵੱਡਾ ਹਿੱਸਾ ਨੁਕਸਾਨ ਵਿਚ ਚਲਾ ਗਿਆ ਕਿਉਂਕਿ ਅਸੀਂ ਸਮੇਂ 'ਤੇ ਤੇਲ ਦੀ ਸਪਲਾਈ ਨਹੀਂ ਕਰ ਸਕੇ।'' 2010-11 ਵਿਚ ਅੱਗ ਦੀ ਘਟਨਾ ਨੇ ਸਰਕਾਰ ਨੂੰ 40 ਮਿਲੀਅਨ ਡਾਲਰ ਦਾ ਨੁਕਸਾਨ ਪਹੁੰਚਾਇਆ। ਐਲਬਰਟਾ ਦੇ ਊਰਜਾ ਮੰਤਰੀ ਰੌਨ ਲਿਪਰਟ ਨੇ ਕਿਹਾ,"ਕਿਸੇ ਵੀ ਸਮੇਂ ਉਤਪਾਦਨ ਵਿਚ ਕਮੀ ਆਮਦਨ ਉਪਰ ਅਸਰ ਪਾ ਸਕਦੀ ਹੈ। ਇਹ ਸਾਰਾ ਕੁੱਝ ਵੀ ਅਚਾਨਕ ਵਾਪਰੇ ਘਟਨਾਕ੍ਰਮ ਤਹਿਤ ਹੋਇਆ।'' ਸਰਕਾਰ ਨੂੰ ਆਸ ਹੈ ਕਿ ਮੌਜੂਦਾ ਬਜਟ ਵਿਚ ਤੇਲ ਕੀਮਤਾਂ ਬਾਰੇ ਲਾਏ ਅੰਦਾਜ਼ੇ ਤੋਂ ਇਹ ਕਿਤੇ ਉਪਰ ਚਲੀਆਂ ਜਾਣਗੀਆਂ, ਜਿਸ ਨਾਲ ਹੋਰ ਆਮਦਨ ਹੋਵੇਗੀ ਅਤੇ ਸਪਲਾਈ ਵਿਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕਰਨ ਵਿਚ ਮਦਦ ਮਿਲੇਗੀ। ਸਰਕਾਰ ਨੇ ਬਜਟ ਵਿਚ ਤੇਲ ਕੀਮਤਾਂ 78.75 ਅਮਰੀਕੀ ਡਾਲਰ ਪ੍ਰਤੀ ਬੈਰਲ ਰਹਿਣ ਦਾ ਅੰਦਾਜ਼ਾ ਲਾਇਆ ਸੀ ਪਰ ਇਹ 100 ਡਾਲਰ ਤੋਂ ਉਪਰ ਚਲੀਆਂ ਗਈਆਂ। ਮੱਧ ਪੂਰਬ ਦੇ ਦੇਸ਼ਾਂ ਅਤੇ ਉਤਰੀ ਅਫ਼ਰੀਕੀ ਦੇਸ਼ਾਂ ਵਿਚ ਪੈਦਾ ਹੋਏ ਹਾਲਾਤ ਕੀਮਤਾਂ ਵਿਚ ਵਾਧੇ ਦਾ ਮੁੱਖ ਕਾਰਨ ਬਣੇ। ਇਕ ਸਾਲ ਪਹਿਲਾਂ ਕੱਚੇ ਤੇਲ ਦੀਆਂ ਕੀਮਤਾਂ 82 ਡਾਲਰ ਪ੍ਰਤੀ ਬੈਰਲ ਸਨ। ਤੇਲ ਕੀਮਤਾਂ ਵਿਚ ਵਾਧੇ ਕਾਰਨ ਐਲਬਰਟਾ ਸੂਬੇ ਨੂੰ 600 ਮਿਲੀਅਨ ਡਾਲਰ ਦੀ ਵਾਧੂ ਆਮਦਨ ਹੋ ਸਕਦੀ ਹੈ।

# ਐਲਬਰਟਾ ਸਰਕਾਰ ਨੇ ਈ.ਐਸ. ਸੈਲ ਅਤੇ ਇਮੀਗ੍ਰੈਂਟ ਸੇਵਾਵਾਂ ਵਿਚ ਕੀਤੀ ਕਟੌਤੀ

## *ਆਲੋਚਕਾਂ ਨੇ ਕਿਹਾ, ਸਰਫ਼ੇ ਦੀ ਇਹ ਕਾਰਵਾਈ ਲੰਮੇ ਸਮੇਂ ਨੂੰ ਮੁੱਖ ਰੱਖ ਕੇ ਨਹੀਂ*

ਐਡਮਿੰਟਨ : ਮਜ਼ਦੂਰਾਂ ਦੀ ਕਮੀ ਨੂੰ ਦੂਰ ਕਰਨ ਲਈ ਹੋਰ ਪ੍ਰਵਾਸੀਆਂ ਨੂੰ ਸੂਬੇ ਵਿਚ ਆਉਣ ਦੀ ਖੁਲ੍ਹ ਦੇਣ ਦੀ ਥਾਂ ਐਲਬਰਟਾ ਸਰਕਾਰ ਨੇ ਨਵੇਂ ਆਉਣ ਵਾਲਿਆਂ ਲਈ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਅਤੇ ਵਸਣ ਲਈ ਸਹਾਰੇ ਸਣੇ ਕਈ ਤਰ੍ਹਾਂ ਦੀਆਂ ਸੇਵਾਵਾਂ ਵਿਚ ਕਟੌਤੀ ਦਾ ਫ਼ੈਸਲਾ ਕੀਤਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਕਦਮ ਦੂਰ ਅੰਦੇਸ਼ੀ ਨਾਲ ਨਹੀਂ ਲਿਆ ਗਿਆ ਅਤੇ ਇਸ ਦਾ ਸੱਭ ਤੋਂ ਵੱਧ ਨੁਕਸਾਨ ਅਸੁਰੱਖਿਅਤ ਲੋਕਾਂ ਨੂੰ ਹੋਵੇਗਾ। ਬੀਤੇ ਦਿਨੀ ਪੇਸ਼ ਕੀਤੇ ਬਜਟ ਵਿਚ ਰੁਜ਼ਗਾਰ ਅਤੇ ਇਮੀਗ੍ਰੇਸ਼ਨ ਵਿਭਾਗ ਨੇ ਖ਼ਰਚਿਆਂ ਵਿਚ 8.7 ਮਿਲੀਅਨ ਡਾਲਰ ਦੀ ਕਟੌਤੀ ਦਾ ਫ਼ੈਸਲਾ ਕੀਤਾ, ਜਿਸ ਵਿਚੋਂ 3.4 ਮਿਲੀਅਨ ਡਾਲਰ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਸੇਵਾ ਵਿਚ ਕਟੌਤੀ ਵਜੋਂ ਹੋਣਗੇ। ਇਸੇ ਤਰ੍ਹਾਂ ਸਿਖਿਆ ਵਿਭਾਗ ਨੇ 11 ਮਿਲੀਅਨ ਡਾਲਰ ਦੇ ਗ੍ਰਾਂਟ ਪ੍ਰੋਗਰਾਮ ਵਿਚ ਕਟੌਤੀ ਕਰ ਦਿਤੀ, ਜੋ ਪ੍ਰਵਾਸੀ ਵਿਦਿਆਰਥੀਆਂ ਨੂੰ ਪ੍ਰਭਾਵਤ ਕਰੇਗਾ।

ਐਨ.ਡੀ.ਪੀ. ਦੇ ਐਮ.ਐਲ.ਏ. ਰਸ਼ੇਲ ਨੋਟਲੀ ਦਾ ਕਹਿਣਾ ਸੀ ਕਿ ਇਹ ਕਟੌਤੀ ਵਾਪਸ ਲਈ ਜਾਣੀ ਚਾਹੀਦੀ ਹੈ ਕਿਉਂਕਿ ਪ੍ਰਵਾਸੀਆਂ ਦੀ ਆਬਾਦੀ ਵੱਧ ਰਹੀ ਹੈ ਅਤੇ ਜੇ ਅਸੀਂ ਉਨ੍ਹਾਂ ਨੂੰ ਵਸਣ ਵਿਚ ਸਹਿਯੋਗ ਨਹੀਂ ਕਰਾਂਗੇ ਤਾਂ ਹੋਰ ਸਮੱਸਿਆਵਾਂ ਵਿਚ ਘਿਰ ਜਾਵਾਂਗੇ। ਉਨ੍ਹਾਂ ਕਿਹਾ ਕਿ ਹਾਊਸਿੰਗ ਅਤੇ ਅਰਬਨ ਬਜਟ ਵਿਚ ਕਟੌਤੀ ਵੀ ਨਵੇਂ ਪ੍ਰਵਾਸੀਆਂ ਨੂੰ ਨੁਕਸਾਨ ਪਹੁੰਚਾਵੇਗੀ ਕਿਉਂਕਿ ਉਨ੍ਹਾਂ ਨੂੰ ਰਿਆਇਤੀ ਦਰਾਂ 'ਤੇ ਘਰਾਂ ਦੀ ਲੋੜ ਹੁੰਦੀ ਹੈ। ਇਮੀਗ੍ਰੇਸ਼ਨ ਮੰਤਰੀ ਥਾਮਸ ਲੁਕਾਸਜ਼ੁਕ ਨੇ ਕਿਹਾ ਕਿ ਇਹ ਕਟੌਤੀ ਇਸ ਲਈ ਕੀਤੀ ਗਈ ਹੈ ਕਿਉਂਕਿ ਸੰਘੀ ਸਰਕਾਰ ਨੇ ਆਰਥਕ ਪੈਕੇਜ ਬੰਦ ਕਰ ਦਿਤਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਅੰਗਰੇਜ਼ੀ ਸਿਖਲਾਈ ਪ੍ਰੋਗਰਾਮ 'ਤੇ ਪੈਣ ਵਾਲੇ ਅਸਰ ਨੂੰ ਰੋਕਣ ਲਈ ਹੋਰ ਕਈ ਰਸਤੇ ਹਨ। ਸਾਰੇ ਪ੍ਰਵਾਸੀਆਂ ਲਈ ਇਕ ਕਲਾਸ ਸਥਾਪਤ ਕਰਨੀ ਸਹੀ ਨਹੀਂ। ਲੁਕਾਸਜ਼ੁਕ ਦਾ ਕਹਿਣਾ ਸੀ ਕਿ ਸੀ.ਬੀ.ਸੀ. ਨਾਲ ਭਾਈਵਾਲੀ ਵਾਲੇ ਪ੍ਰੋਗਰਾਮ ਅੰਗਰੇਜ਼ੀ ਸਿੱਖਣ ਵਾਲਿਆਂ ਦੀ ਮਦਦ ਕਰ ਸਕਦੇ ਹਨ।

ਐਲਬਰਟਾ ਦੇ ਸਿਖਿਆ ਵਿਭਾਗ ਦੀ ਤਰਜਮਾਨ ਨੇ ਕਿਹਾ ਕਿ ਸਕੂਲ ਪ੍ਰਣਾਲੀ ਵਿਚ ਈ.ਐਸ. ਸੈਲ ਸਿਖਿਆ ਜਾਰੀ ਰਹੇਗੀ ਪਰ ਵਿਭਾਗ ਵਲੋਂ ਈ.ਐਸ. ਸੈਲ ਪ੍ਰੋਗਰਾਮ ਵਿਚ ਕਟੌਤੀ ਕੀਤੀ ਗਈ ਹੈ। ਕੈਥੀ ਟੈਲਫਰ ਨੇ ਭਰੋਸਾ ਪ੍ਰਗਟਾਇਆ ਕਿ ਸਕੂਲਾਂ ਦੇ ਬੋਰਡ ਪ੍ਰੋਗਰਾਮ ਅਨੁਸਾਰ ਸਿਖਲਾਈ ਦੇਣ ਦੇ ਯੋਗ ਸਾਬਤ ਹੋਣਗੇ ਪਰ ਐਲਬਰਟਾ ਟੀਚਰਜ਼ ਐਸੋਸੀਏਸ਼ਨ ਦੇ ਮੰਨਣਾ ਹੈ ਕਿ ਕਟੌਤੀਆਂ ਨਾਲ ਵਿਦਿਆਰਥੀ ਖ਼ਤਰੇ ਵਿਚ ਪੈ ਜਾਣਗੇ। ਈ.ਐਸ. ਸੈਲ ਪ੍ਰੋਗਰਾਮ ਉਨ੍ਹਾਂ ਵਿਦਿਆਰਥੀਆਂ ਦੀ ਸਹਾਇਤਾ ਲਈ ਬਣਾਇਆ ਗਿਆ ਸੀ ਜੋ ਅਪਣੀ ਭਾਸ਼ਾ ਵੀ ਨਹੀਂ ਜਾਣਦੇ। ਐਸੋਸੀਏਸ਼ਨ ਦੇ ਡੈਨਿਸ ਥਿਓਬਾਲਡ ਨੇ ਕਿਹਾ ਕਿ ਇਹ ਇਕ ਗ਼ਲਤ ਫ਼ੈਸਲਾ ਹੈ, ਅਧਿਆਪਕ ਅਤੇ ਸਕੂਲਾਂ ਦੇ ਬੋਰਡਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਨਜ਼ਰਅੰਦਾਜ਼ ਨਾ ਕਰਨ।

# *ਐਮਰਜੈਂਸੀ ਰੇਡੀਉ ਪ੍ਰਣਾਲੀ ਦੇ ਸੁਧਾਰ ਲਈ 370 ਮਿਲੀਅਨ ਡਾਲਰ ਦੀ ਗ੍ਰਾਂਟ*

ਐਡਮਿੰਟਨ : ਡਰੇਅਟਨ ਵੈਲੀ, ਮੇਅਰਥੌਰਪ, ਯੈਲੋਹੈਡ ਅਤੇ ਪਾਰਕਲੈਂਡ ਕਾਊਂਟੀ ਦੇ ਫ਼ਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਪਿਛਲੇ ਦਿਨੀ ਇਵਾਨਜ਼ਬਰਗ ਵਿਖੇ ਲੱਗੀ ਅੱਗ ਨੂੰ ਬੁਝਾਉਣ ਲਈ ਸਖ਼ਤ ਮਿਹਨਤ ਕੀਤੀ ਪਰ ਉਨ੍ਹਾਂ ਦੇ ਰੇਡੀਉ ਇਕ ਦੂਜੇ ਨਾਲ ਸੰਪਰਕ ਵਿਚ ਨਹੀਂ ਸਨ। ਉਨ੍ਹਾਂ ਨੂੰ ਇਕ ਦੂਜੇ ਨੂੰ ਸੁਨੇਹਾ ਦੇਣ ਲਈ ਕਈ ਕਦਮ ਤੁਰ ਕੇ ਜਾਣਾ ਪੈਂਦਾ ਸੀ ਪਰ ਹੁਣ 370 ਮਿਲੀਅਨ ਡਾਲਰ ਦੇ ਨਿਵੇਸ਼ ਨਾਲ ਇਹ ਸਮੱਸਿਆ ਹੱਲ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਯੈਲੋਹੈਡ ਕਾਊਂਟੀ ਦੇ ਫ਼ਾਇਰ ਬ੍ਰਿਗੇਡ ਵਿਭਾਗ ਦੇ ਉਪ ਮੁਖੀ ਸ਼ੌਨ ਮੈਕਕੈਰੀ ਨੇ ਇਸ ਨੂੰ ਇਕ ਵੱਡਾ ਪ੍ਰਾਜੈਕਟ ਦਸਿਆ। ਭਾਵੇਂ 370 ਮਿਲੀਅਨ ਡਾਲਰ ਦੇ ਫ਼ੰਡਾਂ ਦਾ ਐਲਾਨ ਕਰ ਦਿਤਾ ਗਿਆ ਹੈ ਪਰ ਇਨ੍ਹਾਂ ਦਾ ਪਹੁੰਚਣਾ ਵੀ ਇਕ ਵੱਡਾ ਮੁੱਦਾ ਹੈ। ਪ੍ਰਾਂਤਕ ਫ਼ੰਡਾਂ ਨਾਲ ਇਸ ਪ੍ਰਣਾਲੀ ਨੂੰ ਸਿਰਫ਼ ਸਥਾਪਤ ਕਰਨ ਵਿਚ ਮਦਦ ਮਿਲੇਗੀ। ਹਰ ਮਿਊਂਸਪੈਲਿਟੀ ਵਲੋਂ ਅਜੇ ਵੀ ਰੇਡੀਉ ਉਪਕਰਨ ਖ਼ਰੀਦੇ ਜਾਣੇ ਬਾਕੀ ਹਨ, ਜਿਨ੍ਹਾਂ ਦੀ ਕੀਮਤ 600 ਡਾਲਰ ਤੋਂ 6000 ਹਜ਼ਾਰ ਦੇ ਦਰਮਿਆਨ ਹੈ। ਵੈਗਰਵਿਲੇਅ ਦੇ ਐਮਰਜੈਂਸੀ ਸੇਵਾਵਾਂ ਦੇ ਮੈਨੇਜਰ ਜੇਰੋਲਡ ਲੈਮਕੋ ਨੇ ਕਿਹਾ ਕਿ ਇਹ ਇਕ ਮਹਿੰਗੀ ਯੋਜਨਾ ਹੈ। ਇਕ ਅੰਦਾਜ਼ੇ ਮੁਤਾਬਕ ਹਰੇਕ ਰੇਡੀਉ ਦੀ ਕੀਮਤ 3 ਹਜ਼ਾਰ ਡਾਲਰ ਦੇ ਕਰੀਬ ਹੈ ਅਤੇ ਵੈਗਰਵਿਲੇਅ ਵਿਖੇ ਅਜਿਹੇ 50 ਰੇਡੀਉਜ਼ ਦੀ ਲੋੜ ਹੈ, ਜਿਨ੍ਹਾਂ ਦੀ ਕੀਮਤ 1.50 ਲੱਖ ਡਾਲਰ ਬਣਦੀ ਹੈ। ਅਸੀਂ ਫ਼ਿਲਹਾਲ ਇੰਨੀ ਕੀਮਤ ਅਦਾ ਨਹੀਂ ਕਰ ਸਕਦੇ।

ਐਲਬਰਟਾ ਦੇ ਸਾਲਿਸਟਰ ਜਨਰਲ ਨੇ ਇਹ ਗ੍ਰਾਂਟ ਦੇਣ ਦਾ ਐਲਾਨ ਬੀਤੇ ਦਿਨੀਂ ਕੀਤਾ ਸੀ। ਇਸ ਪੈਸੇ ਦੀ ਵਰਤੋਂ ਨਵੇਂ ਸੰਚਾਰ ਟਾਵਰਾਂ ਦੀ ਉਸਾਰੀ ਜਾਂ ਪੁਰਾਣਿਆਂ ਦੀ ਮੁਰੰਮਤ ਲਈ ਕੀਤੀ ਜਾਵੇਗੀ ਤਾਂ ਕਿ ਐਮਰਜੈਂਸੀ ਵੇਲੇ ਆਪਸ ਵਿਚ ਗੱਲਬਾਤ ਕੀਤੀ ਜਾ ਸਕੇ। 289 ਮਿਲੀਅਨ ਡਾਲਰ ਦਾ ਠੇਕਾ ਹੈਰਿਸ ਸਿਸਟਮਜ਼ ਕੈਨੇਡਾ ਨੂੰ ਜਾਵੇਗਾ ਜਦਕਿ ਬਾਕੀ ਪੈਸਾ ਸੂਬੇ ਵਲੋਂ ਟਾਵਰਾਂ ਲਈ ਜ਼ਮੀਨ ਖ਼ਰੀਦਣ ਅਤੇ ਪ੍ਰਾਜੈਕਟ ਮੈਨੇਜਮੈਂਟ 'ਤੇ ਖ਼ਰਚ ਕੀਤਾ ਜਾਵੇਗਾ। ਇਹ ਪ੍ਰਣਾਵੀ 700 ਵੱਖ ਵੱਖ ਏਜੰਸੀਆਂ ਨੂੰ ਆਪਸ ਵਿਚ ਜੋੜੇਗੀ। ਜਦੋਂ ਇਹ ਪੂਰੀ ਤਰ੍ਹਾਂ ਵਿਕਸਤ ਹੋ ਜਾਵੇਗੀ, ਇਸ ਨੂੰ ਦੱਖਣੀ ਐਲਬਰਟਾ ਵਿਚ ਕੈਲਗਰੀ ਅਤੇ ਬਰੂਕਸ ਦਰਮਿਆਨ ਲਾਇਆ ਜਾਵੇਗਾ। ਇਸਤੋਂ ਬਾਅਦ ਇਸ ਨੂੰ ਪੂਰਬੀ ਅਤੇ ਪੱਛਮੀ ਐਲਬਰਟਾ ਵਿਚ ਲਾਉਣ ਦੀ ਯੋਜਨਾ ਹੈ।

ਮੈਕਕੈਰੀ ਨੇ ਕਿਹਾ ਕਿ ਜੇ ਸਾਰੇ ਵਾਅਦੇ ਪੂਰੇ ਹੁੰਦੇ ਹਨ ਤਾਂ ਇਕ ਸ਼ਾਨਦਾਰ ਪ੍ਰਣਾਲੀ ਸਾਹਮਣੇ ਆਵੇਗੀ ਪਰ ਫਿਰ ਵੀ ਫ਼ੰਡਿੰਗ ਦੀਆਂ ਚਿੰਤਾਵਾਂ ਹਨ। ਯੈਲੋਹੈਡ ਕਾਊਂਟੀ ਨੇ ਕੁੱਝ ਸਾਲ ਪਹਿਲਾਂ ਹੀ ਨਵੇਂ ਉਪਕਰਨ ਖ਼ਰੀਦੇ ਸਨ। ਕੁੱਝ ਗ੍ਰਾਂਟਾਂ ਐਲਬਰਟਾ ਦੇ ਸਥਾਨਕ ਸਰਕਾਰਾਂ ਵਿਭਾਗ ਰਾਹੀਂ ਮੁਹਈਆ ਹੋਣਗੀਆਂ। ਰਾਇਲ ਕੈਨੇਡੀਅਨ ਮਾਊਂਟਡ ਪੁਲਿਸ 1980 ਦੇ ਦਹਾਕੇ ਤੋਂ ਰੇਡੀਉ ਪ੍ਰਣਾਲੀ ਵਰਤ ਰਹੀ ਹੈ। 2005 ਵਿਚ ਦੱਖਣੀ ਐਲਬਰਟਾ ਵਿਚ ਆਏ ਹੜ੍ਹਾਂ ਕਾਰਨ ਤਕਨਾਲੋਜੀ ਵਿਚ ਸੁਧਾਰ ਦਾ ਕੰਮ ਰੁਕ ਗਿਆ ਸੀ। ਕੈਲਗਰੀ ਦੇ ਫ਼ਾਇਰ ਬ੍ਰਿਗੇਡ ਵਿਭਾਗ ਨੂੰ ਹਾਈ ਰਿਵਰ ਵਲ ਭੇਜ ਦਿਤਾ ਗਿਆ ਸੀ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਨੂੰ ਰੇਡੀਉ ਪ੍ਰਣਾਲੀ ਕਾਰਗਰ ਨਹੀਂ ਤਾਂ ਫ਼ਾਇਰ ਬ੍ਰਿਗੇਡ ਮੁਲਾਜ਼ਮਾਂ ਨੂੰ ਹਦਾਇਤਾਂ ਹਾਸਲ ਕਰਨ ਲਈ ਕਮਾਂਡ ਪੋਸਟ ਕੋਲ ਆਉਣ ਲਈ ਮਜਬੂਰ ਹੋਣਾ ਪਿਆ।

# ਮਿਲੇਟ ਦੇ ਕਾਰੋਬਾਰੀ ਵਿਰੁਧ ਧੋਖਾਧੜੀ ਦੇ 97 ਦੋਸ਼ ਲੱਗੇ

ਐਡਮਿੰਟਨ : ਲਈਅਰ ਆਰ.ਵੀ. ਰੈਂਟਲਜ਼ ਲਿਮਟਿਡ ਦੇ ਆਰਨੋਲਡ ਡੌਂਜਲਮੈਨ ਜਿਸ ਨੂੰ ਗਾਹਕਾਂ ਨਾਲ 3 ਮਿਲੀਅਨ ਡਾਲਰ ਦੀ ਜਾਅਲਸਾਜ਼ੀ ਕਰਨ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ, ਉਪਰ ਪੰਜ ਹਜ਼ਾਰ ਡਾਲਰ ਤੋਂ ਵੱਧ ਦੀ ਧੋਖਾਧੜੀ ਦੇ 49 ਅਤੇ 5 ਹਜ਼ਾਰ ਡਾਲਰ ਤੋਂ ਵੱਧ ਦੀ ਚੋਰੀ ਦੇ 48 ਦੋਸ਼ ਲਾਏ ਗਏ ਹਨ। ਐਲਬਰਟਾ ਮੋਟਰ ਵਹੀਕਲ ਇੰਡਸਟਰੀ ਕੌਂਸਲ ਵਲੋਂ ਤਿੰਨ ਸਾਲਾਂ ਤਕ ਕੀਤੀ ਗਈ ਜਾਂਚ ਦੇ ਆਧਾਰ 'ਤੇ ਦੋਸ਼ ਲਾਏ ਗਏ। ਇਹ ਜਥੇਬੰਦੀ ਐਲਬਰਟਾ ਵਿਚ ਆਟੋਮੋਬਾਈਲ ਉਦਯੋਗ ਦੀ ਨੁਮਾਇੰਦਗੀ ਕਰਦੀ ਹੈ। ਕੌਂਸਲ ਦੇ ਕਾਰਜਕਾਰੀ ਡਾਇਰੈਕਟਰ ਬੌਬ ਹੈਮਿਲਟਨ ਨੇ ਕਿਹਾ ਕਿ ਇਹ ਪੜਤਾਲ ਗਾਹਕਾਂ ਦੀ ਸ਼ਿਕਾਇਤਾਂ ਦੇ ਆਧਾਰ 'ਤੇ ਕੀਤੀ ਗਈ। ਕਿਸੇ ਗਾਹਕ ਨੂੰ ਆਰ.ਵੀ. ਵੇਚਣ ਮਗਰੋਂ ਡੌਂਜਲਮੈਨ ਗਾਹਕਾਂ ਤੋਂ ਇਹ ਵਾਹਨ ਕਿਰਾਏ 'ਤੇ ਲੈ ਕੇ ਸਾਲਾਨਾ ਆਮਦਨ ਦੇਣ ਦਾ ਵਾਅਦਾ ਕਰਦਾ ਸੀ ਪਰ ਬਾਅਦ ਵਿਚ ਇਨ੍ਹਾਂ ਨੂੰ ਨਵੇਂ ਗਾਹਕਾਂ ਨੂੰ ਵੇਚ ਦਿੰਦਾ ਸੀ। ਹੈਮਿਲਟਨ ਨੇ ਦਸਿਆ ਕਿ ਇਸ ਪ੍ਰਕਿਰਿਆ ਤਹਿਤ 28 ਲੋਕਾਂ ਨਾਲ 3 ਮਿਲੀਅਨ ਡਾਲਰ ਦੀ ਠੱਗੀ ਮਾਰੀ ਗਈ। 64 ਸਾਲ ਦੇ ਸਟੈਨ ਪਲੈਜ ਨੇ ਕਿਹਾ ਕਿ ਉਸ ਨੇ ਡੌਂਜਲਮੈਨ ਤੋਂ 2 ਆਰ.ਵੀ. ਖ਼ਰੀਦੇ ਸਨ ਅਤੇ ਇਨ੍ਹਾਂ ਨੂੰ ਬਾਅਦ ਵਿਚ ਕਿਰਾਏ 'ਤੇ ਦੇ ਦਿਤਾ ਤਾਂ ਕਿ ਸੇਵਾਮੁਕਤੀ ਪਿਛੋਂ ਜ਼ਿੰਦਗੀ ਸੌਖੇ ਤਰੀਕੇ ਨਾਲ ਕੱਟ ਸਕੇ। ਉਸ ਨੇ ਦਸਿਆ ਕਿ ਪਹਿਲੇ ਸਾਲ ਸੱਭ ਕੁੱਝ ਠੀਕ ਚਲਦਾ ਰਿਹਾ ਪਰ ਫਿਰ ਅਦਾਇਗੀਆਂ ਰੁਕ-ਰੁਕ ਕੇ ਆਉਣ ਲੱਗੀਆਂ, ਜਦੋਂ ਉਹ ਪੱਛਮੀ ਮਿਲੇਟ ਦੇ ਹਾਈਵੇ 616 'ਤੇ ਗਿਆ ਤਾਂ ਉਸ ਦੀ ਇਕ ਹੀ ਆਰ.ਵੀ. ਮੌਜੂਦ ਸੀ ਅਤੇ ਅੰਦਰੂਨੀ ਹਿੱਸਾ ਟੁੱਟਿਆ ਭੱਜਿਆ ਪਿਆ ਸੀ। ਇਸ ਦੀ ਮੁਰੰਮਤ ਉਪਰ ਲਗਭਗ 10 ਹਜ਼ਾਰ ਡਾਲਰ ਖ਼ਰਚ ਹੋਏ। ਪਲੈਜ ਨੂੰ ਅਪਣੀ ਦੂਜੀ ਆਰ.ਵੀ. ਕਦੇ ਵੀ ਨਹੀਂ ਮਿਲੀ ਅਤੇ ਬੈਂਕ ਤੋਂ ਲਿਆ ਕਰਜ਼ ਉਤਾਰਨ ਲਈ ਉਸ ਨੂੰ ਅਪਣਾ ਘਰ ਗਿਰਵੀ ਰੱਖਣਾ ਪਿਆ। ਪਲੈਜ ਨੂੰ ਇਸ ਸੌਦੇ ਨਾਲ ਇਕ ਲੱਖ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਅਤੇ ਕਈ ਵਾਰ ਦਿਲ ਦੇ ਦੌਰੇ ਵੀ ਪਏ। ਪਲੈਜ ਨੇ ਡੌਂਜਲਮੈਨ ਵਿਰੁਧ 2008 ਵਿਚ 4.6 ਮਿਲੀਅਨ ਡਾਲਰ ਦਾ ਮੁਕੱਦਮਾ ਕੀਤਾ ਸੀ, ਜੋ ਅਜੇ ਵੀ ਅਦਾਲਤਾਂ ਵਿਚ ਚਲ ਰਿਹਾ ਹੈ। ਉਸ ਨੇ ਅਪਣੀ ਤਰਸ ਭਰੀ ਕਹਾਣੀ ਸੁਣਾਉਂਦਿਆਂ ਕਿਹਾ ਕਿ ਉਸ ਦੀ ਪਤਨੀ ਨੂੰ ਵੀ ਕਰਜ਼ਾ ਉਤਾਰਨ ਲਈ ਕੰਮ 'ਤੇ ਪਰਤਣਾ ਪਿਆ। ਪਿਛਲੇ ਦਿਨੀ ਜਦੋਂ ਡੌਂਜਲਮੈਨ ਦਾ ਮੁਕੱਦਮਾ ਪ੍ਰਾਂਤਕ ਅਦਾਲਤ ਵਿਚ ਆਇਆ ਤਾਂ ਅਦਾਲਤ ਵਿਚ ਮੌਜੂਦ ਇਕ ਵਿਅਕਤੀ ਨੇ ਕਿਹਾ ਕਿ ਗ੍ਰਿਫ਼ਤਾਰ ਵਿਅਕਤੀ ਡੌਂਜਲਮੈਨ ਨਹੀਂ ਹੈ। ਇਸ ਪਿਛੋਂ ਉਲਝਣ ਵਾਲੀ ਸਥਿਤੀ ਪੈਦਾ ਹੋਣ ਕਾਰਨ ਜੱਜ ਨੇ ਡੌਂਜਲਮੈਨ ਵਿਚ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿਤੇ। ਉਹੀ ਵਿਅਕਤੀ ਕੁੱਝ ਮਿੰਟਾਂ ਬਾਅਦ ਅਦਾਲਤ ਵਿਚ ਪਰਤਿਆ ਅਤੇ ਕਿਹਾ ਕਿ ਅਸਲ ਵਿਚ ਉਹ ਹੀ ਡੌਂਜਲਮੈਨ ਹੈ।

# ਅਲਬਰਟਾ ਵਿਧਾਨ ਸਭਾ ਵਿਖੇ ਵਿਖੇ ਵਿਸਾਖੀ 14 ਅਪ੍ਰੈਲ ਨੂੰ

ਐਡਮਿੰਟਨ (ਨਦਬ) : ਅਲਬਰਟਾ ਵਿਧਾਨ ਸਭਾ ਦੇ ਐਡਮਿੰਟਨ ਸਥਿਤ ਹਾਊਸ ਵਿਖੇ ਵਿਸਾਖੀ ਧੂਮ-ਧਾਮ ਨਾਲ ਮਨਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਮ.ਐਲ.ਏ. ਪੀਟਰ ਸੰਧੂ ਨੇ ਦਸਿਆ ਕਿ ਵਿਸਾਖੀ ਸਮਾਰੋਹ 14 ਅਪ੍ਰੈਲ ਨੂੰ ਸਵੇਰ 11.30 ਵਜੇ ਸ਼ੁਰੂ ਹੋਵੇਗਾ। ਇਸ ਸਮਾਰੋਹ ਵਿੱਚ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਤੋਂ ਇਲਾਵਾ ਪੰਜਾਬੀ ਸਭਿਆਚਾਰਕ ਨੂੰ ਦਰਸਾਉਂਦੇ ਪ੍ਰੋਗਰਾਮ ਵੀ ਪੇਸ਼ ਕੀਤੇ ਜਾਣਗੇ।

# ਵੈਨਕੂਵਰ ਵਿਚ ਛੇ ਔਰਤਾਂ ਨਾਲ ਬਦਸਲੂਕੀ

ਵੈਨਕੂਵਰ, (ਨਦਬ) : ਸ਼ਹਿਰ ਦੇ ਡਾਊਨ ਟਾਊਨ ਈਸਟਸਾਈਡ ਵਿਚ ਛੇ ਔਰਤਾਂ ਦਾ ਜਿਸਮਾਨੀ ਸੋਸ਼ਣ ਕੀਤੇ ਜਾਣ ਦੀ ਘਟਨਾ ਨੇ ਦਿਲ ਕੰਬਾਊ ਮਾਹੌਲ ਪੈਦਾ ਕਰ ਦਿੱਤਾ ਹੈ। ਔਰਤਾਂ ਦੀ ਸਹਾਇਤਾ ਕਰਨ ਵਾਲੀ ਜਥੇਬੰਦੀ ਬੈਟਰਡ ਵੂਮੈਨਜ਼ ਸਪੋਰਟ ਸ਼ੈਲਟਰ ਦੀ ਏਂਜਲਾ ਮੈਰੀ ਮੈਕਡੂਗਲ ਨੇ ਕਿਹਾ ਕਿ "ਜਨਵਰੀ ਵਿਚ ਅਸੀਂ ਰਾਤ ਸਮੇਂ ਆਸਰਾ ਲੈ ਕੇ ਰਹਿਣ ਵਾਲੀਆਂ ਔਰਤਾਂ ਨਾਲ ਜਿਸਮਾਨੀ ਸੋਸ਼ਣ ਦੀਆਂ ਘਟਨਾਵਾਂ ਦੇ ਖ਼ਤਰੇ ਦਾ ਮੁੱਦਾ ਉਠਾਇਆ ਸੀ ਅਤੇ ਪੁਲਿਸ ਨੇ ਛੇ ਔਰਤਾਂ ਨਾਲ ਜਿਸਮਾਨੀ ਸੋਸ਼ਣ ਹੋਣ ਦੀ ਪੁਸ਼ਟੀ ਕੀਤੀ ਹੈ।'' ਉਨ੍ਹਾਂ ਕਿਹਾ ਕਿ ਇਹ ਉਹ ਔਰਤਾਂ ਹਨ ਜੋ ਹਮੇਸ਼ਾ ਖ਼ਤਰੇ ਵਿਚ ਘਿਰੀਆਂ ਰਹਿੰਦੀਆਂ ਹਨ। ਔਰਤਾਂ ਲਈ ਸੁਰੱਖਿਅਤ ਥਾਂ ਬਣਾਏ ਜਾਣ ਦੀ ਲੋੜ ਹੈ।

ਵੈਨਕੂਵਰ ਪੁਲਿਸ ਨੇ ਬਹੁਤ ਜ਼ਿਆਦਾ ਵਾਰਦਾਤਾਂ ਵਾਲੇ ਡਾਊਨ ਟਾਊਨ ਈਸਟਸਾਈਡ ਇਲਾਕੇ ਵਿਚ ਔਰਤਾਂ ਦੀ ਸੁਰੱਖਿਆ ਲਈ ਸਿਸਟਰ ਵਾਚ ਨਾਂ ਦੀ ਪਹਿਲ ਕਦਮੀ ਕੀਤੀ ਸੀ। ਪਰ ਫਿਰ ਵੀ ਉਥੇ ਔਰਤਾਂ ਨਾਲ ਅਜਿਹੀ ਘਟਨਾ ਵਾਪਰਨੀ ਸ਼ਰਮਨਾਕ ਹੈ। ਮੈਕਡੂਗਲ ਨੇ ਕਿਹਾ ਕਿ ਔਰਤਾਂ ਡਰੀਆਂ ਹੋਈਆਂ ਹਨ ਅਤੇ ਉਨ੍ਹਾਂ ਵਿਚ ਕਿਸੇ ਕੋਲ ਪੁਲਿਸ ਕੋਲ ਰੀਪੋਰਟ ਕਰਵਾਉਣ ਕਰਨ ਦੀ ਹਿੰਮਤ ਨਹੀਂ ਸੀ, ਸਿਰਫ਼ ਦੋ ਔਰਤਾਂ ਹੀ ਸ਼ਿਕਾਇਤ ਕਰ ਸਕੀਆਂ ਜਦਕਿ ਬਾਕੀਆਂ ਵਲੋਂ ਡਾਕਟਰੀ ਸਹਾਇਤਾ ਦੇਣ ਵਾਲੇ ਅਮਲੇ ਨੇ ਸ਼ਿਕਾਇਤ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਪਿਛਲੇ ਕਈ ਮਹੀਨਿਆਂ ਤੋਂ ਔਰਤਾਂ ਨਾਲ ਇਹ ਘਟਨਾਵਾਂ ਵਾਪਰਨ ਦਾ ਪਤਾ ਲਗਿਆ ਤਾਂ ਇਹ ਮਾਮਲਾ ਫ਼ਸਟ ਯੂਨਾਈਟਿਡ ਚਰਚ ਨਾਲ ਵਿਚਾਰਿਆ ਗਿਆ ਪਰ ਉਨ੍ਹਾਂ ਦਾ ਰਵੱਈਆ ਹੁੰਗਾਰੇ ਵਾਲਾ ਨਹੀਂ ਸੀ। ਔਰਤਾਂ ਦੀਆਂ ਜਥੇਬੰਦੀਆਂ ਦੇ ਸਮੂਹ ਦੇ ਗਠਜੋੜ ਜਿਸ ਵਿਚ ਬੀ.ਡਬਲਯੂ.ਐਸ.ਐਸ., ਵਿਸ਼ ਡਰਾਪ ਇਨ ਸੈਂਟਰ ਅਤੇ ਪਾਵਰ ਆਫ਼ ਵੂਮੈਨ ਵੀ ਸ਼ਾਮਲ ਹਨ, ਨੇ ਵੀ.ਪੀ.ਡੀ. ਦੇ ਮੁਖੀ ਜਿੰਮ ਚੂਅ ਅਤੇ ਹੋਰਨਾਂ ਉਚ ਅਧਿਕਾਰੀਆਂ ਨਾਲ ਮੁਲਾਕਾਤ ਕਰ ਕੇ ਇਸ ਸਮੱਸਿਆ ਬਾਰੇ ਵਿਚਾਰ ਵਟਾਂਦਰਾ ਕੀਤਾ। ਵੀ.ਪੀ. ਡੀ. ਵਲੋਂ ਨਸ਼ੀਲੀਆਂ ਦਵਾਈਆਂ ਦੇ ਤਸਕਰਾਂ ਜਾਂ ਹੋਰ ਹਮਲਾਵਰਾਂ ਵਲੋਂ ਔਰਤਾਂ ਵਿਰੁਧ ਕੀਤੀ ਜਾਂਦੀ ਹਿੰਸਾ ਨੂੰ ਰੋਕਣ ਲਈ ਯੋਜਨਾ ਅਰੰਭੀ ਗਈ ਹੈ। ਮੈਕਡੂਗਲ ਨੇ ਦਸਿਆ ਕਿ ਜਿਥੇ ਔਰਤਾਂ ਆਸਰਾ ਲੈਂਦੀਆਂ ਹਨ ਉਹ ਇਕ ਵੱਡਾ ਕਮਰਾ ਹੁੰਦਾ ਹੈ ਜਿਸ ਵਿਚ ਕਾਫੀ ਭੀੜ ਹੁੰਦੀ ਹੈ। ਬੇਘਰ ਔਰਤਾਂ ਨੂੰ ਆਸਰਾ ਦੇਣ ਦਾ ਇਹ ਤਰੀਕਾ ਸਹੀ ਨਹੀਂ, ਇਸ ਵਿਚ ਸੁਧਾਰ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਭਵਿੱਖ ਵਿਚ ਇਹ ਘਟਨਾਵਾਂ ਨਾ ਵਾਪਰਨ।

## ਪਤਨੀ ਨੂੰ ਬੋਨਟ 'ਤੇ ਬਿਠਾ ਕੇ 64 ਕਿਲੋਮੀਟਰ ਵੈਨ ਭਜਾਈ

ਲਾਸ ਏਂਜਲਸ, (ਨਦਬ) : ਅਮਰੀਕਾ ਵਿਚ ਇਕ ਵਿਅਕਤੀ ਅਪਣੀ ਪਤਨੀ ਨੂੰ ਮਿੰਨੀ ਵੈਨ ਦੇ ਬੋਨਟ 'ਤੇ ਬਿਠਾ ਕੇ 160 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ 64 ਕਿਲੋਮੀਟਰ ਤਕ ਲੈ ਗਿਆ। ਪੁਲਿਸ ਨੇ ਦਸਿਆ ਕਿ ਕੈਲੇਫ਼ੋਰਨੀਆ ਮਨਟੈਕਸਾ ਸ਼ਹਿਰ ਦੀ ਇਹ ਔਰਤ ਅਪਣੇ ਪਤੀ ਨੂੰ ਕਾਰ ਚਲਾਉਣ ਤੋਂ ਰੋਕਣਾ ਚਾਹੁੰਦੀ ਸੀ ਪਰ ਕ੍ਰਿਸਟੋਫ਼ਰ ਕੈਰੋਲ ਨੇ ਇਸ ਗੱਲ ਦੀ ਪ੍ਰਵਾਹ ਕੀਤੇ ਬਗੈਰ ਕਿ ਪਤਨੀ ਬੋਨਟ 'ਤੇ ਬੈਠੀ ਹੈ, ਮਿੰਨੀ ਵੈਨ ਭਜਾ ਲਈ। ਪੁਲਿਸ ਦੇ ਬੁਲਾਰੇ ਬਰੈਸ ਓਸਬੋਰਨ ਨੇ ਦਸਿਆ ਕਿ ਉਹ ਔਰਤ ਦੀ ਪਛਾਣ ਨਹੀਂ ਦਸ ਸਕਦੇ ਕਿਉਂਕਿ ਉਹ ਔਰਤ ਘਰੇਲੂ ਹਿੰਸਾ ਦੀ ਪੀੜਤ ਹੈ। ਪੁਲਿਸ ਮੁਤਾਬਕ ਇਹ ਔਰਤ ਉਸ ਸਮੇਂ ਕਾਰ ਦੇ ਬੋਨਟ ਤੋਂ ਹੇਠਾਂ ਡਿਗੀ ਜਦੋਂ ਕੈਰੋਲ ਨੇ ਰਫ਼ਤਾਰ ਕੁੱਝ ਘੱਟ ਕੀਤੀ।

# ਅਨਮੋਲ ਨਾਗਰਾ ਨੇ ਕੁਸ਼ਤੀ ਮੁਕਾਬਲਿਆਂ 'ਚ ਸੋਨ ਤਮਗਾ ਹਾਸਲ ਕੀਤਾ



ਸਨ ਤਮਗਾ ਹਾਸਲ ਕਰਨ ਸਮਂ ਅਨਮਲ ਨਾਗਰਾ।

ਐਡਮਿੰਟਨ, (ਲਾਟ ਭਿੰਡਰ) : ਅਲਬਰਟਾ ਸੂਬੇ ਦੇ ਸਾਰੇ ਹਾਈ ਸਕੂਲਾਂ ਦੇ ਸਾਲਾਨਾ ਕੁਸ਼ਤੀ ਮੁਕਾਬਲਿਆਂ (82 ਕਿਲੋਗ੍ਰਾਮ ਭਾਰ ਵਰਗ) ਵਿੱਚ ਵੱਖ ਵੱਖ ਸਕੂਲਾਂ ਦੇ ਖਿਡਾਰੀਆਂ ਨਾਲ ਘੁਲ ਕੇ ਪੰਜਾਬੀਆਂ ਦੀ ਸ਼ਾਨ 18 ਸਾਲਾਂ ਦੇ ਅਨਮੋਲ ਨਾਗਰਾ ਨੇ ਸਾਰੇ ਹੀ ਮੁਕਾਬਲੇ ਜਿੱਤ ਕੇ ਸੋਨ ਤਮਗੇ 'ਤੇ ਆਪਣਾ ਨਾਮ ਲਿਖਿਆ। ਇਹ ਮੁਕਾਬਲੇ 2 ਦਿਨ ਲਗਾਤਾਰ ਐਡਮਿੰਟਨ ਦੇ ਨਾਲ ਲਗਦੇ ਸ਼ਹਿਰ ਸਟੋਨੀਪਲੇਨ ਦੇ ਮੈਮੋਰੀਅਲ ਹਾਈ ਸਕੂਲ ਦੇ ਜ਼ਿਮਨੇਜ਼ੀਅਮ ਵਿੱਚ ਹੋਏ। ਪੂਰੇ ਸੂਬੇ ਭਰ ਵਿੱਚੋਂ ਵੱਖ ਵੱਖ ਭਾਰ ਵਰਗ ਵਿੱਚ ਸੈਂਕੜੇ ਖਿਡਾਰੀਆਂ ਨੇ ਭਾਗ ਲਿਆ। ਜਦੋਂ ਅਨਮੋਲ ਨਾਗਰਾ ਆਪਣੇ ਪੜਾਵਾਂ ਵਿੱਚੋਂ ਦੀ ਲੰਘਦਾ ਵਿਰੋਧੀ ਖਿਡਾਰੀ ਨੂੰ ਚਿਤ ਕਰ ਰਿਹਾ ਸੀ ਤਾਂ ਉਥੇ ਪਹੁੰਚੇ ਗੋਰੇ ਦਰਸ਼ਕ ਨਾਗਰਾ ਦੀ ਜਿੱਤ ਦੀ ਖੁਸ਼ੀ ਵਿੱਚ ਤਾੜੀਆਂ ਵਜਾ ਰਹੇ ਸਨ। 'ਨਵੀਂ ਦੁਨੀਆ' ਨਾਲ ਗੱਲਬਾਤ ਦੌਰਾਨ ਅਨਮੋਲ ਦੇ ਪਿਤਾ ਸਰਬਜੀਤ ਨਾਗਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਹੋਣਹਾਰ ਸਪੁੱਤਰ ਤੋਂ ਬਹੁਤ ਵੱਡੀਆਂ ਆਸਾਂ ਹਨ ਅਤੇ ਉਹ ਅਨਮੋਲ ਨੂੰ ਅੰਤਰ ਰਾਸ਼ਟਰੀ ਪੱਧਰ ਦਾ ਪਹਿਲਵਾਨ ਬਣਾਉਣ ਵਿੱਚ ਪੂਰਾ ਜ਼ੋਰ ਲਗਾਉਣਗੇ। ਕੋਚ ਜਗਤ ਸਿੰਘ ਨੇ ਆਉਂਦੇ ਸਾਲਾਂ ਵਿੱਚ ਅਨਮੋਲ ਵੱਲੋਂ ਵੱਡੀ ਪ੍ਰਾਪਤੀ ਦਾ ਦਾਅਵਾ ਕੀਤਾ। ਜ਼ਿਕਰਯੋਗ ਹੈ ਕਿ ਅਨਮੋਲ 2007 ਵਿੱਚ ਆਪਣੇ ਪਿਤਾ ਸਰਬਜੀਤ ਸਿੰਘ ਨਾਗਰਾ ਅਤੇ ਮਾਤਾ ਪਰਮਜੀਤ ਕੌਰ ਨਾਗਰਾ ਨਾਲ ਪੱਕੇ ਤੌਰ 'ਤੇ ਕੈਨੇਡਾ ਆ ਵਸਿਆ ਸੀ। ਅਨਮੋਲ ਹੁਣ ਤਕ 12 ਰਾਜ ਪੱਧਰੀ ਮੁਕਾਬਲਿਆਂ ਵਿੱਚ ਸੋਨ ਤਮਗੇ ਜਿੱਤ ਚੁੱਕਾ ਹੈ।

# ਚੋਣਾਂ 'ਚ ਬਲਾਕ ਕਿਊਬੈਕ ਉਠਾਵੇਗਾ ਖੁਦਮੁਖ਼ਤਿਆਰੀ ਦਾ ਮੁੱਦਾ

ਮਾਂਟਰੀਅਲ, (ਨਦਬ) : ਬਲਾਕ ਕਿਊਬੈਕ ਦੇ ਆਗੂ ਗਿਲਜ਼ ਡਿਊਸੇਪੇ ਨੇ ਆਖਿਆ ਹੈ ਕਿ ਇਹ ਇਲਜ਼ਾਮ ਗਲਤ ਹਨ ਕਿ ਉਨ੍ਹਾਂ ਦੀ ਪਾਰਟੀ ਫੈਡਰਲ ਚੋਣਾਂ ਵਿੱਚ ਵਧੇਰੇ ਵੋਟਾਂ ਹਾਸਲ ਕਰਨ ਲਈ ਕਿਊਬਿਕ ਦੀ ਖੁਦਮੁਖ਼ਤਿਆਰੀ ਦੇ ਮੁੱਦੇ ਨੂੰ ਨਹੀਂ ਉਠਾ ਰਹੀ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਪਾਰਟੀ ਨੇ ਖੁਦਮੁਖ਼ਤਿਆਰੀ ਦਾ ਮੁੱਦਾ ਵਿਸਾਰਿਆ ਨਹੀਂ ਹੈ। ਡਿਊਸੇਪੇ ਨੇ ਆਖਿਆ ਕਿ ਸਾਡੀ ਪਾਰਟੀ ਖੁਦਮੁਖ਼ਤਿਆਰੀ ਦੇ ਹੱਕ ਵਿੱਚ ਭੁਗਤਣ ਵਾਲੀ ਪਾਰਟੀ ਹੈ ਤੇ ਆਪਣੇ ਹਰੇਕ ਭਾਸ਼ਣ ਵਿੱਚ ਉਹ ਖੁਦਮੁਖ਼ਤਿਆਰੀ ਦੀ ਗੱਲ ਕਰਦੇ ਹਨ। ਡਿਊਸੇਪੇ ਨੇ ਆਖਿਆ ਕਿ ਲੋਕ ਉਨ੍ਹਾਂ ਦੇ ਮੰਸ਼ੇ ਤੋਂ ਭਲੀ ਭਾਂਤ ਜਾਣੂ ਹਨ। ਉਨ੍ਹਾਂ ਆਖਿਆ ਕਿ ਹਰ ਕੋਈ ਜਾਣਦਾ ਹੈ ਕਿ ਸਿਆਸੀ ਨਕਸ਼ੇ ਉੱਤੇ ਪਾਰਟੀ ਕਿੱਥੇ ਖੜ੍ਹਦੀ ਹੈ ਤੇ ਅਸੀਂ ਕਿਸੇ ਤੋਂ ਕੋਈ ਗੱਲ ਨਹੀਂ ਲੁਕੋ ਰਹੇ।

# ਨੇਪਾਲ ਦਾ ਸਾਬਕਾ ਰਾਜਕੁਮਾਰ ਅਦਾਲਤ ਪੁੱਜਿਆ

ਕਾਠਮੰਡੂ, (ਨਦਬ) : ਨੇਪਾਲ ਦੇ ਸਾਬਕਾ ਰਾਜਕੁਮਾਰ ਨੂੰ ਸ਼ਰਾਬੀ ਹਾਲਤ ਵਿਚ ਅਪਣੀ ਬੰਦੂਕ ਰਾਹੀਂ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਅਦਾਲਤ ਵਿਚ ਪੇਸ਼ ਹੋਣ ਪਿਆ ਹੈ। ਭਰਤਪੁਰ ਕਸਬੇ ਦੀ ਅਦਾਲਤ ਵਿਚ ਸੁਣਵਾਈ ਲਈ ਪੁੱਜੇ ਪਾਰਸ ਸ਼ਾਹ ਦੇ ਸਵਾਗਤ ਲਈ ਇਕ ਹਜ਼ਾਰ ਤੋਂ ਵੱਧ ਲੋਕ ਇਕੱਠੇ ਹੋ ਗਏ ਪਰ ਉਸ ਨੇ ਨਾ ਤਾਂ ਮੀਡੀਆ ਨਾਲ ਕੋਈ ਗੱਲ ਕੀਤੀ ਅਤੇ ਨਾ ਹੀ ਲੋਕਾਂ ਨੂੰ ਕੋਈ ਹੁੰਗਾਰਾ ਦਿੱਤਾ। ਪਾਰਸ ਸ਼ਾਹ ਨੂੰ ਪਿਛਲੇ ਸਾਲ 11 ਦਸੰਬਰ ਨੂੰ ਚਿਟਵਾਂ ਦੇ ਸੈਰ ਸਪਾਟਾ ਕੇਂਦਰ ਵਿਖੇ ਵੀ ਬਹਿਸਬਾਜ਼ੀ ਦੀ ਘਟਨਾ ਪਿਛੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਪਰ ਬਾਅਦ ਵਿਚ ਦਸ ਹਜ਼ਾਰ ਰੁਪਏ ਦੀ ਜ਼ਮਾਨਤ 'ਤੇ ਰਿਹਾ ਕਰ ਦਿਤਾ ਗਿਆ।

# ਭਾਰਤ ਦੁਨੀਆ ਦਾ ਸੱਭ ਤੋਂ ਵੱਡਾ ਹਥਿਆਰ ਖਰੀਦਣ ਵਾਲਾ ਦੇਸ਼ ਬਣਿਆ

ਲੰਡਨ, (ਨਦਬ) : ਭਾਰਤ ਦੁਨੀਆ ਵਿਚ ਹਥਿਆਰਾਂ ਦਾ ਸੱਭ ਤੋਂ ਵੱਡਾ ਦਰਾਮਦਕਾਰ ਦੇਸ਼ ਬਣ ਗਿਆ ਹੈ। ਸਵੀਡਨ ਦੇ ਥਿੰਕ ਟੈਂਕ ਐਸ.ਆਈ.ਪੀ.ਆਰ.ਆਈ. ਦੀ ਰੀਪੋਰਟ ਮੁਤਾਬਕ ਦੁਨੀਆ ਦੇ ਪੰਜ ਵੱਡੇ ਹਥਿਆਰ ਦਰਾਮਦਕਾਰ ਦੇਸ਼ਾਂ ਵਿਚੋਂ ਚਾਰ ਏਸ਼ੀਆਈ ਦੇਸ਼ ਹਨ ਅਤੇ ਭਾਰਤ ਸੱਭ ਤੋਂ ਅੱਗੇ ਹੈ। ਪਿਛਲੇ ਪੰਜ ਸਾਲਾਂ ਦੌਰਾਨ ਭਾਰਤ ਨੇ ਵੱਡੇ ਪੱਧਰ 'ਤੇ ਹਥਿਆਰਾਂ ਦੀ ਖ਼ਰੀਦ ਕੀਤੀ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਰੀਪੋਰਟ ਵਿਚ ਕਿਹਾ ਗਿਆ ਕਿ 2006 ਤੋਂ 2010 ਦਰਮਿਆਨ ਭਾਰਤ ਨੇ ਹਥਿਆਰਾਂ ਦੀ ਕੁਲ ਦਰਾਮਦ ਵਿਚੋਂ 82ਫ਼ੀ ਸਦੀ ਰੂਸ ਤੋਂ ਖ਼ਰੀਦ ਕੀਤੀ। ਪਿਛਲੇ ਪੰਜ ਸਾਲਾਂ ਵਿਚ ਭਾਰਤ ਦੇ ਹਥਿਆਰਾਂ ਦੀ ਦਰਾਮਦ ਵਿਚ 71ਫ਼ੀ ਸਦੀ ਵਾਧਾ ਹੋਇਆ। ਭਾਰਤ ਵਲੋਂ ਹਥਿਆਰਾਂ ਦੀ ਖ਼ਰੀਦ ਪਿਛੇ ਕਈ ਤੱਥ ਜ਼ਿੰਮੇਵਾਰ ਹਨ।

ਇਸ ਬਾਰੇ ਐਸ.ਆਈ.ਪੀ.ਆਰ.ਆਈ. ਦੇ ਸਾਈਮਨ ਵੇਜ਼ਮੈਨ ਨੇ ਦਸਿਆ ਕਿ ਪਾਕਿਸਤਾਨ ਅਤੇ ਚੀਨ ਨਾਲ ਦੁਸ਼ਮਣੀ ਅਤੇ ਅੰਦਰੂਨੀ ਸੁਰੱਖਿਆ ਹਾਲਾਤ ਦੀਆਂ ਚੁਣੌਤੀਆਂ ਹਥਿਆਰਾਂ ਦੀ ਖ਼ਰੀਦ ਪਿਛੇ ਵੱਡਾ ਕਾਰਨ ਹਨ। ਚੀਨ ਅਤੇ ਦਖਣੀ ਕੋਰੀਆ ਨੂੰ ਹਥਿਆਰਾਂ ਦੀ ਦਰਾਮਦ ਦੇ ਮਾਮਲੇ ਵਿਚ ਸਾਂਝੇ ਤੌਰ 'ਤੇ ਦੂਜਾ ਸਥਾਨ ਮਿਲਿਆ ਜਦਕਿ ਤੀਜੇ ਸਥਾਨ 'ਤੇ ਪਾਕਿਸਤਾਨ ਰਿਹਾ। ਪਾਕਿਸਤਾਨ ਦੀ ਹਥਿਆਰਾਂ ਦੀ ਖ਼ਰੀਦ ਦਾ 45ਫ਼ੀ ਸਦੀ ਹਿੱਸਾ ਲੜਾਕੂ ਜਹਾਜ਼ਾਂ ਵਿਚ ਚਲਿਆ ਜਾਂਦਾ ਹੈ, ਜੋ ਚੀਨ ਅਤੇ ਅਮਰੀਕਾ ਦੋਹਾਂ ਤੋਂ ਜਹਾਜ਼ ਖ਼ਰੀਦ ਰਿਹਾ ਹੈ। ਪਿਛਲੇ ਪੰਜ ਸਾਲਾਂ ਦੌਰਾਨ ਪਾਕਿਸਤਾਨ ਦੀ ਹਥਿਆਰਾਂ ਦੀ ਖ਼ਰੀਦ 128 ਫੀ ਸਦੀ ਵਧੀ।

ਸੰਯੁਕਤ ਰਾਸ਼ਟਰ ਵਲੋਂ ਸਤੰਬਰ 2003 ਵਿਚ ਲੀਬੀਆ 'ਤੇ ਹਥਿਆਰਾਂ ਦੀ ਖ਼ਰੀਦ ਸਬੰਧੀ ਲਾਈ ਪਾਬੰਦੀ ਹਟਾਉਣ ਪਿਛੋਂ ਬਰਤਾਨੀਆ, ਫ਼ਰਾਂਸ, ਇਟਲੀ ਅਤੇ ਰੂਸ ਵਰਗੇ ਦੇਸ਼ ਮੁਅੰਮਰ ਗੱਦਾਫ਼ੀ ਤੋਂ ਹਥਿਆਰਾਂ ਦੇ ਆਰਡਰ ਲੈਣ ਲਈ ਦੌੜ ਵਿਚ ਸ਼ਾਮਲ ਹੋਏ। 2006 ਤੋਂ 2010 ਦਰਮਿਆਨ ਮਿਸਰ ਨੇ ਹਥਿਆਰਾਂ ਦੀ ਦਰਾਮਦ ਦਾ 60 ਫ਼ੀ ਸਦੀ ਹਿੱਸਾ ਅਮਰੀਕਾ ਤੋਂ ਹਾਸਲ ਕੀਤਾ, ਜਿਨ੍ਹਾਂ ਵਿਚ ਐਮ-1ਏ ਟੈਂਕ ਅਤੇ ਐਮ.-113 ਬਖ਼ਤਰਬੰਦ ਗੱਡੀਆਂ ਸ਼ਾਮਲ ਹਨ।

# ਬਾਗੜੀ ਨੇ ਕੈਨੇਡਾ ਸਰਕਾਰ ਵਿਰੁੱਧ ਦਾਅਵਾ ਠੋਕਿਆ

ਵੈਨਕੂਵਰ, (ਨਦਬ) : ਕਨਿਸ਼ਕ ਬੰਬ ਕਾਂਡ ਦੇ ਕੇਸ 'ਚ ਰਿਹਾਅ ਕੀਤੇ ਗਏ ਅਜਾਇਬ ਸਿੰਘ ਬਾਗੜੀ ਨੇ ਆਪਣੇ ਅਕਸ ਨੂੰ ਲੱਗੀ ਢਾਹ ਅਤੇ ਪਏ ਬੇਲੋੜੇ ਕਾਨੂੰਨੀ ਖਰਚਿਆਂ ਲਈ ਸੰਘੀ ਤੇ ਸੂਬਾਈ ਨਿਆਂ ਵਿਭਾਗਾਂ ਵਿਰੁੱਧ ਦਾਅਵਾ ਕਰਨ ਦਾ ਫੈਸਲਾ ਕੀਤਾ ਹੈ। ਮੀਡੀਆ ਰਿਪੋਰਟ ਅਨੁਸਾਰ, ਅਜਾਇਬ ਸਿੰਘ ਬਾਗੜੀ ਨੇ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ 'ਚ ਸਿਵਲ ਦਾਅਵਾ ਪਾਇਆ ਹੈ ਤੇ 23 ਜੂਨ 1985 ਨੂੰ ਹੋਏ ਹਵਾਈ ਧਮਾਕੇ ਲਈ ਆਪਣੀ ਗ੍ਰਿਫਤਾਰੀ ਤੇ ਮੁਕੱਦਮੇਬਾਜ਼ੀ 'ਤੇ ਕਿੰਤੂ ਕੀਤਾ ਹੈ। ਇਸ ਬੰਬ ਕਾਂਡ 'ਚ 329 ਲੋਕ ਮਾਰੇ ਗਏ ਸਨ। ਉਸੇ ਦਿਨ ਟੋਕੀਓ ਦੇ ਨਾਰੀਤਾ ਹਵਾਈ ਅੱਡੇ 'ਤੇ ਵੀ ਹੋਏ ਧਮਾਕਿਆਂ 'ਚ ਦੋ ਵਿਅਕਤੀ ਮਾਰੇ ਗਏ ਸਨ। ਕੈਮਲੂਪਸ ਵਿਚ ਪਾਏ ਦਾਅਵੇ 'ਚ ਕਿਹਾ ਗਿਆ ਹੈ ਕਿ ਇਸ ਮੁਕੱਦਮੇ ਦੌਰਾਨ ਉਹਨੂੰ ਆਪ ਵੀ ਇਸ 'ਤੇ ਪੈਸਾ ਖਰਚਣਾ ਪਿਆ ਤੇ ਆਪਣੇ ਬਚਾਅ ਲਈ ਪੈਸਾ ਉਧਾਰ ਵੀ ਲੈਣਾ ਪਿਆ। ਇਸ ਦੇ ਨਾਲ ਹੀ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਬਾਗੜੀ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੋਈ ਕਿਉਂਕਿ ਕੈਨੇਡਾ ਦੀ ਸਕਿਓਰਿਟੀ ਇੰਟੈਲੀਜੈਂਸ ਨੇ ਇਸ ਸਬੰਧ 'ਚ ਖੁਫੀਆ ਤੌਰ 'ਤੇ ਰਿਕਾਰਡ ਕੀਤੀ ਗਈ ਗੱਲਬਾਤ ਤੇ ਇਕ ਗਵਾਹ ਦੀ ਇੰਟਰਵਿਊ ਦਾ ਰਿਕਾਰਡ ਖਤਮ ਕਰ ਦਿੱਤਾ ਸੀ। ਇਸ ਦਾਅਵੇ 'ਚ ਇਹ ਨੁਕਤਾ ਪੇਸ਼ ਕੀਤਾ ਗਿਆ ਹੈ ਕਿ ਸੀ.ਐਸ.ਆਈ. ਐਸ. ਨੇ ਤਲਵਿੰਦਰ ਸਿੰਘ ਪਰਮਾਰ ਦੀ ਹੋਰਾਂ ਨਾਲ ਹੁੰਦੀ ਰਹੀ ਨਿੱਜੀ ਗੱਲਬਾਤ ਖੁਫੀਆ ਤੌਰ ਤੇ ਰਿਕਾਰਡ ਕੀਤੀ ਸੀ, ਪਰ ਮਗਰੋਂ ਸੀ.ਐਸ.ਆਈ.ਐਸ. ਨੇ ਹੀ ਇਹ ਸਾਰਾ ਰਿਕਾਰਡ ਨਸ਼ਟ ਕਰ ਦਿੱਤਾ ਸੀ। ਪਰਮਾਰ, ਜਿਸ ਨੂੰ ਇਸ ਬੰਬ ਕਾਂਡ ਸਾਜ਼ਿਸ਼ ਦਾ ਮੁੱਖ ਧੁਰਾ ਮੰਨਿਆ ਗਿਆ ਸੀ, 1992 'ਚ ਭਾਰਤ 'ਚ ਪੰਜਾਬ ਪੁਲੀਸ ਨਾਲ ਹੋਏ ਮੁਕਾਬਲੇ 'ਚ ਮਾਰਿਆ ਗਿਆ ਸੀ।

# ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ



ਕੈਲਗਰੀ, (ਨਦਬ) : ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨ ਦੇ ਹਾਲ ਕਮਰੇ ਵਿਚ ਕਸ਼ਮੀਰਾ ਸਿੰਘ ਚਮਨ ਅਤੇ ਸਲਾਹੁਦੀਨ ਸਬਾ ਸ਼ੇਖ਼ ਦੀ ਪ੍ਰਧਾਨਗੀ ਵਿਚ ਹੋਈ। ਜੱਸ ਚਾਹਲ ਨੇ ਸਟੇਜ ਸਕੱਤਰ ਦੀਆਂ ਜ਼ਿੰਮੇਂਵਾਰੀਆਂ ਨਿਭਾਉਂਦੇ ਹੋਏ ਸਭ ਤੋਂ ਪਹਿਲਾਂ ਜਸਵੀਰ ਸਿੰਘ ਸਿਹੋਤਾ ਨੂੰ ਪਿਛਲੇ ਮਹੀਨੇ ਦੀ ਰਿਪੋਰਟ ਪੜ੍ਹਨ ਲਈ ਸੱਦਿਆ ਜੋ ਕੇ ਸਭ ਵਲੋਂ ਪਰਵਾਨ ਕੀਤੀ ਗਈ। ਸ਼ੁਰੂਆਤ ਮੋਹਨ ਸਿੰਘ ਮਿਨਹਾਸ ਨੇ 'ਬੈਸਟ ਯੀਅਰਸ ਔਫ ਮਾਈ ਲਾਈਫ' ਵਿਸ਼ੇ ਤੇ ਬੋਲਦੇ ਹੋਏ ਕੀਤੀ। ਤਰਸੇਮ ਸਿੰਘ ਪਰਮਾਰ ਨੇ ਮਲਕੀਯਤ ਸੋਹਲ ਦੀ ਰਚਨਾ 'ਸੇਵਾ ਮੁਕਤੀ' ਸਾਂਝੀ ਕੀਤੀ। ਬੀਬੀ ਸੁਰਿੰਦਰ ਗੀਤ ਨੇ ਆਜ਼ਾਦੀ ਤੇ ਲਿਖੀ ਕਵਿਤਾ ਸੁਣਾਈ -'ਨਹੀਂ ਨਹੀਂ ਇਹ ਉਹ ਆਜ਼ਾਦੀ ਨਹੀਂ, ਜੋ ਸਾਡੇ ਸੁਪਨਿਆਂ ਚ ਆਉਂਦੀ ਰਹੀ, ਸਾਨੂੰ ਫ਼ਾਂਸੀ ਦੇ ਤਖ਼ਤਿਆਂ ਤੇ ਲਟਕਾਉਂਦੀ ਰਹੀ'। ਹਰਸੁਖਵੰਤ ਸਿੰਘ ਸ਼ੇਰਗਿਲ ਨੇ ਆਪਣੀ ਕਹਾਣੀ 'ਜਦੋਂ ਮੈਂ ਮਰਿਆ' ਰਾਹੀਂ ਸਮਾਜਿਕ ਢਕੋਸਲਿਆਂ ਦੀ ਅਸਲੀਅਤ ਹਲਕੇ-ਫੁਲਕੇ ਅੰਦਾਜ਼ ਵਿਚ ਬਿਆਨ ਕੀਤੀ। ਕੇ.ਐਨ. ਮਹਿਰੋਤਰਾ ਨੇ ਆਪਣੀ ਹਿੰਦੀ ਕਵਿਤਾ ਪੜੀ। ਪ੍ਰਭਦੇਵ ਸਿੰਘ ਗਿੱਲ ਨੇ ਇਸ ਪ੍ਰਭਾਵਸ਼ਾਲੀ ਕਵਿਤਾ ਨਾਲ ਹਾਜ਼ਰੀ ਲਗਵਾਈ 'ਮੱਥੇ ਦਾ ਬਾਲ ਕੇ ਦੀਵਾ, ਉਮਰ ਭਰ ਚੁੱਰਸਤੇ ਖੜਾ ਰਿਹਾ।' ਚੰਦ ਸਿੰਘ ਸਦਿਓੜਾ ਨੇ ਸੰਤ ਰਾਮ ਉਦਾਸੀ ਦੀ ਕਵਿਤਾ 'ਗੁਰੂ ਨਾਨਕ ਤੇ ਅੱਜ' ਸੁਣਾਈ। 'ਸੀਤਲ' ਪੰਨੂ ਨੇ ਰੁਬਾਇਆਂ ਸੁਣਾਈਆ । ਜਸਵੀਰ ਸਿੰਘ ਸਿਹੋਤਾ ਨੇ 'ਵੀਰਾਂ ਨਾਲ ਭੈਣਾਂ ਦੀ ਪ੍ਰੀਤ ਵਖਰੀ' ਕਵਿਤਾ ਸੁਣਾਈ। ਗੁਰਚਰਨ ਕੌਰ ਥਿੰਦ ਨੇ ਕਵਿਤਾ 'ਉਡੀਕ' ਨਾਲ ਸਭ ਨੂੰ ਮੋਹ ਲਿਆ। ਕਸ਼ਮੀਰਾ ਸਿੰਘ ਚਮਨ ਦੋ ਗਜ਼ਲਾਂ ਗਾ ਕੇ ਸੁਣਾਈਆ। ਹਰਦਿਆਲ ਸਿੰਘ ਮਾਨ ਨੇ ਦੱਸਿਆ ਕਿ ਕੋਸੋ ਕਮੇਟੀ ਇਸ ਹਾਲ ਨੂੰ ਵੇਚਕੇ ਜਲਦੀ ਹੀ ਇਕ ਵੱਡੇ ਹਾਲ ਵਾਲੀ ਬਿਲਡਿੰਗ ਲੈਣ ਦੀ ਕੋਸ਼ਿਸ਼ ਵਿੱਚ ਹੈ। ਜੱਸ ਚਾਹਲ, ਰੇਡਿਓ ਅਵਾਜ਼ ਦੇ ਅਮਨ ਪਰਹਾਰ, ਗੁਰਦਿਆਲ ਸਿੰਘ ਖੈਹਰਾ, ਤਾਰਿਕ ਮਲਿਕ,ਸਲਾਹੁਦੀਨ ਸਬਾ ਸ਼ੇਖ਼, ਸੁਰਿੰਦਰ ਸਿੰਘ ਢਿਲੋਂ ਨੇ ਵੀ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ। ਇਸ ਮੌਕੇ ਹਰਬੱਖਸ਼ ਸਿੰਘ ਸਰੋਆ, ਡਾ. ਸੁਖਵਿੰਦਰ ਸਿੰਘ ਥਿੰਦ ਅਤੇ ਖ਼ੁਸ਼ਮੀਤ ਸਿੰਘ ਥਿੰਦ ਵੀ ਹਾਜ਼ਰ ਸਨ।

# ਲਿਬਰਲਾਂ ਵੱਲੋਂ ਮਿਸੀਸਾਗਾ ਵਿੱਚ ਜ਼ਬਰਦਸਤ ਰੈਲੀ

ਟੋਰਾਂਟੋ, (ਨਦਬ) : ਮਾਈਕਲ ਇਗਨੇਟਿਫ ਨੇ ਮਿਸੀਸਾਗਾ, ਓਨਟਾਰੀਓ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਉਤੇ ਇਹ ਦੋਸ਼ ਲਾਇਆ ਕਿ ਉਹ ਪਰਵਾਸੀਆਂ ਨੂੰ ਦੂਜੀ ਧਰਤੀ ਤੋਂ ਆਏ ਲੋਕ ਦੱਸਕੇ ਪਾੜਾ ਪਾ ਰਹੇ ਹਨ। ਕੈਨੇਡਾ ਵਿੱਚ ਰਹਿ ਰਹੇ ਸਿੱਖਾਂ ਤੇ ਮੁਸਲਮਾਨਾਂ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਇਗਨੇਟਿਫ ਨੇ ਆਖਿਆ ਕਿ ਐਤਵਾਰ ਨੂੰ ਜਦੋਂ ਹਾਰਪਰ ਬਰੈਂਪਟਨ, ਓਨਟਾਰੀਓ ਦੇ ਦੌਰੇ ਉੱਤੇ ਸਨ ਤਾਂ ਉਨ੍ਹਾਂ ਇਸੇ ਤਰ੍ਹਾਂ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਸੀ ਕਿ ਤੁਹਾਡੇ ਵਰਗੇ ਲੋਕ ਹੋਰਨਾਂ ਮੁਲਕਾਂ ਤੋਂ ਇੱਥੇ ਆਏ ਹਨ। ਇਗਨੇਟਿਫ ਨੇ ਆਖਿਆ ਕਿ ਇਹ ਕੈਨੇਡੀਅਨਾਂ ਬਾਰੇ ਗੱਲ ਕਰਨ ਦਾ ਕਿਹੋ ਜਿਹਾ ਢੰਗ ਹੈ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵਾਂ ਨੇ ਦੇਸ਼ ਨੂੰ ਨਸਲੀ ਅਧਾਰ ਉੱਤੇ ਵੰਡ ਦਿੱਤਾ ਹੈ। ਇਗਨੇਟਿਫ ਨੇ ਆਖਿਆ ਕਿ ਆਖਰੀ ਵਾਰੀ ਨਸਲੀ ਅਧਾਰ ਉੱਤੇ ਵੋਟ ਮੰਗਦਿਆਂ ਉਨ੍ਹਾਂ ਜੈਕੁਅਸ ਪਰੀਜਿਊ ਨੂੰ ਵੇਖਿਆ ਸੀ ਤੇ ਉਸ ਵਾਰੀ ਹੀ ਉਸ ਨੂੰ ਲੋਕਾਂ ਨੇ ਨਕਾਰ ਦਿੱਤਾ ਸੀ। ਇਗਨੇਟਿਫ ਨੇ ਆਖਿਆ ਕਿ ਉਹ ਨਸਲੀ ਅਧਾਰ ਉੱਤੇ ਲੋਕਾਂ ਨੂੰ ਵੰਡ ਕੇ ਪ੍ਰਧਾਨ ਮੰਤਰੀ ਨਹੀ ਬਣਨਾ ਚਾਹੁੰਦੇ ਸਗੋਂ ਉਹ ਕੈਨੇਡੀਅਨ ਲੋਕਾਂ ਦੇ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ। ਇਗਨੇਟਿਫ ਸ਼ਾਇਦ ਇਹ ਭੁੱਲ ਚੁੱਕੇ ਹਨ ਕਿ ਕਿਊਬਿਕ ਵਿੱਚ ਉਨ੍ਹਾਂ ਆਪਣੇ ਇਸ਼ਤਿਹਾਰਾਂ ਵਿੱਚ ਲੋਕਾਂ ਨੂੰ ਕੀ ਆਖਿਆ ਸੀ, ਉਨ੍ਹਾਂ ਆਖਿਆ ਸੀ ਕਿ ਉੱਥੋਂ ਦੇ ਵਾਸੀ ਜੇ ਚਾਹੁਣ ਤਾਂ ਇੱਕੋ ਸਮੇਂ ਕਿਊਬਕਰਜ਼ ਤੇ ਕੈਨੇਡੀਅਨਜ਼ ਹੋ ਸਕਦੇ ਹਨ। ਲਿਬਰਲ ਪਾਰਟੀ ਨੇ ਆਮ ਤੌਰ ਉੱਤੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਜਿਵੇਂ ਉਰਦੂ, ਹਿੰਦੀ, ਕੈਨਟੋਨੀਜ਼ ਤੇ ਮੈਂਡੇਰਿਨ, ਪੰਜਾਬੀ ਅਤੇ ਪੁਰਤਗਾਲੀ ਵਿੱਚ ਇਸ਼ਿਤਹਾਰਬਾਜੀ ਕਰਕੇ ਆਪਣੀ ਸੋਚ ਦਾ ਹੀ ਮੁਜ਼ਾਹਰਾ ਕੀਤਾ ਹੈ।

# ਐਡਮਿੰਟਨ ਦੇ ਗੁਰਦੁਆਰਿਆਂ ਵਲੋਂ ਸਾਂਝਾ ਅੰਮ੍ਰਿਤ ਸੰਚਾਰ 16 ਅਪ੍ਰੈਲ ਨੂੰ ਤੇ ਵਿਸਾਖੀ ਨਗਰ ਕੀਰਤਨ 22 ਮਈ ਨੂੰ

ਐਡਮਿੰਟਨ (ਨਦਬ) : ਵਿਸਾਖੀ ਨਗਰ ਕੀਰਤਨ ਕਮੇਟੀ ਐਡਮਿੰਟਨ ਦੀ ਮੀਟਿੰਗ ਵਿਚ ਗੁਰਦੁਆਰਾ ਮਿਲਵੁਡਜ਼, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਸ੍ਰੀ ਗੁਰੁ ਨਾਨਕ ਸਿੱਖ ਗੁਰਦੁਆਰਾ ਦੇ ਪ੍ਰਤੀਨਿਧਾਂ ਨੇ ਇਹ ਫੈਸਲਾ ਕੀਤਾ ਕਿ ਖਾਲਸੇ ਦੇ ਸਿਰਜਣਾ ਦਿਵਸ ਮੌਕੇ ਤੇ ਇਸ ਸਾਲ ਅੰਮ੍ਰਿਤ ਸੰਚਾਰ ਸ਼ਨੀਵਾਰ, 16 ਅਪ੍ਰੈਲ ਨੂੰ ਸਵੇਰ 6:00 ਵਜੇ ਸਾਂਝੇ ਤੌਰ ਤੇ ਗੁਰਦੁਆਰਾ ਮਿਲਵੁਡਜ ਵਿਖੇ ਕੀਤਾ ਜਾਵੇਗਾ। ਪ੍ਰਬੰਧਕਾਂ ਵਲੋਂ ਅੰਮ੍ਰਿਤ ਅਭਿਲਾਸ਼ੀ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਐਡਮਿੰਟਨ ਦੇ ਤਿੰਨ ਗੁਰਦੁਆਰਿਆਂ ਵਿਚੋਂ ਕਿਸੇ ਵਿਚ ਵੀ ਉਥੇ ਦੇ ਪ੍ਰਬੰਧਕਾਂ ਨੂੰ ਆਪਣਾ ਨਾਮ ਲਿਖਵਾ ਸਕਦੇ ਹਨ ਅਤੇ ਲੋੜੀਂਦੇ ਕਕਾਰ ਇਨ੍ਹਾਂ ਗੁਰਦੁਆਰਿਆਂ ਤੋਂ ਲੈ ਸਕਦੇ ਹਨ। ਇਸ ਸਬੰਧੀ ਹੋਰ ਜਾਣਕਾਰੀ ਲਈ ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਯਾਦ ਰਹੇ ਖਾਲਸਾ ਸਿਰਜਣਾ ਦਿਵਸ ਮਨਾਉਣ ਲਈ ਐਡਮਿੰਟਨ ਵਿਚ ਨਗਰ ਕੀਰਤਨ ਇਸ ਸਾਲ ਦਿਨ ਐਤਵਾਰ, 22 ਮਈ 2011 (ਵਿਕਟੋਰੀਆ ਲੌਂਗ ਵੀਕ ਇੰਡ) ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਠੀਕ 12:30 ਵਜੇ ਬਾਅਦ ਦੁਪਹਿਰ ਅਰਦਾਸ ਉਪਰੰਤ ਚਾਲੇ ਪਾਉਣਗੇ ਅਤੇ ਤਕਰੀਬਨ 2:30 ਵਜੇ ਬਾਅਦ ਦੁਪਹਿਰ ਗੁਰਦੁਆਰਾ ਮਿਲਵੁਡਜ਼ ਪਹੁੰਚਣਗੇ। ਤਕਰੀਬਨ ਇਕ ਘੰਟੇ ਲਈ ਗੁਰਦੁਆਰਾ ਮਿਲਵੁਡਜ ਵਿਖੇ ਸਟੇਜ ਸਜੇਗੀ ਅਤੇ ਪਤਵੰਤੇ ਮਹਿਮਾਨ, ਪ੍ਰਚਾਰਕ ਸੰਗਤਾਂ ਨੂੰ ਆਪਣੀਆਂ ਸ਼ੁਭ ਇੱਛਾਵਾਂ ਅਤੇ ਸੰਦੇਸ਼ ਦੇਣਗੇ। ਇਸਤੋਂ ਉਪਰੰਤ ਨਗਰ ਕੀਰਤਨ ਤਕਰੀਬਨ ਸ਼ਾਮ 5:00 ਵਜੇ ਵਾਪਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਹੁੰਚੇਗਾ। ਦੋਨਾਂ ਹੀ ਗੁਰਦੁਆਰਿਆਂ ਵਿਖੇ ਲੰਗਰ, ਅਤੇ ਚਾਹ ਪਾਣੀ ਦਾ ਪ੍ਰਬੰਧ ਹੋਵੇਗਾ।

# ਖੁਰਾਕੀ ਪਦਾਰਥਾਂ ਦੀਆਂ ਅਸਮਾਨ ਚੜ੍ਹੀਆਂ ਕੀਮਤਾਂ ਲਈ ਈਥਨੌਲ ਜ਼ਿੰਮੇਵਾਰ



ਵਾਸ਼ਿੰਗਟਨ, (ਨਦਬ) : ਕੁਝ ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਪਿਛਲੇ ਮਹੀਨਿਆਂ ਦੌਰਾਨ ਦੁਨੀਆ ਭਰ ਵਿੱਚ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਅਸਮਾਨ ਚੜ੍ਹਨ ਦਾ ਮੁੱਖ ਕਾਰਨ ਈਥਨੌਲ ਦਾ ਵਧੇਰੇ ਉਤਪਾਦਨ ਹੈ ਜਿਸ ਨੂੰ ਬਣਾਉਣ ਲਈ ਮੱਕੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਸੰਯੁਕਤ ਰਾਸ਼ਟਰ ਦੀ ਖੁਰਾਕ ਅਤੇ ਖੇਤੀਬਾੜੀ ਜਥੇਬੰਦੀ ਦੀ ਰੀਪੋਰਟ ਵਿੱਚ ਕਿਹਾ ਗਿਆ ਸੀ ਕਿ ਲਗਾਤਾਰ ਅੱਠ ਮਹੀਨਿਆਂ ਤੋਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵੱਧ ਰਹੀਆਂ ਹਨ ਅਤੇ 1990 ਦੇ ਦਹਾਕੇ ਤੋਂ ਬਾਅਦ ਇਹ ਸਭ ਤੋਂ ਉਚੇ ਪੱਧਰ 'ਤੇ ਹਨ। ਦੁਨੀਆ ਭਰ ਵਿੱਚ ਅਨਾਜ ਦੀ ਮੰਗ ਵੱਧਣ ਅਤੇ ਕੁਦਰਤੀ ਆਫ਼ਤਾਂ ਕਾਰਨ ਵੀ ਕੀਮਤਾਂ ਵਿੱਚ ਵਾਧਾ ਹੋਇਆ ਪਰ ਇਨ੍ਹਾਂ ਨਾਲ ਸਰਕਾਰੀ ਨੀਤੀਆਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ।

ਅਮਰੀਕਾ ਵਿੱਚ ਈਥਨੌਲ ਦੇ ਉਤਪਾਦਨ ਕਾਰਨ ਮੱਕੀ ਦੀਆਂ ਕੀਮਤਾਂ ਵੱਧ ਗਈਆਂ। ਕਿਸੇ ਸਮੇਂ 2 ਤੋਂ 3 ਡਾਲਰ ਦਰਮਿਆਨ ਵਾਲਾ ਰਹਿਣ ਵਾਲਾ ਭਾਅ ਹੁਣ 7 ਡਾਲਰ ਪ੍ਰਤੀ ਬੁਸ਼ਲ ਹੋ ਗਿਆ ਹੈ। ਤੇਲ ਕੰਪਨੀਆਂ ਈਥਨੌਲ ਦੀ ਨਿਰਧਾਰਤ ਮਾਤਰਾ ਪੈਟਰੋਲ ਡੀਜ਼ਲ ਵਿੱਚ ਮਿਲਾਉਂਦੀਆਂ ਹਨ ਜਿਸ ਨਾਲ ਵਾਤਾਵਰਣ ਦੀ ਸੁਰੱਖਿਆ ਸਣੇ ਧਰਤੀ ਹੇਠੋਂ ਤੇਲ ਕੱਢਣ ਦੀ ਮਾਤਰਾ ਵੀ ਘੱਟਦੀ ਹੈ। 2005 ਵਿੱਚ ਈਥਨੌਲ ਨੂੰ ਪੈਟਰੋਲ ਵਿੱਚ ਰਲਾਉਣ ਸਬੰਧੀ ਬਿਲ ਪੇਸ਼ ਕੀਤਾ ਗਿਆ ਸੀ ਜਿਸ ਉਪਰ ਉਸ ਸਮੇਂ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ ਦਸਤਖ਼ਤ ਕੀਤੇ ਸਨ। ਯੂਨੀਵਰਸਿਟੀ ਆਫ਼ ਮਿਨੇਸੋਟਾ ਦੇ ਪ੍ਰੋ. ਸੀ ਫ਼ੌਰਡ ਰੁੰਗੇ ਦਾ ਕਹਿਣਾ ਹੈ ਕਿ ਈਥਨੌਲ ਦੇ ਉਤਪਾਦਨ ਲਈ ਸ਼ੁਰੂ ਵਿੱਚ ਅਮਰੀਕਾ ਵਿੱਚ ਮੱਕੀ ਦੀ ਮੰਗ 5 ਤੋਂ 10 ਫੀਸਦੀ ਵਧੀ ਪਰ ਹੁਣ ਇਹ 40 ਫ਼ੀਸਦੀ ਤਕ ਵੱਧ ਚੁੱਕੀ ਹੈ। (ਅਮਰੀਕਾ ਵਿੱਚ 13.95 ਅਰਬ ਗੈਲਨ ਈਥਨੌਲ ਦਾ ਉਤਪਾਦਨ ਹੁੰਦਾ ਹੈ ਜੋ ਮੱਕੀ ਤੋਂ ਹੀ ਬਣਾਇਆ ਜਾਂਦਾ ਹੈ।)

ਖੁਲ੍ਹੇ ਬਾਜ਼ਾਰ ਵਿੱਚ ਜੇ ਮੱਕੀ ਦੀਆਂ ਕੀਮਤਾਂ ਹੋਰ ਉਪਰ ਜਾਂਦੀਆਂ ਹਨ ਤਾਂ ਮੰਗ ਘੱਟ ਜਾਵੇਗੀ ਪਰ ਸਰਕਾਰ ਈਥਨੌਲ ਦੇ ਉਤਪਾਦਨ ਦੀ ਮਾਤਰਾ ਘਟਾਉਣ ਨੂੰ ਤਿਆਰ ਨਹੀਂ ਭਾਵੇਂ ਇਹ ਜਿੰਨੀ ਮਰਜ਼ੀ ਮਹਿੰਗੀ ਮੱਕੀ ਖਰੀਦ ਕੇ ਕਿਉਂ ਨਾ ਕੀਤਾ ਜਾਵੇ। ਪਰਡਿਊ ਯੂਨੀਵਰਸਿਟੀ ਦੇ ਖੇਤੀਬਾੜੀ ਅਰਥ ਸ਼ਾਸ਼ਤਰ ਦੇ ਪ੍ਰੋ. ਵੌਲੇਸ ਟਾਈਨਰ ਨੇ ਦੱਸਿਆ, "ਥੋੜੇ ਸਮੇਂ ਵਿੱਚ ਬਿਨਾਂ ਸ਼ੱਕ ਮੱਕੀ ਦੀਆਂ ਕੀਮਤਾਂ ਉਚੀਆਂ ਰਹਿਣਗੀਆਂ ਕਿਉਂਕਿ ਇਸ ਤੋਂ ਨਵਿਆਉਣਯੋਗ ਬਾਲਣ ਤਿਆਰ ਕੀਤਾ ਜਾ ਰਿਹਾ ਹੈ ਪਰ ਲੰਮੇ ਸਮੇਂ ਵਿੱਚ ਜੇ ਕੀਮਤਾਂ ਇਸੇ ਤਰ੍ਹਾਂ ਕਾਇਮ ਰਹਿੰਦੀਆਂ ਹਨ ਤਾਂ ਵਧੇਰੇ ਕਿਸਾਨ ਮੱਕੀ ਦੀ ਖੇਤੀ ਕਰਨ ਲੱਗਣਗੇ ਅਤੇ ਵਧੇਰੇ ਸਪਲਾਈ ਨਾਲ ਮੰਗ ਪੂਰੀ ਹੋ ਜਾਵੇਗੀ।''

ਰੁੰਗੇ ਨੇ ਕਿਹਾ ਕਿ ਅਸਲ ਵਿੱਚ ਈਥਨੌਲ ਬਣਾਉਣ ਲਈ ਸਸਤੇ ਭਾਅ ਖ਼ਰੀਦੀ ਮੱਕੀ ਦੀ ਵਰਤੋਂ ਕਰਨੀ ਚਾਹੀਦੀ ਹੈ, ਇਸ ਨਾਲ ਕਿਸਾਨਾਂ ਨੂੰ ਮੰਗ ਪੂਰੀ ਕਰਨ ਵਿੱਚ ਮਦਦ ਮਿਲੇਗੀ ਪਰ ਜਦੋਂ ਮੱਕੀ ਮਹਿੰਗੀ ਹੋਵੇ ਤਾਂ ਇਸ ਨੂੰ ਈਥਨੌਲ ਦੇ ਉਤਪਾਦਨ ਲਈ ਨਹੀਂ ਖਰੀਦਣਾ ਚਾਹੀਦਾ ਕਿਉਂਕਿ ਖੁਰਾਕੀ ਪਦਾਰਥਾਂ ਲਈ ਵੀ ਇਹ ਜ਼ਰੂਰੀ ਹੈ।

## 84 ਦੇ ਕਤਲੇਆਮ 'ਤੇ ਕਾਂਗਰਸ ਨੇ ਮੰਗੀ ਮੌਹਲਤ

ਨਿਊਯਾਰਕ (ਨਦਬ) ਕਾਂਗਰਸ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ਾਂ ਦਾ ਜਵਾਬ ਦੇਣ ਨੂੰ ਅਮਰੀਕੀ ਕੋਰਟ ਤੋਂ 24 ਜੂਨ ਤੱਕ ਦਾ ਸਮਾਂ ਮੰਗਿਆ ਹੈ। ਕਾਂਗਰਸ ਖਿਲਾਫ਼ ਇਕ ਸਿੱਖ ਸੰਗਠਨ ਨੇ ਹੇਠਲੀ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਹੈ। ਇਸ ਤਹਿਤ ਪਾਰਟੀ 'ਤੇ ਕਤਲੇਆਮ ਦੌਰਾਨ ਦੰਗਾਕਾਰੀਆਂ ਦੀ ਮਦਦ ਅਤੇ ਭੜਕਾਉਣ ਦਾ ਦੋਸ਼ ਲਾਇਆ ਸੀ। ਇਸ ਮਾਮਲੇ ਵਿੱਚ ਕੇਂਦਰੀ ਮੰਤਰੀ ਕਮਲਨਾਥ ਦੇ ਵਕੀਲ ਏਡਮ ਫਿਨਕੇਲ ਨੇ ਜਸਟਿਸ ਰਾਬਰਟ ਸਵੀਟ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਸਿੱਖ ਫਾਰ ਜਸਟਿਸ ਨਾਮਕ ਸੰਗਠਨ ਵੱਲੋਂ ਦਾਇਰ ਸਿਵਲ ਮਾਮਲਿਆਂ ਵਿੱਚ ਨਿਊਯਾਰਕ ਦੇ ਫੈਡਰਲ ਜ਼ਿਲ੍ਹਾ ਕੋਰਟ ਨੇ ਕਾਂਗਰਸ ਨੂੰ ਤਲਬ ਕੀਤਾ ਸੀ।

# ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਮਾਸਿਕ ਇਕੱਤਰਤਾ



ਕੈਲਗਰੀ, (ਨਦਬ) : ਕਲਚਰਲ ਐਸੋਸੀਏਸ਼ਨ ਕੈਲਗਰੀ ਨੇ ਸਭਾ ਦੇ ਪ੍ਰਧਾਨ ਸ੍ਰੀ ਸੋਹਣ ਪਾਲ ਅਤੇ ਸਕੱਤਰ ਸ੍ਰੀ ਭਜਨ ਗਿੱਲ ਦੀ ਅਗਵਾਈ ਵਿੱਚ ਆਪਣੀ ਮਾਸਿਕ ਇਕੱਤਰਤਾ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਕਰਕੇ ਪੀੜਿਤ ਔਰਤ ਜਾਤੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਦਾ ਇਕ ਭਰਪੂਰ ਉਪਰਾਲਾ ਕੀਤਾ ਹੈ।

ਪੂਰੀ ਇੱਕ ਸਦੀ ਪਹਿਲਾਂ 1911 ਦੀ ਕੋਪਨ ਹੇਗਨ ਅੰਤਰਰਾਸ਼ਟਰੀ ਔਰਤ ਕਾਨਫ਼ਰੰਸ ਵਿੱਚ 'ਕਲਾਰਾ ਲੈਟਕਿਨ' ਨਾਮੀ ਔਰਤ ਵਲੋਂ ਔਰਤ ਜਾਤੀ ਦੇ ਬਰਾਬਰ ਹੱਕਾਂ ਅਤੇ ਬਿਹਤਰ ਜ਼ਿੰਦਗੀ ਲਈ ਜਗਾਈ ਗਈ ਮਸ਼ਾਲ ਅੱਜ ਲੱਟ ਲੱਟ ਬਦਲੀ ਹੋਈ, ਸੰਸਾਰ ਦੇ ਹਰ ਕੋਨੇ ਨੂੰ ਰੁਸ਼ਨਾ ਰਹੀ ਹੈ। ਭਾਵੇਂ ਅੱਜ ਵੀ ਸਮਾਜ ਦੇ ਕੁੱਝ ਵਰਗਾਂ ਵਲੋਂ ਔਰਤ ਲਈ ਬਨਦਾ ਸਨਮਾਨ ਨਹੀਂ ਮਿਲ ਰਿਹਾ ਪਰ ਨਵੀਂ ਸਦੀ ਦੇ ਅਗਾਜ਼ ਨਾਲ ਔਰਤਾਂ ਪ੍ਰਤੀ ਰਵਈਏ ਵਿੱਚ ਅਵੱਸ਼ ਹੀ ਤਬਦੀਲੀ ਹੋਈ ਹੈ ਅਤੇ ਔਰਤ ਦੀ ਹਰ ਖੇਤਰ ਵਿੱਚ ਮੁਕਾਬਲਤਨ ਵਧੇਰੇ ਚੰਗੇਰੀ ਪਹਿਚਾਣ ਬਣੀ ਹੈ।

ਇਸੇ ਸੰਦਰਭ ਵਿੱਚ ਹੀ ਇਸ ਇਕੱਤਰਤਾ ਦੀ ਮੁੱਖ ਬੁਲ-ਾਰਾ ਸ੍ਰੀਮਤੀ ਕੰਵਲਪ੍ਰੀਤ ਪੰਧੇਰ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਵਰਤਮਾਨ ਵਿੱਚ ਔਰਤਾਂ ਨਾਲ ਹੋ ਰਹੇ ਅਨਿਆਂ ਪ੍ਰਤੀ ਮਨ ਕੰਬਾ ਦੇਣ ਵਾਲੇ ਤੱਥ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ 'ਸੰਸਾਰ ਸਿਹਤ ਸੰਸਥਾ' ਵਲੋਂ 11 ਦੇਸ਼ਾਂ ਦੇ ਕਰਵਾਏ ਗਏ ਸਰਵੇ ਅਨੁਸਾਰ 59 ਫੀਸਦੀ ਲੀਥੋਪੀਆ, 6 ਫੀਸਦੀ ਜਾਪਾਨ ਅਤੇ 40 ਫੀਸਦੀ ਦੂਜੇ ਦੇਸ਼ਾਂ ਵਿਚ ਔਰਤਾਂ ਨੂੰ ਉਨ੍ਹਾਂ ਦੇ ਪਤੀਆਂ ਜਾਂ ਦੋਸਤ ਲੜਕਿਆਂ ਵਲੋਂ ਹੀ ਮਾਰ ਦਿਤਾ ਜਾਂਦਾ ਹੈ। ਭਾਰਤ ਵਿੱਚ ਹਰ ਘੰਟੇ ਇੱਕ ਔਰਤ ਨਾਲ ਬਲਾਤਕਾਰ ਹੁੰਦਾ ਹੈ। ਕਰੀਬ 5000 ਔਰਤਾਂ ਨੂੰ ਹਰ ਸਾਲ ਦਾਜ ਦੀ ਬਲੀ ਚੜ੍ਹਾ ਦਿੱਤਾ ਜਾਂਦਾ ਹੈ। ਕਰੀਬ 40 ਫੀਸਦੀ ਔਰਤਾਂ ਦੀ ਯੋਗ ਉਮਰ ਤੋਂ ਪਹਿਲਾਂ ਹੀ ਸ਼ਾਦੀ ਕਰ ਦਿੱਤੀ ਜਾਂਦੀ ਹੈ। ਔਰਤ ਨੂੰ ਮੰਡੀਆਂ ਰਾਹੀਂ ਚੀਜ਼ ਬਣਾ ਕੇ ਵੇਚਿਆ ਜਾ ਰਿਹਾ ਹੈ।

ਸ੍ਰੀਮਤੀ ਦੀਪਸ਼ਿਖਾ ਬਰਾੜ ਨੇ ਔਰਤ ਨੂੰ ਸ੍ਰਿਸ਼ਟੀ ਦੀ ਰਚਨਹਾਰ ਕਹਿੰਦੇ ਹੋਏ ਕਿਹਾ ਕਿ ਔਰਤਾਂ ਦੇ ਸਮਾਜਿਕ ਤੇ ਮਾਨਸਿਕ ਬੰਧਨ ਤੋੜਨ ਦੀ ਲੋੜ ਹੈ। ਸ੍ਰੀਮਤੀ ਗੁਰਚਰਨ ਕੌਰ ਥਿੰਦ ਨੇ ਕਿਹਾ ਕਿ ਔਰਤ ਨੂੰ ਕੋਈ ਚੀਜ਼ ਨਾ ਸਮਝੀਏ, ਉਸ ਦਾ ਸਤਿਕਾਰ ਕਰੀਏ। ਉਕਤ ਤੋਂ ਇਲਾਵਾ ਸ੍ਰੀਮਤੀ ਹਰਕੇਸ਼ ਸੋਹਲ, ਸਰਵ ਸ੍ਰੀ ਅਜਾਇਬ ਸਿੰਘ ਸੇਖੋਂ, ਇਕਬਾਲ ਖ਼ਾਨ, ਪ੍ਰੋ. ਮਨਜੀਤ ਸਿੱਧੂ, ਚੰਦ ਸਿੰਘ ਸਦਿਉੜਾ, ਆਲਮਜੀਤ ਦੀਵਾਨਾ, ਤਰਸੇਮ ਪ੍ਰੀਹਾਰ, ਗੁਰਦਿਆਲ ਸਿੰਘ ਖਹਿਰਾ, ਪਰਮਜੀਤ ਸੰਦਲ ਅਤੇ ਗੁਰਬਖਸ਼ ਬਰਾੜ ਨੇ ਮੌਜੂਦਾ ਸਮੇਂ ਔਰਤ ਜਾਤੀ ਦੀ ਸਥਿਤੀ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਔਰਤਾਂ ਨੂੰ ਚੰਗੇਰਾ ਵਾਤਾਵਰਣ ਉਪਲੱਬਧ ਕਰਾਉਣ ਦੀ ਪ੍ਰੋੜਤਾ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਹਾਲਾਤ ਸਾਰਥਿਕ ਹੋ ਰਹੇ ਹਨ ਪਰ ਫਿਰ ਵੀ ਔਰਤ ਜਾਤੀ ਨੂੰ ਜਾਗਰੂਕਤਾ ਦੇ ਸੰਘਰਸ਼ ਦੀ ਜ਼ਰੂਰਤ ਹੈ।

# ਫੈਨਸੀ ਡੋਰਜ਼ ਐਂਡ ਮੋਲਡਿੰਗ ਵਲੋਂ ਵਿਸਾਖੀ 'ਤੇ ਭਾਰੀ ਸੇਲ

ਐਡਮਿੰਟਨ, (ਨਦਬ) : ਅਲਬਰਟਾ ਦੀ ਨਾਮਵਰ ਕੰਪਨੀ ਫੈਨਸੀ ਡੋਰਜ਼ ਐਂਡ ਮੋਲਡਿੰਗ ਵਲੋਂ ਵਿਸਾਖੀ ਦੇ ਮੌਕੇ 'ਤੇ ਭਾਰੀ ਸੇਲ ਲਗਾਈ ਗਈ ਹੈ। ਕੰਪਨੀ ਦੇ ਮਾਲਕਾਂ ਉਪਿੰਦਰ ਮਠਾੜੂ ਤੇ ਮੌਂਟੀ ਗਰੇਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫੈਨਸੀ ਡੋਰਜ਼ ਵੱਲੋਂ ਘਰਾਂ ਦੇ ਅੰਦਰਲੇ ਤੇ ਬਾਹਰਲੇ ਦਰਵਾਜ਼ਿਆਂ 'ਤੇ ਭਾਰੀ ਸੇਲ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਜਿਥੇ ਬਿਲਡਰਾਂ ਲਈ ਕੰਪਨੀ ਵੱਲੋਂ ਵਿਸ਼ੇਸ਼ ਪੈਕੇਜ ਦਿੱਤਾ ਜਾ ਰਿਹਾ ਹੈ, ਉਥੇ ਹੀ ਕਾਰੋਬਾਰੀ ਵਰਤੋਂ ਜਿਵੇਂ ਹੋਟਲਾਂ, ਮੋਟਲਾਂ, ਆਦਿ ਕਮਰਸ਼ੀਅਲਜ਼ ਲਈ ਸਾਰਾ ਸਾਮਾਨ ਉਪਲੱਬਧ ਹੈ, ਜੋ ਕਿ ਸੇਲ ਕਾਰਨ ਸਸਤੇ ਭਾਅ 'ਤੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਡਬਲ ਪੱਲੇ ਵਾਲੇ ਬਾਹਰਲੇ ਦਰਵਾਜ਼ੇ 'ਤੇ ਵੀ ਭਾਰੀ ਛੋਟ ਦਿੱਤੀ ਜਾ ਰਹੀ ਹੈ। ਹੋਰ ਜਾਣਕਾਰੀ ਲਈ 780-432-7700 'ਤੇ ਫੋਨ ਕਰ ਸਕਦੇ ਹੋ।


**ਜ਼ਿੰਦਗੀ ਬੜੀ ਬੇਵਫਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।**

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? * ਕੀ ਤੁਸੀਂ ਘਰ ਦੇ ਮੁਖੀਆ ਹੋ ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

**ਜ਼ਰਾ ਸੋਚੋ ! !**

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।



Jessie Singh
(C.A.I.B.)

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**
**Jessie Singh (C.A.I.B.) Cell: (403) 830-7007**

# ਭਾਰਤ ਅਜ-ਕਲ

## ਰਾਸ਼ਟਰਮੰਡਲੀ ਭ੍ਰਿਸ਼ਟਾਚਾਰ: ਅਸਲ ਭਾੜਾ 2.80 ਕਰੋੜ, ਅਦਾਇਗੀ 42.34 ਕਰੋੜ

ਨਵੀ ਦਿੱਲੀ, (ਨਦਬ) : ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਅਧਿਕਾਰੀਆਂ ਨੇ ਕੰਮ ਨਿਬੇੜਨ ਲਈ 1400 ਗੁਣਾਂ ਤੋਂ ਵੀ ਵੱਧ ਭਾੜੇ 'ਤੇ ਸਾਜ਼ੋ-ਸਾਮਾਨ ਲਿਆ ਸੀ, ਇਸ ਦੀ ਪੁਣਛਾਣ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ.) ਨੇ ਆਪਣੀ ਜਾਂਚ 'ਚ ਕੀਤੀ ਹੈ। ਸੀ.ਵੀ.ਸੀ. ਨੇ ਸੀ.ਬੀ.ਆਈ. ਨੂੰ ਇਸ ਘੁਟਾਲੇ ਬਾਰੇ ਦਿੱਤੀ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਪ੍ਰਬੰਧਕੀ ਕਮੇਟੀ ਨੇ 2.80 ਕਰੋੜ ਰੁਪਏ ਦੀ ਬਣਦੀ ਰਾਸ਼ੀ ਦੇ ਉਲਟ 1400 ਗੁਣਾਂ ਤੋਂ ਵੱਧ ਰਕਮ 42.34 ਕਰੋੜ ਰੁਪਏ ਅਦਾ ਕਰਕੇ ਭਾੜੇ 'ਤੇ ਸਾਜ਼ੋ ਸਮੱਗਰੀ ਲਈ ਤੇ ਸਬੰਧਤ ਕੰਪਨੀਆਂ ਨੂੰ ਲਾਭ ਪਹੁੰਚਾਇਆ।

ਜਾਂਚ ਏਜੰਸੀ ਨੇ ਇਹ ਵੀ ਦੇਖਿਆ ਕਿ ਭਰਮਪਾਊ ਬੋਲੀ 'ਚ ਵਸਤਾਂ ਦੇ ਕਿਰਾਏ, ਖਰੀਦ ਨਾਲੋਂ ਕਿਤੇ ਜ਼ਿਆਦੇ ਰਹੇ ਤੇ ਸਪਲਾਈ ਹੋਈਆਂ ਵਸਤਾਂ ਦੇ ਭਾਅ ਬੇਲੋੜੇ ਢੰਗ ਨਾਲ ਜ਼ਿਆਦਾ ਪਤਾ ਲੱਗੇ ਹਨ। ਦੋਹਰੀਆਂ ਅਦਾਇਗੀਆਂ ਤੇ ਘਟੀਆ ਕੁਆਲਿਟੀ ਦਾ ਸਾਜ਼ੋ ਸਾਮਾਨ ਉਪਰਲੇ ਕੰਮਾਂ 'ਚ ਵਰਤੇ ਜਾਣ ਦਾ ਵੀ ਖੁਲਾਸਾ ਜਾਂਚ ਦੌਰਾਨ ਹੋਇਆ ਹੈ। ਖੇਡਾਂ ਦੀ ਪ੍ਰਬੰਧਕ ਕਮੇਟੀ (ਓ.ਸੀ.) ਨੇ ਉਪਰਲੇ ਕੰਮਾਂ ਦਾ ਠੇਕਾ 687.86 ਕਰੋੜ ਰੁਪਏ 'ਚ ਚਾਰ ਫਰਮਾਂ ਮੈਸਰਜ਼ ਪਿਕੋ ਦਿਪਾਲੀ ਓਵਰਲੇਅਜ਼ ਕੰਸੋਰਸ਼ੀਅਮ, ਦਿੱਲੀ, ਮੈਸਰਜ਼ ਤੁਸਲੀ (ਸਵਿਟਜ਼ਰਲੈਂਡ) ਲਿਮਟਿਡ, ਸਵਿਟਜ਼ਰਲੈਂਡ, ਮੈਸਰਜ਼ ਈ. ਐਸ.ਏ.ਜੇ.ਵੀ.: ਡੀ.ਆਰ. ਇੰਡੋ ਕੰਸੋਰਸ਼ੀਅਮ, ਨਵੀ ਦਿੱਲੀ ਤੇ ਮੈਸਰਜ਼ ਜੀ.ਐਲ. ਮੈਰੋਫੋਰਮ, ਫਰਾਂਸ ਨੂੰ ਦਿੱਤਾ ਸੀ। ਇਨ੍ਹਾਂ ਦੇ ਕੰਮਕਾਜ ਵਿਚ ਆਰਜ਼ੀ ਢਾਂਚੇ ਜਿਵੇਂ ਟੈਂਟ, ਵੀਡੀਓ ਬੋਰਡ, ਫਰਨੀਚਰ, ਤੇ ਫਿਕਸਰਜ਼ ਜੈਨਰੇਟਰ ਸੈਟ 62 ਥਾਵਾਂ 'ਤੇ ਲਾਉਣੇ ਸ਼ਾਮਲ ਸਨ ਜੋ ਸੱਤ ਸਮੂਹਾਂ 'ਚ ਵੰਡੇ ਹੋਏ ਸਨ।

ਸੀ.ਵੀ.ਸੀ. ਨੇ ਆਪਣੀ ਅੰਦਰੂਨੀ ਰਿਪੋਰਟ 'ਚ ਇਹ ਵੀ ਕਿਹਾ ਹੈ ਕਿ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਘੁਟਾਲੇ ਬਾਰੇ ਜਾਂਚ ਦੇ ਅਮਲ ਦੌਰਾਨ ਦਸਤਾਵੇਜ਼ ਪੇਸ਼ ਕਰਨ, ਸਪਸ਼ਟੀਕਰਨ ਤੇ ਜਾਣਕਾਰੀਆਂ ਦੇਣ 'ਚ ਬਿਲਕੁਲ ਸਹਿਯੋਗ ਨਹੀਂ ਦਿੱਤਾ। ਇਹਦੀ ਥਾਵੇਂ ਓ.ਸੀ. ਅਧਿਕਾਰੀਆਂ ਨੇ ਬਿਨਾਂ ਵਿਸ਼ੇਸ਼ਤਾ ਬਿਆਨੇ ਦਸਤਾਵੇਜ਼ਾਂ ਦੇ ਵੱਡੇ ਵੱਡੇ ਪੁਲੰਦੇ ਉਨ੍ਹਾਂ ਨੂੰ ਦੇ ਦਿੱਤੇ। ਸਾਈਟ 'ਤੇ ਜਾਣ ਦਾ ਫਾਇਦਾ ਨਾ ਹੋ ਸਕਿਆ, ਕਿਉਂਕਿ ਨਾ ਤਾਂ ਦਸਤਾਵੇਜ਼ ਤੇ ਨਾ ਹੀ ਕੋਈ ਅਧਿਕਾਰੀ ਇਹ ਚਾਨਣਾ ਪਾਉਣ ਲਈ ਹਾਜ਼ਰ ਸੀ ਕਿ ਉਪਰਲੇ ਕੰਮ ਦੀਆਂ ਵੱਖ-ਵੱਖ ਆਈਟਮਾਂ ਵੱਖ-ਵੱਖ ਥਾਵਾਂ 'ਤੇ ਸਥਾਪਤ ਕਰਨ ਲਈ ਗਿਣਤੀ-ਮਿਣਤੀ, ਸਪਲਾਈ ਤੇ ਹੋਰ ਪੱਖਾਂ ਤੋਂ ਕਿਹੜੇ ਮਾਪਦੰਡ, ਵਰਤੇ ਗਏ ਸਨ। ਕੰਮ ਸੌਂਪਣ ਲਈ ਕੰਪਨੀਆਂ ਦੀ ਚੋਣ ਦੇ ਅਮਲ 'ਚ ਵੀ ਵੱਡੀਆਂ ਤਰੁੱਟੀਆਂ ਪਾਈਆਂ ਗਈਆਂ ਹਨ। ਕਈ ਕੰਪਨੀਆਂ ਤਾਂ ਪਹਿਲਾਂ ਤੋਂ ਤੈਅ ਮਿਆਰਾਂ 'ਤੇ ਵੀ ਖਰੀਆਂ ਨਹੀਂ ਉਤਰਦੀਆਂ ਸਨ। ਬੋਲੀਕਾਰਾਂ ਨੇ ਵੱਖ-ਵੱਖ ਕਲਸਟਰਾਂ 'ਚ ਇਕੋ ਜੇਹੀਆਂ ਚੀਜ਼ਾਂ ਦੇ ਵੱਖ-ਵੱਖ ਭਾਅ ਲਾਏ ਹੋਏ ਸਨ। ਸੀ.ਵੀ.ਸੀ. ਦਾ ਕਹਿਣਾ ਹੈ ਕਿ ਸਾਮਾਨ ਦੀ ਸਿੱਧੀ ਖਰੀਦ ਦੀ ਥਾਂ ਇਹ ਕਿਰਾਏ 'ਤੇ ਲੈਣ ਦੀ ਕਥਿਤ ਅਪਰਾਧਿਕ ਸਾਜ਼ਿਸ਼ ਵੀ ਰਚੀ ਗਈ ਤੇ ਕੋਈ ਸੰਪਤੀ ਇਸ ਤਰ੍ਹਾਂ ਇੰਨੀ ਰਾਸ਼ੀ ਖਰਚ ਕੇ ਬਣ ਨਾ ਸਕੀ। ਸੀ.ਵੀ.ਸੀ. ਨੇ ਚਾਰੇ ਕੰਪਨੀਆਂ ਵੱਲੋਂ ਕਿਰਾਏ 'ਤੇ ਲਿਆਂਦੀ ਸਾਰੀ ਸਾਜ਼ੋ ਸਮੱਗਰੀ 'ਚ ਕੀਤੀਆਂ ਗਈਆਂ ਕੋਤਾਹੀਆਂ ਵਿਸਥਾਰ ਸਹਿਤ ਆਪਣੀ ਰਿਪੋਰਟ 'ਚ ਦੱਸੀਆਂ ਹਨ। ਰਿਪੋਰਟ ਅਨੁਸਾਰ ਸਥਾਨਕ ਤੇ ਚੀਨ 'ਚ ਬਣੀਆਂ ਚੀਜ਼ਾਂ ਨੂੰ ਕੌਮਾਂਤਰੀ ਮਿਆਰਾਂ ਦੀਆਂ ਕਹਿ ਕੇ ਪਾਸ ਕੀਤਾ ਗਿਆ। ਸੀ.ਵੀ.ਸੀ. ਦੀ ਜਾਂਚ ਦੇ ਆਧਾਰ 'ਤੇ ਸੀ.ਬੀ.ਆਈ. ਨੇ ਤੁਸਲੀ ਇੰਡੀਆ ਕੰਸੋਰਸ਼ੀਅਮ 'ਤੇ ਕੇਸ ਦਰਜ ਕਰਕੇ ਸੰਦੀਪ ਵਧਵਾ ਨਾਮ ਦੇ ਵਿਅਕਤੀ ਨੂੰ ਹਿਰਾਸਤ 'ਚ ਵੀ ਲਿਆ ਹੈ।

## ਭਾਜਪਾ ਦਾ ਹਿੰਦੂਤੱਵ ਮੌਕਾਪ੍ਰਸਤੀ ਦਾ ਮੁੱਦਾ

ਨਵੀਂ ਦਿੱਲੀ (ਨਦਬ) ਵਿਕੀਲੀਕਸ ਦੇ ਤਾਜ਼ਾ ਖੁਲਾਸਿਆਂ ਤੋਂ ਭਾਜਪਾ ਫੇਰ ਮੁਸ਼ਕਲ ਵਿੱਚ ਹੈ। ਇਸ ਦੇ ਮੁਤਾਬਕ ਪਾਰਟੀ ਆਗੂ ਅਰੁਣ ਜੇਤਲੀ ਨੇ ਅਮਰੀਕੀ ਰਾਜਦੂਤ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਪਾਰਟੀ ਲਈ



ਹਿੰਦੂ ਰਾਸ਼ਟਰਵਾਦ ਇਕ ਮੌਕਾਪ੍ਰਸਤ ਮੁੱਦਾ ਹੈ। ਅਮਰੀਕੀ ਦੂਤਾਵਾਸ ਦੇ ਮੁਖੀ ਰਾਬਰਟ ਬਲੇਕ ਨੇ ਜੇਤਲੀ ਨਾਲ 6 ਮਈ 2005 ਨੂੰ ਮੁਲਾਕਾਤ ਕੀਤੀ ਸੀ। ਵੈੱਬਸਾਈਟ ਮੁਤਾਬਕ ਉਨ੍ਹਾਂ ਨੇ ਇਸ ਤੋਂ ਬਾਅਦ ਇਕ ਗੁਪਤ ਸੰਦੇਸ਼ ਭੇਜਿਆ ਸੀ। ਇਸ ਅਨੁਸਾਰ ਹਿੰਦੂਤੱਵ ਦੇ ਮੁੱਦੇ ਬਾਰੇ ਪੁੱਛਣ 'ਤੇ ਜੇਤਲੀ ਨੇ ਦੱਸਿਆ ਸੀ ਕਿ ਭਾਜਪਾ ਲਈ ਹਿੰਦੂ ਰਾਸ਼ਟਰਵਾਦ ਸਿਰਫ਼ ਗੱਲਬਾਤ ਦਾ ਵਿਸ਼ਾ ਹੈ। ਉਨ੍ਹਾਂ ਨੇ ਇਸ ਨੂੰ ਮੌਕਾਪ੍ਰਸਤੀ ਦਾ ਮੁੱਦਾ ਕਿਹਾ ਸੀ। ਉਧਰ, ਜੇਤਲੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਦੇ ਵੀ ਮੌਕਾਪ੍ਰਸਤੀ ਸ਼ਬਦ ਨਹੀਂ ਵਰਤਿਆ। ਜਦਕਿ ਕਾਂਗਰਸ ਨੇ ਇਹ ਕਹਿ ਕੇ ਉਨ੍ਹਾਂ ਖਿਲਾਫ਼ ਮੋੜਵਾਂ ਵਾਰ ਕੀਤਾ ਹੈ ਕਿ ਜੋ ਲੋਕ ਸ਼ੀਸ਼ੇ ਦੇ ਘਰਾਂ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਦੂਸਰਿਆਂ 'ਤੇ ਪੱਥਰ ਨਹੀਂ ਮਾਰਨਾ ਚਾਹੀਦਾ।

## ਖੱਬੇ ਪੱਖੀ ਗਠਜੋੜ ਵਲੋਂ ਜੰਤਰ ਮੰਤਰ 'ਤੇ ਪ੍ਰਦਰਸ਼ਨ

ਨਵੀਂ ਦਿੱਲੀ, (ਨਦਬ) : ਖੱਬੇ ਪੱਖੀ ਪਾਰਟੀਆਂ ਦੇ ਸਾਂਝੇ ਗਠਜੋੜ 'ਆਲ ਇੰਡੀਆ ਲੈਫਟ ਕੋ-ਆਰਡੀਨੇਸ਼ਨ' ਦੇ ਸੱਦੇ 'ਤੇ ਦੇਸ਼ ਦੇ ਕੋਨੇ ਕੋਨੇ ਤੋਂ ਆਏ ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰਦਰਸ਼ਨਕਾਰੀਆਂ ਨੇ ਲੱਕ ਭੰਨਵੀਂ ਮਹਿੰਗਾਈ, ਘਪਲਿਆਂ ਅਤੇ ਜਮਹੂਰੀਅਤ 'ਤੇ ਹਮਲੇ ਦੇ ਵਿਰੋਧ ਵਿਚ ਜੰਤਰ ਮੰਤਰ ਵਿਖੇ ਪ੍ਰਦਰਸ਼ਨ ਕਰਦਿਆਂ "ਯੂ.ਪੀ.ਏ. ਸਰਕਾਰ ਗੱਦੀ ਛੱਡੋ" ਦੀ ਜ਼ੋਰਦਾਰ ਮੰਗ ਕੀਤੀ। ਇਸ ਗਠਜੋੜ ਵਿੱਚ ਸ਼ਾਮਿਲ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ, ਸੀ.ਪੀ.ਐਮ. (ਪੰਜਾਬ) ਲੈਫ਼ਟ ਕੋਆਰਡੀਨੇਸ਼ਨ ਕਮੇਟੀ (ਕੇਰਲ) ਤੇ ਲਾਲ ਨਿਸ਼ਾਨ ਪਾਰਟੀ (ਲੈਨਿਨਵਾਦੀ) ਮਹਾਰਾਸ਼ਟਰ ਨੇ ਸਾਂਝੇ ਤੌਰ 'ਤੇ ਕੇਂਦਰ ਸਰਕਾਰ ਦੀਆਂ ਜਨਤਾ ਵਿਰੋਧੀ ਨੀਤੀਆਂ ਦਾ ਜ਼ੋਰਦਾਰ ਵਿਰੋਧ ਕੀਤਾ। ਪ੍ਰਦਰਸ਼ਨ ਵਿਚ ਸ਼ਾਮਿਲ ਹੋਣ ਲਈ ਬਿਹਾਰ, ਝਾਰਖੰਡ, ਉਤਰ ਪ੍ਰਦੇਸ਼, ਰਾਜਸਥਾਨ, ਪੰਜਾਬ, ਮਹਾਰਾਸ਼ਟਰ, ਤਾਮਿਲਨਾਡੂ ਤੇ ਕੇਰਲ ਤੋਂ ਆਏ ਲੋਕਾਂ ਨੇ ਰਾਮ ਲੀਲਾ ਗਰਾਉਂਡ ਤੋਂ ਜੰਤਰ ਮੰਤਰ ਤਕ ਮਾਰਚ ਕਰਦਿਆਂ ਗਲਤ ਸਰਕਾਰੀ ਨੀਤੀਆਂ ਵਿਰੁਧ ਨਾਅਰੇ ਲਾਏ। ਇਸ ਵੱਡੇ ਪ੍ਰਦਰਸ਼ਨ ਨੇ ਸਥਾਨਕ ਆਵਾਜਾਈ ਨੂੰ ਕਾਫੀ ਪ੍ਰਭਾਵਿਤ ਕੀਤਾ ਅਤੇ ਕਈ ਥਾਵਾਂ 'ਤੇ ਜਾਮ ਦੀ ਸਥਿਤੀ ਬਣ ਗਈ।

ਪ੍ਰਦਰਸ਼ਨਕਾਰੀਆਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸੀ.ਪੀ.ਐਮ. (ਪੰਜਾਬ) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਸਰਕਾਰ ਇਕ ਪਾਸੇ ਤਾਂ ਅਮੀਰਾਂ ਨੂੰ ਲੱਖਾਂ-ਕਰੋੜਾਂ ਦੀ ਛੋਟ ਦੇ ਰਹੀ ਹੈ ਜਦਕਿ ਦੂਜੇ ਪਾਸੇ ਤੇਲ ਤੇ ਖਾਦਾਂ 'ਤੇ ਮਿਲਣ ਵਾਲੀ ਸਬਸਿਡੀ ਘਟਾ ਰਹੀ ਹੈ। ਉਨ੍ਹਾਂ ਕਿਹਾ ਕਿ ਖੇਤੀ ਸੰਕਟ ਤੇ ਲੱਕ ਭੰਨਵੀਂ ਮਹਿੰਗਾਈ ਕਾਰਨ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ ਤੇ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਕਾਮਰੇਡ ਪਾਸਲਾ ਨੇ ਕੇਂਦਰ ਸਰਕਾਰ ਪਾਸੋਂ ਅਸਤੀਫੇ ਦੀ ਮੰਗ ਕਰਨ ਦੇ ਨਾਲ ਨਾਲ ਪੰਜਾਬ ਦੀ ਸੱਤਾ 'ਤੇ ਕਾਬਜ਼ ਅਕਾਲੀ-ਭਾਜਪਾ ਸਰਕਾਰ ਨੂੰ ਵੀ ਖੇਤੀ ਸੰਕਟ ਵਧਾਉਣ ਲਈ ਦੋਸ਼ੀ ਠਹਿਰਾਇਆ। ਭਾਕਪਾ (ਮਾਲੇ) ਦੇ ਜਨਰਲ ਸਕੱਤਰ ਕਾਮਰੇਡ ਦੀਪੰਕਰ ਭੱਟਾਚਾਰੀਆ ਨੇ ਕਿਹਾ ਕਿ ਆਮ ਆਦਮੀ ਦੀ ਸਰਕਾਰ ਹੋਣ ਦਾ ਦਾਅਵਾ ਕਰਨ ਵਾਲੀ ਯੂ.ਪੀ.ਏ. ਦਾ ਮੁੱਖ ਵਿਰੋਧੀ ਗਠਜੋੜ ਐਨ.ਡੀ.ਏ. ਵੀ ਕੋਈ ਕਾਰਗਰ ਬਦਲ ਪੇਸ਼ ਕਰਨ ਵਿਚ ਅਸਫਲ ਸਾਬਤ ਹੋਇਆ ਹੈ ਤੇ ਜਿਥੇ ਜਿਥੇ ਐਨ.ਡੀ.ਏ. ਦੀਆਂ ਸਰਕਾਰਾਂ ਹਨ, ਉਥੇ ਉਹ ਭ੍ਰਿਸ਼ਟਾਚਾਰੀਆਂ ਦੀ ਹਮਾਇਤ ਕਰਦੇ ਨਜ਼ਰ ਆਉਂਦੇ ਹਨ। ਮਹਾਰਾਸ਼ਟਰ ਦੇ ਕਾਮਰੇਡ ਭੀਮਰਾਵ ਬੰਸੋਡ ਨੇ ਕਿਹਾ ਕਿ ਕਿੰਨੇ ਸ਼ਰਮ ਦੀ ਗੱਲ ਹੈ ਕਿ ਆਦਰਸ਼ ਸੁਸਾਇਟੀ ਘਪਲੇ ਵਿਚ ਮਹਾਰਾਸ਼ਟਰ ਦੀ ਕਾਂਗਰਸ ਸਰਕਾਰ ਦੇ ਆਗੂਆਂ ਨੇ ਸੈਨਾ ਦੇ ਉੱਚ ਅਧਿਕਾਰੀਆਂ ਨਾਲ ਗੰਢ-ਤੁਪ ਕਰ ਕੇ ਕਾਰਗਿਲ ਦੇ ਸ਼ਹੀਦਾਂ ਦੇ ਪਰਿਵਾਰਾਂ ਲਈ ਤਿਆਰ ਕੀਤੇ ਗਏ ਫਲੈਟਾਂ ਨੂੰ ਆਪਣੇ ਨਾਂਅ ਕਰਵਾਉਣ ਦੀ ਕੋਸ਼ਿਸ਼ ਕੀਤੀ।

**Asian Western Grocery Store**
**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

Western Canada's largest team of independent brokers designed to serve Canadians' with solutions for your personal and professional insurance needs.

### What we Offer

- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

### When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

### What Our Customers Are Saying...

* ਕਾਰ, ਮੋਟਰਸਾਈਕਲ ਇੰਸ਼ੋਰੈਂਸ
* ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
* ਟਰੱਕ: ਲੌਂਗਹਾਲ ਅਤੇ ਗਰੈਵਲ
* ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
* ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

### Quick Quotes When You Need Them



**Discounts up to 60%**

**Payment Options available**

**ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ**

**We Provide Service In English, Punjabi, Hindi & Urdu**

**ਹੇਠ ਲਿਖੇ ਨੰਬਰਾਂ' ਤੇ ਸੰਪਰਕ ਕਰੋ**

ਐਡਮਿਟਨ: 780-465-6900
ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ,
ਨਵਤੇਜ ਬੈਂਸ ਅਤੇ ਜਸਵੀਰ ਦਿਉਲ

ਕੈਲਗਰੀ: 403-775-2100
ਰੂਪੀ ਚੇਰਾ, ਹਰਦੀਪ ਗਿੱਲ,
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ


ADVANCED
Roofing Systems Ltd.
RESIDENTIAL
COMMERCIAL
Residential/Commercial Insurance Claims
Asphalt & Specialty Shingles
Siding, Soffits,Fascia
2 Ply Membranes (SBS)
Cedar Shakes
New & Re-Roof Specialists
Condominums Welcome
Steep Roofs Welcome
Licaenced & Insured
Pine Shake Replacement
Roof Top Snow removel
FREE Estimates
5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365
GILL Olson
(MANAGER)


HARRY'S EXCAVATING
Ph 780-918-2252
Specialist in : Digging Basements
& All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ


C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims


KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8


Gurkeerat Holding Ltd.
• We Build New Houses
• We Build Basements
• We do Renovations
• Kitchen Cabinets
ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖ਼ਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ
Ph. 780-996-2873


DV NCE DRIVING SCHOOL & LIMOS
> Lady Instuctor vailable
> Defensive Training Classes to Restore Demerits
> Free Pick up & Drop
> irport Service Flat Rate
> Wedding Ceremony
> ny Other Function
780-660-4090
# 202-3456 91 St. Edmonton, B


ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?
MORTGAGE ALLIANCE
Walk In Centre
ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।
Jessie Singh CAIB
ਜੇਕਰ ਉਪਰ ਦਿੱਤੇ ਸਵਾਲਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ
403-830-7007

# ਪਜਾਬ

# ਅਜ-ਕਲ

ਪਜਾਬ ਪਾਲ

## ਭਗਤ ਸਿੰਘ ਕਿਸਦਾ ਹੈ?



23 ਮਾਰਚ ਨੂੰ ਭਗਤ ਸਿੰਘ ਦੇ ਸ਼ਹੀਦੀ ਦਿਵਸ 'ਤੇ ਖਟਕੜ ਕਲਾਂ 'ਚ ਤਿੰਨ-ਧਿਰੀ ਕਾਨਫ਼ਰੰਸਾਂ ਆਯੋਜਿਤ ਕੀਤੀਆਂ ਗਈਆਂ। ਇੱਕ ਪੰਜਾਬ ਦੇ ਹੁਕਮਰਾਨ ਅਕਾਲੀ-ਭਾਜਪਾ ਗਠਜੋੜ ਵਲੋਂ, ਦੂਜੀ ਪੰਜਾਬ ਵਿੱਚ ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਵਲੋਂ। ਇਨ੍ਹਾਂ ਸਿਆਸੀ ਸਮਾਗਮਾਂ ਵਿੱਚ ਅਕਾਲੀ ਸੁਪਰੀਮੋ ਨੇ ਪੰਜਾਬ ਦੀਆਂ ਕੁਲ ਸਮੱਸਿਆਵਾਂ ਦੀ ਜੜ੍ਹ ਕਾਂਗਰਸ ਨੂੰ ਕਿਹਾ ਪਰ ਉਨ੍ਹਾਂ ਸ਼ਹੀਦਾਂ ਦੀ ਵਿਚਾਰਧਾਰਾ ਤੇ ਸੁਪਨਿਆਂ ਦਾ ਜ਼ਿਕਰ ਮਾਤਰ ਵੀ ਨਹੀਂ ਕੀਤਾ। ਉਨ੍ਹਾਂ ਵਲੋਂ ਦੱਸਣਾ ਬਣਦਾ ਸੀ ਕਿ ਉਨ੍ਹਾਂ ਅਜਿਹੇ ਕਿਹੜੇ ਕੰਮ ਕੀਤੇ ਜਿਨ੍ਹਾਂ ਸਦਕਾ ਉਨ੍ਹਾਂ (ਅਕਾਲੀਆਂ) ਨੂੰ ਸ਼ਹੀਦਾਂ ਦੇ ਵਾਰਸ ਅਖਵਾਉਣ ਦਾ ਹੱਕ ਹੋਵੇ। ਇਸੇ ਦੌਰਾਨ ਸਿੱਖਿਆ ਕਰਮੀ ਅਧਿਆਪਕ ਯੂਨੀਅਨ ਨੇ ਹੁਕਮਰਾਨਾਂ ਦੀ ਰੈਲੀ 'ਚ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਕੇ ਨੌਜਵਾਨਾਂ ਦੀ ਜੱਦੋ-ਜਹਿਦ ਦਾ ਸੰਕੇਤਕ ਪ੍ਰਗਟਾਵਾ ਕੀਤਾ। ਕੀ ਉਨ੍ਹਾਂ ਨੇ ਅਜਿਹਾ ਭਗਤ ਸਿੰਘ ਦੀ ਤਰਜ਼ 'ਤੇ ਨਹੀਂ ਕੀਤਾ? ਬਿਲਕੁਲ, ਭਗਤ ਸਿੰਘ ਨੇ ਵੀ ਬੋਲਿਆਂ ਦੇ ਕੰਨ ਖੋਲ੍ਹਣ ਲਈ ਆਵਾਜ਼ ਬੁਲੰਦ ਕਰਨ ਲਈ ਇਹੋ ਢੰਗ ਤਰੀਕੇ ਅਪਣਾਏ ਸਨ। ਦੂਜੇ ਪਾਸੇ ਇਨ੍ਹਾਂ ਨੌਜਵਾਨਾਂ ਦਾ ਮੂੰਹ ਬੰਦ ਕਰਨ ਲਈ ਹੁਕਮਰਾਨਾਂ ਨੇ ਕਿਹੜਾ ਢੰਗ ਵਰਤਿਆ, ਇਸ ਦਾ ਅੰਦਾਜ਼ਾ ਤੁਸੀਂ ਖੁਦ ਲਗਾ ਸਕਦੇ ਹੋ, ਕਿਉਂਕਿ ਤੁਸੀਂ ਜਾਣਦੇ ਹੀ ਹੋ ਕਿ ਅੰਗਰੇਜ਼ ਬਸਤੀਵਾਦੀ ਕਿਹੜੇ ਢੰਗ ਤਰੀਕੇ ਲੋਕ ਆਵਾਜ਼ ਨੂੰ ਬੁਲੰਦ ਹੋਣੋਂ ਰੋਕਣ ਲਈ ਵਰਤਦੇ ਹੁੰਦੇ ਸਨ। ਕਾਂਗਰਸ ਦੀ ਰੈਲੀ ਵਿੱਚ ਕੈਪਟਨ ਨੇ ਪੰਜਾਬ ਨੂੰ ਬਾਦਲਾਂ ਦੇ ਚੁੰਗਲ ਤੋਂ ਮੁਕਤ ਕਰਵਾਉਣ ਦਾ ਆਪਣਾ ਮਨਭਾਉਂਦਾ ਨਾਅਰਾ ਬੁਲੰਦ ਕੀਤਾ ਜਦਕਿ ਖੱਬਿਆਂ ਨੇ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਲੋਕ ਮਸਲਿਆਂ ਦੇ ਸੰਦਰਭ ਵਿੱਚ ਯਾਦ ਕੀਤਾ। ਇਸੇ ਦੌਰਾਨ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਨੇ ਹੁਸੈਨੀਵਾਲਾ ਵਿਖੇ ਕਿਹਾ ਕਿ ਭਗਤ ਸਿੰਘ ਦੀ ਵਿਚਾਰਧਾਰਾ ਪ੍ਰਤੀ ਸੁਹਿਰਦ ਸਿਆਸਤਦਾਨ ਹੀ ਉਸ ਦੇ ਸਹੀ ਵਾਰਸ ਹਨ। ਵਿਰਾਸਤ ਦੀ ਇਹੋ ਧਾਰਨਾ ਹੀ ਸਭ ਤੋਂ ਸਹੀ ਜਾਪਦੀ ਹੈ।

## ਦੁਹਾਈ ਪੰਥ ਦੀ ਕਮਾਈ ਕੰਪਨੀ ਦੀ

ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਮਸ਼ਕਰੀ ਤੇ ਮੱਕਾਰੀ ਦੀ ਰਾਜਨੀਤੀ ਵਿੱਚ ਬੇਜੋੜ ਸਥਾਨ ਰੱਖਦੇ ਹਨ। ਉਹ ਲੰਮੇ ਸਮੇਂ ਤੋਂ ਆਪਣੀ ਰਾਜਨੀਤੀ ਇਨ੍ਹਾਂ ਦੋਵਾਂ ਪਹੀਆਂ ਆਸਰੇ ਹੀ ਰਿੜਦੀ ਰੱਖਦੇ ਆ ਰਹੇ ਹਨ। ਪਹੀਆਂ ਦੀ ਚਾਲ ਜ਼ਰਾ ਮੱਧਮ ਪੈਂਦੀ ਹੈ ਤਾਂ ਉਹ ਆਪਦੀ ਵਿਅਕਤੀਗਤ ਪੁੱਠ ਵਾਲੀ ਪੰਥਕ ਰਾਜਨੀਤੀ ਦੀ ਗਰੀਸ ਨਾਲ ਫਿਰ ਇਸ ਨੂੰ ਰਵਾਂ ਕਰ ਲੈਂਦੇ ਹਨ। ਇਹ ਪੰਥਕ ਰਾਜਨੀਤੀ ਹੋਰ ਕੁੱਝ ਨਹੀਂ ਕੇਵਲ ਕਾਂਗਰਸ ਦਾ ਸਿੱਧੜ ਜਿਹਾ ਵਿਰੋਧ ਹੈ, ਜਿਸ ਦਾ ਅਰਥ ਹੈ ਕਿ ਜਿਸ ਸਮੱਸਿਆ ਤੋਂ ਲੋਕ ਦੁਖੀ ਹਨ ਜਾਂ ਫਿਰ ਜਿਸ ਤੋਂ ਦੁਖੀ ਹੋ ਸਕਦੇ ਹਨ (ਜਿਵੇਂ ਕਿ ਬੀਤੇ ਦੀ ਕੋਈ ਤ੍ਰਾਸ਼ਦੀ) ਉਸ ਦੀ ਜ਼ਿੰਮੇਵਾਰੀ ਕਾਂਗਰਸ ਸਿਰ ਮੜ੍ਹ ਦੇਣਾ। ਅਨੰਦਪੁਰ ਸਾਹਿਬ ਦੀ ਪਾਵਨ ਭੂਮੀ



ਨੂੰ ਹੋਲੇ ਮਹੱਲੇ ਦੇ ਅਵਸਰ 'ਤੇ ਉਸ ਦੁਆਰਾ ਉਵੇਂ ਹੀ ਵਰਤਿਆ ਗਿਆ ਜਿਵੇਂ ਕਿਸੇ ਸਮੇਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਵਰਤਿਆ ਜਾਂਦਾ ਰਿਹਾ ਸੀ। ਇਸ ਅਵਸਰ 'ਤੇ ਜੁੜੀ ਸੰਗਤ ਸਾਹਮਣੇ ਬਾਦਲ ਸਾਹਿਬ ਨੇ ਵਾਰ ਵਾਰ ਪੰਥ ਤੇ ਪੰਜਾਬ ਨਾਲ ਕਾਂਗਰਸ ਦੁਆਰਾ ਕੀਤੇ ਜਾਂਦੇ ਧੱਕੇ ਤੇ ਵਿਤਕਰੇ ਦੀ ਗੱਲ ਕਹੀ ਜਦਕਿ ਤਕਰੀਬਨ ਹਰ ਰੋਜ਼ ਹੀ ਬਾਦਲ ਸਰਕਾਰ ਰੁਜ਼ਗਾਰ ਮੰਗਦੇ ਮੁੰਡੇ ਕੁੜੀਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਸਿੱਖ ਨੌਜਵਾਨਾਂ ਦੀ ਹੁੰਦੀ ਹੈ, ਨੂੰ ਬੇਰਹਿਮੀ ਨਾਲ ਕੁਟਾਪਾ ਚਾੜ੍ਹਦੀ ਹੈ। ਕਾਂਗਰਸ ਦੀ ਕੇਂਦਰ ਅੰਦਰਲੀ ਤਤਕਾਲੀ ਸਰਕਾਰ ਦੁਆਰਾ ਪੰਜਾਬ ਮਸਲੇ ਨੂੰ ਸਹੀ ਢੰਗ ਨਾਲ ਹੱਲ ਨਾ ਕਰਨ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਪਰ ਸਭ ਨੂੰ ਪਤਾ ਹੈ ਕਿ ਬਾਦਲ ਸਾਹਿਬ ਦੀ ਸੱਤਾ ਲਈ ਭੁੱਖ ਵੀ ਪੰਜਾਬ ਨੂੰ ਬਲਦੀ ਦੇ ਬੂਥੇ ਦੇਣ ਦੀ ਵਜ੍ਹਾ ਬਣੀ। ਇਹ ਗੱਲ ਵੀ ਕਿਸੇ ਤੋਂ ਗੁੱਝੀ ਨਹੀਂ ਕਿ ਪੰਥ ਦੀ ਦੁਹਾਈ ਤਾਂ ਕੇਵਲ ਲੋਕਾਂ ਨੂੰ ਵਰਗਲਾਉਣ ਲਈ ਹੀ ਦਿੱਤੀ ਜਾਦੀ ਹੈ, ਨਿੱਜੀ ਹਿੱਤਾਂ ਲਈ ਤਾਂ ਬਾਦਲ ਸਾਹਿਬ ਕਦੇ ਕਿਸੇ ਨੂੰ ਕਾਂਗਰਸੀ ਨਹੀਂ ਪਰਖਦੇ। ਆਪਣੀ ਕੁੜੀ ਉਨ੍ਹਾਂ ਨੇ ਕਾਂਗਰਸੀ ਪਰਿਵਾਰ ਵਿੱਚ ਵਿਆਹੁਣ ਨੂੰ ਤਰਜੀਹ ਦਿੱਤੀ। ਇਸੇ ਤਰ੍ਹਾਂ ਪਹਿਲੀ ਵਿਧਾਨ ਸਭਾ ਚੋਣ ਵੀ ਕਾਂਗਰਸ ਦੀ ਟਿਕਟ 'ਤੇ ਹੀ ਲੜੀ। ਦਰਅਸਲ, ਬਾਦਲ ਦੁਹਾਈ ਪੰਥ ਦੀ ਦਿੰਤੇ ਹਨ ਤੇ ਕਮਾਈ ਆਪਣੀ ਕੰਪਨੀ ਦੀ ਕਰਦੇ ਹਨ।

## 'ਨੰਨ੍ਹੀ ਛਾਂ' ਪ੍ਰਚਾਰ ਦੇ ਅਸਲ ਦੰਦ

ਬਾਦਲ ਪਰਿਵਾਰ ਦੀ ਨੂੰਹ, ਮਜੀਠੀਆ ਪਰਿਵਾਰ ਦੀ ਧੀ ਤੇ ਉਤਰੀ ਭਾਰਤ ਦੀ ਸੱਭ ਤੋਂ ਅਮੀਰ ਔਰਤ ਹਰਸਿਮਰਤ ਕੌਰ ਬਾਦਲ ਕਾਫੀ ਦੇਰ ਤੋਂ 'ਨੰਨ੍ਹੀ ਛਾਂ' ਪ੍ਰੋਗਰਾਮ ਦੇ ਮਾਧਿਅਮ ਰਾਹੀਂ ਨਾਰੀ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦੀ ਆ ਰਹੀ ਹੈ। ਆਖ਼ਰ ਉਸ ਦੀ ਇਸ ਮੁਹਿੰਮ ਦਾ ਖੋਖਲਾਪਣ ਤੇ ਉਸ ਦੀ ਸ਼ਖ਼ਸੀਅਤ ਦਾ ਦੋਗਲਾਪਣ ਸਾਹਮਣੇ ਆ ਹੀ ਗਿਆ ਜਦੋਂ ਰੁਜ਼ਗਾਰ ਮੰਗਣ ਆਈਆਂ ਕੁੜੀਆਂ ਨੂੰ ਉਸ ਦੇ ਸਾਹਮਣੇ ਹੀ ਨਾ ਕੇਵਲ ਪੁਲਿਸ ਨੇ ਸਗੋਂ ਉਸ ਦੇ ਜਥੇਦਾਰਾਂ ਨੇ ਵੀ ਜ਼ਬਰਦਸਤ ਕੁਟਾਪਾ ਚਾੜ੍ਹਿਆ। ਬੇਰੁਜ਼ਗਾਰ ਨੌਜਵਾਨ ਕੁੜੀਆਂ ਦੀ ਮਾਰ ਕੁਟਾਈ ਤੇ ਖਿੱਚ ਧੂਹ ਕਰਨ ਵਾਲਿਆਂ 'ਚ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਮੋਹਰੀ ਸੀ। ਇਹ ਸਭ ਕੁੱਝ ਗੁਰਦਵਾਰਾ ਸਾਹਿਬ ਦੀ ਹੱਦ ਵਿੱਚ ਵਾਪਰਿਆ, ਜਿਥੇ ਗੁਰਬਾਣੀ ਦਾ ਮਹਾਂਵਾਕ 'ਸੋ ਕਿਉ ਮੰਦਾ ਆਖੀਐ' ਅਕਸਰ ਉਚਾਰਿਆ ਜਾਂਦਾ ਹੈ। ਮੰਦਾ ਕਹਿਣਾ ਤਾਂ ਇੱਕ ਪਾਸੇ ਰਿਹਾ ਇਥੇ ਤਾਂ



ਰਾਜਾਨ ਜੰਮਣ ਵਾਲੀਆਂ 'ਤੇ ਬੁਰੀ ਤਰ੍ਹਾਂ ਕਹਿਰ ਢਾਹਿਆ ਗਿਆ। ਪੀ.ਟੀ.ਆਈ. ਬੇਰੁਜ਼ਗਾਰ ਯੂਨੀਅਨ ਦੇ ਕੋਈ ਢਾਈ ਕੁ ਦਰਜਨ ਨੌਜਵਾਨ ਬੀਬੀ ਬਾਦਲ ਨੂੰ ਆਪਣਾ ਦੁਖੜਾ ਦੱਸਣ ਬਠਿੰਡੇ ਦੇ ਗੁਰਦਵਾਰਾ ਹਾਜੀ ਰਤਨ ਦੇ ਕੰਪਲੈਕਸ ਵਿੱਚ ਆਏ ਸਨ, ਜਦੋਂ ਇਨ੍ਹਾਂ ਨੂੰ ਬੀਬੀ ਨੂੰ ਮਿਲਣੋਂ ਵਰਜਿਆ ਗਿਆ ਤਾਂ ਇਨ੍ਹਾ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕੁੜੀਆਂ ਦਲੇਰ ਸਨ ਆਪਣੀ ਆਵਾਜ਼ ਬੁਲੰਦ ਕਰਨੋਂ ਨਾ ਹੱਟੀਆਂ ਭਾਵੇਂ ਕਿ ਉਨ੍ਹਾਂ ਨੂੰ ਜਥੇਦਾਰਾਂ ਦੀ ਕੁੱਟ ਵੀ ਝੱਲਣੀ ਪਈ। ਦੂਜੇ ਪਾਸੇ ਬੀਬੀ ਬਾਦਲ ਨੇ ਵੀ ਆਪਣਾ ਹਕੂਮਤੀ ਰੰਗ ਵਿਖਾਉਂਦਿਆਂ ਇਸ ਕਹਾਵਤ ਨੂੰ ਸੱਚ ਕਰ ਵਿਖਾਇਆ ਕਿ 'ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਉਣ ਦੇ ਹੋਰ' ਹੁੰਦੇ ਹਨ।

## ਬਜਟ ਪੰਜਾਬ ਦਾ

ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਸਾਲ 2011-12 ਦਾ ਬਜਟ ਵਰਤਮਾਨ



ਗਠਜੋੜ ਸਰਕਾਰ ਦਾ ਆਖਰੀ ਬਜਟ ਹੈ ਤੇ ਇਸ ਦਾ ਸਮੁੱਚਾ ਪ੍ਰਭਾਵ ਇਹ ਹੈ ਕਿ ਪੰਜਾਬ ਦਾ ਖ਼ਜ਼ਾਨਾ ਹੁਣ ਆਖਰੀ ਸਾਹਾਂ 'ਤੇ ਹੈ। ਸਰਕਾਰ ਨੇ ਬਥੇਰੇ ਟੈਕਸ ਵਧਾਏ ਹਨ ਤੇ ਨਵੇਂ ਵੀ ਲਾਏ ਹਨ, ਮਾਲੀਆ ਵਸੂਲੀ ਦੇ ਸਾਧਨਾਂ ਦੀ ਵੀ ਕੋਈ ਕਮੀ ਨਹੀਂ, ਇਕੱਲੇ ਵੈਟ ਤੋਂ ਸਰਕਾਰ ਨੂੰ ਭਾਰੀ ਵਸੂਲੀ ਹੋ ਰਹੀ ਹੈ, ਫਿਰ ਵੀ ਖਜ਼ਾਨਾ ਖਾਲੀ ਦਾ ਖਾਲੀ। ਖਾਲੀ ਖਜ਼ਾਨਾ ਵਿਕਾਸ ਦੀ ਕਤਈ ਜ਼ਾਮਨੀ ਨਹੀਂ ਦੇ ਸਕਦਾ। ਇਸ ਕਰ ਕੇ ਅਜਿਹਾ ਸੋਚਣਾ ਠੀਕ ਹੀ ਹੈ ਕਿ ਸਰਕਾਰ ਜੋ ਵਿਕਾਸ ਦੇ ਦਾਅਵੇ ਕਰ ਰਹੀ ਹੈ, ਸਭ ਖੋਖਲੇ ਹਨ। ਇਹ ਜਾਂ ਤਾਂ ਅਖ਼ਬਾਰੀ ਤੇ ਇਲੈਕਟ੍ਰੌਨਿਕ ਮੀਡੀਆ ਵਿੱਚ ਨਸ਼ਰ ਬਿਆਨਾਂ ਤੱਕ ਸੀਮਤ ਰਹਿਣੇ ਹਨ ਜਾਂ ਫਿਰ ਨੀਂਹ ਪੱਥਰਾਂ ਤੱਕ। ਖਾਲੀ ਖਜ਼ਾਨੇ ਨਾਲ ਤਾਂ ਰਾਜ ਦੇ ਰੋਜ਼ਮਰਾ ਦੇ ਕੰਮ ਚਲਾਉਣੇ ਵੀ ਔਖੇ ਹੋਏ ਪਏ ਹਨ। ਕਿਹਾ ਜਾ ਰਿਹਾ ਹੈ ਕਿ ਸਰਕਾਰ ਆਪਣੇ ਬਹੁਤ ਸਾਰੇ ਖ਼ਰਚੇ ਕਰਜ਼ੇ ਲੈ ਕੇ ਤੇ ਸਰਕਾਰੀ ਜਾਇਦਾਦਾਂ ਵੇਚ-ਵੱਟ ਕੇ ਚਲਾ ਰਹੀ ਹੈ। ਬਜਟ ਵਿੱਚ ਜੇਕਰ ਇਸ ਸਮੇਂ ਪੰਜਾਬ ਦੇ ਕਿਸੇ ਵਰਗ ਨੂੰ ਆਪਣੇ ਲਈ ਕੁੱਝ ਵੀ ਵਿਸ਼ੇਸ਼ ਦਿਖਾਈ ਨਹੀਂ ਦੇ ਰਿਹਾ ਤਾਂ ਇਸ ਦਾ ਅਰਥ ਹੈ ਕਿ ਖਜ਼ਾਨੇ 'ਚ ਕੁੱਝ ਨਹੀਂ ਹੈ ਕਿਉਂਕਿ ਬਜਟ ਅਸਲ ਵਿੱਚ ਖਜ਼ਾਨੇ ਦਾ ਹੀ ਪ੍ਰਤੀਬਿੰਬ ਹੁੰਦਾ ਹੈ। ਖਜ਼ਾਨੇ ਨੂੰ ਕੌਣ ਲੁੱਟ ਕੇ ਖਾ ਰਿਹਾ ਹੈ? ਇਸ ਸਵਾਲ ਦਾ ਜਵਾਬ ਤਾਂ ਇਹੋ ਹੋ ਸਕਦਾ ਹੈ ਕਿ ਜਿਸ ਦੀ ਖਜ਼ਾਨੇ ਤੱਕ ਪਹੁੰਚ ਹੈ, ਉਹੀ ਇਸ ਦੀ ਦੁਰਦਸ਼ਾ ਲਈ ਜ਼ੁੰਮੇਵਾਰ ਹੈ। ਖ਼ੈਰ, ਜੇਕਰ ਵਿਰੋਧੀ ਧਿਰ ਨੇ ਇਸ ਬਜਟ ਨੂੰ 'ਝੂਠ ਦੇ ਪੁਲੰਦੇ' ਤੋਂ ਵੀ ਅੱਗੇ ਜਾ ਕੇ ਗਲਤ ਅੰਕੜੇ ਪੇਸ਼ ਕਰਨ ਵਾਲਾ ਕਿਹਾ ਹੈ ਤਾਂ ਮੁਲਾਜ਼ਮਾਂ ਨੇ ਇਸ ਦੇ ਵਿਰੁੱਧ ਵੱਡੀ ਰੈਲੀ ਕਰ ਕੇ ਕਿਹਾ ਹੈ ਕਿ ਪੰਜਾਬ ਸਰਕਾਰ ਦਾ ਇਹ ਬਜਟ ਮੁਲਾਜ਼ਮ ਵਰਗ ਲਈ ਸੁੱਕੇ ਖੂਹ 'ਚੋਂ ਖ਼ਾਲੀ ਬਾਲਟੀ ਬਾਹਰ ਆਉਣ ਵਾਂਗ ਹੈ।

## ਇਹ ਕਾਲਜ ਕਿਸਦਾ ਹੈ?

ਗੱਲ ਖਾਲਸਾ ਕਾਲਜ ਅੰਮ੍ਰਿਤਸਰ ਦੀ ਹੈ। ਇਹ ਇੱਕ ਇਤਿਹਾਸਕ ਵਿਰਾਸਤੀ ਕਾਲਜ ਹੈ। ਪੰਜਾਬ ਦੇ ਅਧੁਨਿਕ ਬੁਧੀਜੀਵੀਆਂ ਦੀ ਪਹਿਲੀ ਪੀੜ੍ਹੀ ਤਿਆਰ ਕਰਨ ਵਿੱਚ ਇਸ ਕਾਲਜ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਸ ਦਾ ਕੈਂਪਸ ਲਗਭਗ ਦੋ ਸੌ ਏਕੜ ਜ਼ਮੀਨ ਵਿੱਚ ਉਸਰਿਆ ਹੋਇਆ ਹੈ। ਜੇਕਰ ਇਹ ਕਾਲਜ ਨਿੱਜੀ ਹੱਥਾਂ ਵਿਚ ਚਲਿਆ ਜਾਂਦਾ ਹੈ ਤਾਂ ਇਕੱਲੀ ਜ਼ਮੀਨ ਦੇ ਪੱਖੋਂ ਹੀ, ਇਸਨੂੰ ਆਪਣੇ ਹੱਥਾਂ ਵਿੱਚ ਲੈਣ ਵਾਲਿਆਂ ਦੇ ਵਾਰੇ ਨਿਆਰੇ ਹੋ ਜਾਣੇ ਸਨ। ਇਸ ਕਾਲਜ ਨੂੰ ਨਿੱਜੀ ਸਿੱਖ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਦੇ ਬਹਾਨੇ ਨਿੱਜੀ ਹੱਥਾਂ ਵਿੱਚ ਦੇਣ ਦੀ ਪ੍ਰਕਿਰਿਆ ਮੁਕੰਮਲ ਹੋਣ ਹੀ ਵਾਲੀ ਸੀ ਕਿ ਇਸ ਯੋਜਨਾ ਦਾ ਜ਼ੋਰਦਾਰ ਵਿਰੋਧ ਹੋਣਾ ਸ਼ੁਰੂ ਹੋ ਗਿਆ। ਵਿਰੋਧ ਦੀ ਸੁਰ ਕਾਲਜ ਦੇ ਸਟਾਫ਼ ਤੋਂ ਸ਼ੁਰੂ ਹੋਈ। ਉਨ੍ਹਾਂ ਨੂੰ ਯੂਨੀਵਰਸਿਟੀ ਵਾਲੀ ਯੋਜਨਾ ਵਿੱਚ ਆਪਣੇ ਹਿੱਤ ਸੁਰੱਖਿਅਤ ਨਾ ਜਾਪੇ ਕਿਉਂਕਿ ਇਸ ਯੋਜਨਾ ਦੇ ਸਿਰੇ ਚੜ੍ਹਨ ਨਾਲ ਕਾਲਜ ਨੇ ਸਰਕਾਰ ਤੋਂ ਤਨਖ਼ਾਹਾਂ ਲਈ ਮਿਲਦੀ ਪਚਾਨਵੇਂ ਪ੍ਰਤੀਸ਼ਤ ਗ੍ਰਾਂਟ ਤੋਂ ਵੰਚਿਤ ਹੋ ਜਾਣਾ ਸੀ। ਪ੍ਰਸਤਾਵਿਤ ਯੋਜਨਾ ਦੇ ਵਿਰੋਧ ਵਿੱਚ ਫਿਰ ਉਹ ਲੋਕ ਵੀ ਉਠ ਖੜੇ ਹੋਏ ਜਿਨ੍ਹਾਂ ਨੇ ਇਸ ਕਾਲਜ ਦੀ ਸਥਾਪਨਾ ਲਈ ਜ਼ਮੀਨਾਂ ਦਿੱਤੀਆਂ ਸਨ। ਹੁਣ ਸਿੱਖ ਜਥੇਬੰਦੀਆਂ ਤੇ ਚੀਫ ਖ਼ਾਲਸਾ ਦੀਵਾਨ ਵੀ ਇਸ ਕਾਲਜ ਨੂੰ ਵਰਤਮਾਨ ਰੂਪ ਵਿੱਚ ਰੱਖਣ ਦੇ ਪੱਖ ਵਿੱਚ ਨਿੱਤਰ ਆਇਆ ਹੈ। ਸਹਿਮਤੀ ਇਸ ਗੱਲ 'ਤੇ ਬਣੀ ਹੈ ਕਿ ਵਿਰਾਸਤ ਨੂੰ ਵਪਾਰਕ ਹਿੱਤਾਂ ਲਈ ਵਰਤਣ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ। ਸਵਾਲ ਉਠਦਾ ਹੈ ਕਿ ਆਖਰ ਕੌਣ ਇਸ ਵਿਰਾਸਤ ਨੂੰ ਆਨੀ-ਬਹਾਨੀਂ ਵਪਾਰਕ ਹਿੱਤਾਂ ਲਈ ਹਥਿਆਉਣਾ ਚਾਹੁੰਦਾ ਸੀ? ਉਂਗਲ ਬਾਦਲਾਂ ਦੇ ਕੁੜਮਾਂ ਅਥਰਾਤ ਮਜੀਠੀਆ ਪਰਿਵਾਰ ਵੱਲ ਉਠ ਰਹੀ ਹੈ। ਪਰ ਪ੍ਰਸਤਾਵਿਤ ਯੋਜਨਾ ਦੇ ਵਿਆਪਕ ਵਿਰੋਧ ਨੇ ਦਰਸਾ ਦਿੱਤਾ ਹੈ ਕਿ ਇਹ ਕਾਲਜ ਉਨ੍ਹਾਂ ਦਾ ਨਹੀਂ ਹੈ। ਹਰ ਵਿਰਾਸਤ ਅੰਤਮ ਰੂਪ ਵਿੱਚ ਲੋਕਾਂ ਦੀ ਹੀ ਹੁੰਦੀ ਹੈ।

## ਬਾਗੀ ਬਾਦਲ ਨੇ ਬਣਾਈ ਵਖਰੀ ਪਾਰਟੀ

ਕੁਝ ਮਹੀਨੇ ਜਾਗੋ ਪੰਜਾਬ ਦਾ ਬੈਨਰ ਲੈ ਕੇ ਪੰਜਾਬ ਦੇ ਕਈ ਖੇਤਰਾਂ 'ਚ ਲਾਮਬੰਦੀ ਕਰਨ ਉਪਰੰਤ 27 ਮਾਰਚ ਨੂੰ ਖਟਕੜ ਕਲਾਂ 'ਚ ਆਪਣੀ ਸਿਆਸੀ ਰੈਲੀ ਕਰਨ ਤੋਂ ਇੱਕ ਦਿਨ ਪਹਿਲਾਂ ਸਾਬਕਾ ਵਿੱਤ ਮੰਤਰੀ ਪੰਜਾਬ ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਵਿਧਾਨ ਸਭਾ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ । ਖਟਕੜ ਕਲਾਂ 'ਚ ਕੀਤੀ ਰੈਲੀ 'ਚ ਉਸ ਨੇ ਆਪਣੀ ਨਵੀਂ ਪਾਰਟੀ 'ਪੀਪਲਜ਼ ਪਾਰਟੀ ਆਫ਼ ਪੰਜਾਬ' ਕਾਇਮ ਕਰਨ ਦਾ ਐਲਾਨ ਵੀ ਕਰ ਦਿੱਤਾ ਹੈ। ਆਪਣੇ ਅਸਤੀਫ਼ੇ ਦੇ ਪੱਤਰ ਨੂੰ ਉਸ ਨੇ ਮੀਡੀਆ ਵਿੱਚ ਨਸ਼ਰ ਕੀਤਾ ਹੈ। ਇਸ ਪੱਤਰ ਵਿੱਚ ਉਸ ਨੇ ਪੰਜਾਬ ਦੀਆਂ ਮੁੱਖ ਸਮੱਸਿਆਵਾਂ ਨੂੰ ਲੈ ਕੇ ਦੁੱਖ ਪ੍ਰਗਟਾਇਆ



ਹੈ। ਆਪਣੇ ਪੱਤਰ ਵਿੱਚ ਉਸ ਨੇ ਨਿੱਜੀ ਸਵਾਰਥ, ਧਰਮ ਤੇ ਜਾਤ ਅਧਾਰਿਤ ਰਾਜਨੀਤੀ ਨੂੰ ਨਕਾਰਿਆ ਹੈ। ਉਸ ਨੇ ਅਤੀਤ ਨਾਲੋਂ ਟੁੱਟ ਕੇ ਅਜਿਹੇ ਭਵਿੱਖ ਨਾਲ ਜੁੜਨ ਦੀ ਗੱਲ ਕਹੀ ਹੈ ਜਿਥੇ ਦਿਲ 'ਚ ਕੋਈ ਡਰ ਨਾ ਹੋਵੇ ਤੇ ਸਿਰ ਸਨਮਾਨ ਨਾਲ ਉਚਾ ਰਹੇ। ਖਟਕੜ ਕਲਾਂ 'ਚ ਆਪਣੇ ਸਮਰਥਕਾਂ ਨੂੰ ਸੰਬੋਧਿਤ ਹੁੰਦਿਆਂ ਵੀ ਭਾਵੁਕ ਲਹਿਜ਼ੇ ਵਿੱਚ ਮਨਪ੍ਰੀਤ ਸਿੰਘ ਬਾਦਲ ਨੇ ਕੁੱਝ ਅਜਿਹੀਆਂ ਹੀ ਗੱਲਾਂ ਕੀਤੀਆਂ। ਇਥੇ ਉਸ ਨੇ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਸੁਖਦੇਵ ਸਿੰਘ ਦੇ ਪਰਿਵਾਰਕ ਵਾਰਸਾਂ ਨੂੰ ਆਪਣੀ ਪਾਰਟੀ ਦੀਆਂ ਪਹਿਲੀਆਂ ਦੋ ਟਿਕਟਾਂ ਦੇਣ ਦਾ ਐਲਾਨ ਵੀ ਕੀਤਾ। ਦੋਵੇਂ ਉਮੀਦਵਾਰ ਅਭੈ ਸਿੰਘ ਸੰਧੂ ਅਤੇ ਭਾਰਤ ਭੂਸ਼ਣ ਥਾਪਰ ਰੈਲੀ ਵਿੱਚ ਮੌਜੂਦ ਸਨ। ਮਨਪ੍ਰੀਤ ਬਾਦਲ ਦਾ ਭਾਸ਼ਣ ਬਾਦਲਾਂ ਦੇ ਕਹੇ ਜਾਂਦੇ ਨੈੱਟਵਰਕ ਵਲੋਂ ਟੈਲੀਕਾਸਟ ਕੀਤਾ ਗਿਆ। ਜਦਕਿ ਇਸ ਨੈੱਟਵਰਕ ਨੇ 'ਡੇ ਐਂਡ ਨਾਈਟ' ਚੈਨਲ ਦਿਖਾਉਣਾ ਬੰਦ ਕਰ ਦਿੱਤਾ ਹੈ, ਕਿਉਂਕਿ ਇਹ ਚੈਨਲ ਕਾਂਗਰਸ ਤੇ ਹੋਰ ਬਾਦਲ ਵਿਰੋਧੀਆਂ ਨੂੰ ਵੀ ਕਵਰੇਜ਼ ਦਿੰਦਾ ਆ ਰਿਹਾ ਹੈ। ਆਪਣੇ ਬੰਦੇ ਦਾ ਲਿਹਾਜ਼ ਕਈ ਸੰਦੇਹ ਪੈਦਾ ਕਰਨ ਵਾਲਾ ਹੈ। ਮਨਪ੍ਰੀਤ ਸਿੰਘ ਬਾਦਲ ਕੋਲ ਨਵ-ਉਦਾਰਵਾਦੀ ਆਰਥਿਕ ਨੀਤੀਆਂ, ਜਿਹੜੀਆਂ ਪੰਜਾਬ ਦੀ ਆਰਥਿਕਤਾ 'ਚ ਵੱਡੇ ਸੰਕਟ ਉਤਪੰਨ ਕਰ ਰਹੀਆਂ ਹਨ, ਨਾਲ ਸਿੱਝਣ ਲਈ ਕਿਹੜੀ ਰਣਨੀਤੀ ਹੈ, ਇਹ ਸ਼ਾਇਦ ਮਨਪ੍ਰੀਤ ਸਿੰਘ ਨੂੰ ਖ਼ੁਦ ਵੀ ਨਹੀਂ ਪਤਾ। ਹਾਲ ਦੀ ਘੜੀ ਉਹ ਤਰਲ ਮਾਨਸਿਕਤਾ ਰੱਖਣ ਵਾਲੇ ਮੱਧ ਵਰਗ ਦੇ ਇੱਕ ਸੀਮਿਤ ਹਿੱਸੇ ਦੀ ਭਾਵੁਕ ਰਾਜਸੀ ਅਭਿਲਾਸ਼ਾ ਨੂੰ ਹੀ ਸਤੁੰਸ਼ਟ ਕਰ ਰਿਹਾ ਹੈ।

## ਛੇਕੜਲੀ ਗੱਲ :

ਬਘੇਲ ਸਿਉਂ ਦਾ ਸ਼ਰੀਕੇ 'ਚ ਪੈਂਠ ਬਣਾ ਕੇ ਰੱਖਣ ਦਾ ਆਪਣਾ ਹੀ ਢੰਗ ਹੈ। ਪੁੱਤਰ ਉਸ ਦਾ ਚੰਗਾ ਜਰਵਾਣਾ ਹੈ ਤੇ ਉਹ ਖੁਦ ਵੀ ਕੋਈ ਘੱਟ ਰੋਅਬਦਾਰ ਨਹੀਂ। ਉਸ ਦੇ ਭਰਾ ਭਤੀਜੇ ਕੀ ਕਰਦੇ ਹਨ, ਕਿਵੇਂ ਰਹਿੰਦੇ ਹਨ, ਕਿੱਥੇ ਜਾਂਦੇ ਹਨ, ਕੀ ਸੋਚਦੇ ਹਨ? ਉਹ ਇਨ੍ਹਾਂ ਗੱਲਾਂ ਨਾਲ ਕੋਈ ਸਰੋਕਾਰ ਨਹੀਂ ਰੱਖਦਾ। ਪਰ ਜਦ ਕਦੇ ਉਸ ਨੂੰ ਭਿਣਕ ਪੈਂਦੀ ਹੈ ਕਿ ਉਸ ਦਾ ਕੋਈ ਭਰਾ-ਭਤੀਜਾ ਆਪਣੀ ਕਿੱਲਾ ਖੰਡ ਭੌਂਇ ਕਿਸੇ ਨੂੰ ਬੈਅ ਕਰਨ ਨੂੰ ਫਿਰਦਾ ਤਾਂ ਉਹ ਉਸ ਨੂੰ ਝੱਟ ਜਾ ਪਲੋਸਦਾ, "ਨਹੀਂ ਭਰਾਵਾ, ਆਪਾਂ ਪੁਰਖਿਆਂ ਦੀ ਪੈਲੀ ਨਹੀਂ ਵੇਚਣੀ, ਹਾਂ ਜੋ ਤੇਰਾ ਨਹੀਂ ਸਰਦਾ ਤਾਂ ਤੂੰ ਮੇਰੇ ਨਾਲ ਸੌਦਾ ਕਰ ਜ਼ਮੀਨ ਘਰ ਰਹਿ ਜੂ, ਬਾਹਰ ਨਾ ਜਾਊ... ਫਿਰ ਵੀ ਆਪਣਾ ਖ਼ੂਨ ਇਕ ਹੈ...।" ਗੱਲਾਂ ਹੀ ਬਘੇਲ ਸਿਉਂ ਅਜਿਹੀਆਂ ਕਰਦਾ ਕਿ ਸ਼ਰੀਕ ਮੱਲੋਮੱਲੀ ਪਸੀਜ ਜਾਂਦਾ। ਇਉਂ ਬਘੇਲ ਸਿਉਂ ਆਪਣੇ ਸ਼ਰੀਕੇ ਦੀ ਸਾਰੀ ਜਾਇਦਾਦ ਇਕੱਠੀ ਕਰੀ ਜਾ ਰਿਹਾ ਹੈ। ਕਿਆਫੇ ਲਾਏ ਜਾ ਰਹੇ ਹਨ ਕਿ ਸ. ਪ੍ਰਕਾਸ਼ ਸਿੰਘ ਬਾਦਲ ਵੀ ਆਖ਼ਰ ਮਨਪ੍ਰੀਤ ਬਾਦਲ ਨਾਲ ਇਵੇਂ ਹੀ ਕਰੇਗਾ ਸਿਆਸੀ-ਲੋੜ ਪੈਣ 'ਤੇ ਵਡਿਆ ਲਵੇਗਾ। ਲਗਦਾ ਨਹੀਂ ਕਿ ਵੱਡਾ ਬਾਦਲ ਮਨਪ੍ਰੀਤ ਸਿੰਘ ਬਾਦਲ ਦੀ ਸਿਆਸੀ ਜ਼ਮੀਨ (ਜੇਕਰ ਵਿਕਣ ਲੱਗੀ) ਕਿਤੇ ਬਾਹਰ ਵਾਲੇ ਦੇ ਹੱਥੀਂ ਆਸਾਨੀ ਨਾਲ ਜਾਣ ਦੇਵੇਗਾ। □

# ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਕਮਜ਼ੋਰ ਰਹੇ ਕਾਂਗਰਸ ਦੇ ਤੇਵਰ

ਚੰਡੀਗੜ੍ਹ, (ਸੁਰਿੰਦਰ ਧੀਮਾਨ) ਇਸ ਵਾਰ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਵਿਰੋਧੀ ਦਲ ਕਾਂਗਰਸ ਦੀ ਭੂਮਿਕਾ ਕਾਫੀ ਕਮਜ਼ੋਰ ਰਹੀ। ਸੱਤਾ ਧਿਰ ਜਿਥੇ ਚੋਣਾਂ ਦੇ ਮੱਦੇਨਜ਼ਰ ਲੁਭਾਉ ਬਜਟ ਪੇਸ਼ ਕਰ ਕੇ ਵਾਹਵਾਹੀ ਲੁੱਟਣ ਵਿੱਚ ਸਫ਼ਲ ਰਿਹਾ, ਉਥੇ ਉਸ ਨੇ ਯੂ.ਪੀ.ਏ. ਦੇ ਘੁਟਾਲਿਆਂ ਦੇ ਮੁੱਦੇ ਉਭਾਰ ਕੇ ਸਦਨ ਵਿੱਚ ਕਾਂਗਰਸ ਦੇ ਵਿਰੋਧ ਦੀ ਧਾਰ ਖੁੰਡੀ ਕਰ ਦਿੱਤੀ। ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਦਾ ਇਹ ਅੰਤਿਮ ਬਜਟ ਸੀ।

ਰਾਜਪਾਲ ਦੇ ਭਾਸ਼ਣ ਨੂੰ ਝੂਠ ਦਾ ਪੁਲੰਦਾ ਅਤੇ ਹਸੀਨ ਸੁਪਨੇ ਦੱਸ ਕੇ ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ ਆਪਣੀ ਪਾਰਟੀ ਵੱਲੋਂ ਜ਼ਿਆਦਾ ਕੁਝ ਨਹੀਂ ਬੋਲ ਸਕੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਸਾਰੇ ਮੰਤਰੀਆਂ ਨੂੰ ਖਦਸ਼ਾ ਸੀ ਕਿ ਸੂਬਾ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਘੇਰਨਗੇ, ਪਰ ਕੈਪਟਨ ਅੰਕੜਿਆਂ ਦੇ ਮੱਕੜਜਾਲ ਵਿੱਚ ਉਲਝ ਕੇ ਰਹਿ ਗਿਆ ਅਤੇ ਸੱਤਾ ਪੱਖ ਨੂੰ ਸਦਨ ਵਿੱਚ ਘੇਰਨ ਦੀ ਬਜਾਏ ਬਜਟ ਚਰਚਾ ਦੇ ਬਾਈਕਾਟ ਦਾ ਐਲਾਨ ਕਰ ਬੈਠਿਆ। ਇਸ ਦਾ ਨਤੀਜਾ ਇਹ ਹੋਇਆ ਕਿ ਕਾਂਗਰਸ ਦੇ ਕਈ ਵਿਧਾਇਕ, ਜੋ ਬਜਟ 'ਤੇ ਸਰਕਾਰ ਨੂੰ ਘੇਰਨਾ ਚਾਹੁੰਦੇ ਸਨ, ਉਨ੍ਹਾਂ ਦੇ ਹੱਥੋਂ ਮੌਕਾ ਨਿਕਲ ਗਿਆ। ਇਹ ਗੱਲ 25 ਮਾਰਚ ਉਦੋਂ ਖੁੱਲ੍ਹ ਕੇ ਸਾਹਮਣੇ ਆਈ ਜਦੋਂ ਬੀਬੀ ਭੱਠਲ ਨੇ ਕਿਹਾ ਕਿ ਬਾਈਕਾਟ ਕਰਨਾ ਗਲਤੀ ਸੀ। ਹਾਲਾਂਕਿ ਬਾਅਦ ਵਿੱਚ ਭੱਠਲ ਨੇ ਬਿਆਨ ਜਾਰੀ ਕੀਤਾ ਕਿ ਉਨ੍ਹਾਂ ਨੇ ਅਜਿਹਾ ਨਹੀਂ ਕਿਹਾ ਸੀ।

ਬਜਟ ਦਾ ਬਾਈਕਾਟ ਕਰਨ ਦਾ ਘਾਟਾ ਕਾਂਗਰਸ ਵਿਧਾਇਕਾਂ ਨੇ ਮੰਗ ਅਤੇ ਵਿੱਤੀ ਬਿਲ 'ਤੇ ਬੋਲ ਕੇ ਪੂਰਾ ਕੀਤਾ। ਉਧਰ ਵਿੱਤ ਮੰਤਰੀ ਦੇ ਤੌਰ 'ਤੇ ਡਾ. ਉਪਿੰਦਰਜੀਤ ਕੌਰ ਦਾ ਪਹਿਲਾ ਬਜਟ ਸੀ। ਉਨ੍ਹਾਂ ਨੇ ਸਮਾਜ ਕਲਿਆਣ, ਕੁੜੀਆਂ ਲਈ ਬਾਰਵ੍ਹੀਂ ਤੱਕ ਸਿਖਿਆ ਮੁਫ਼ਤ ਕਰਨ ਵਰਗੇ ਐਲਾਨ ਕਰਕੇ ਵਾਹ-ਵਾਹ ਹਾਸਲ ਕੀਤੀ। ਸੂਬੇ ਵਿੱਚ ਅਗਲੇ ਸਾਲ ਫਰਵਰੀ ਵਿੱਚ ਵਿਧਾਨ ਸਭਾ ਚੋਣਾਂ ਹੋਣਗੀਆਂ, ਜਿਸ ਵਿੱਚ ਦੋ ਮਹੀਨੇ ਪਹਿਲਾਂ ਜ਼ਾਬਤਾ ਲਾਗੂ ਹੋ ਜਾਵੇਗਾ। ਅਜਿਹੇ ਸਮੇਂ ਸਰਕਾਰ ਨੂੰ 8 ਮਹੀਨੇ ਹੀ ਕੰਮ ਕਰਨ ਦਾ ਮੌਕਾ ਮਿਲੇਗਾ।

# ਪੰਜਾਬ ਸਰਕਾਰ ਨੇ ਖਾਲਸਾ ਕਾਲਜ ਬਾਰੇ ਫੈਸਲਾ ਟਾਲਿਆ



ਚੰਡੀਗੜ੍ਹ, (ਨਦਬ) : ਪੰਜਾਬ ਮੰਤਰੀ ਮੰਡਲ ਵੱਲੋਂ ਅੰਮ੍ਰਿਤਸਰ ਦੇ ਖਾਲਸਾ ਕਾਲਜ ਨੂੰ ਨਿੱਜੀ ਯੂਨੀਵਰਸਿਟੀ ਦਾ ਦਰਜਾ ਦੇਣ ਬਾਰੇ ਫਿਲਹਾਲ ਕੋਈ ਫੈਸਲਾ ਨਹੀਂ ਲਿਆ ਗਿਆ। ਕਈ ਮੰਤਰੀਆਂ ਨੇ ਸਰਕਾਰ ਵੱਲੋਂ ਇਸ ਸਬੰਧੀ ਪੇਸ਼ ਮੱਦ ਦਾ ਵਿਰੋਧ ਕੀਤਾ ਜਿਸ ਕਾਰਨ ਮੰਤਰੀ ਮੰਡਲ ਨੇ ਇਸ ਬਾਰੇ ਫੈਸਲੇ ਨੂੰ ਅੱਗੇ ਪਾ ਦਿੱਤਾ। ਵਿਰੋਧ ਕਰਨ ਵਾਲਿਆਂ ਵਿੱਚ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਪ੍ਰਮੁੱਖ ਸਨ ਤੇ ਕਈ ਹੋਰ ਮੰਤਰੀਆਂ ਨੇ ਵੀ ਪੰਚਾਇਤ ਮੰਤਰੀ ਦੇ ਪੱਖ 'ਚ ਹੁੰਗਾਰਾ ਭਰਿਆ।

ਸੂਤਰਾਂ ਮੁਤਾਬਕ ਮੰਤਰੀ ਮੰਡਲ ਅੱਗੇ ਖਾਲਸਾ ਕਾਲਜ ਦਾ ਮੈਮੋਰੰਡਮ ਪੇਸ਼ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਇਸ ਮੁੱਦੇ 'ਤੇ ਚਰਚਾ ਕੀਤੀ। ਪੰਚਾਇਤ ਮੰਤਰੀ ਨੇ ਤਰਕ ਦਿੱਤਾ ਕਿ ਕਾਲਜ ਨੂੰ ਬੰਦ ਕਰਕੇ 'ਵਰਸਿਟੀ ਨਾ ਬਣਾਈ ਜਾਵੇ ਕਿਉਂਕਿ ਕਾਲਜ ਸਰਕਾਰ ਵੱਲੋਂ ਦਿੱਤੀ ਜਾਂਦੀ 95 ਫੀਸਦੀ ਗਰਾਂਟ ਨਾਲ ਚੱਲਦਾ ਹੈ ਤੇ ਮਾਝੇ ਦਾ ਇੱਕੋ-ਇਕ ਮੰਨਿਆ- ਪ੍ਰਮੰਨਿਆ ਕਾਲਜ ਹੈ ਜਿੱਥੇ ਆਮ ਘਰਾਂ ਦੇ ਬੱਚੇ ਪੜ੍ਹਦੇ ਹਨ। ਉਹ 'ਵਰਸਿਟੀ ਦੀ ਸਥਾਪਨਾ ਦਾ ਵਿਰੋਧ ਨਹੀਂ ਕਰਦੇ ਜੇਕਰ ਯੂਨੀਵਰਸਿਟੀ ਬਣਾਉਣੀ ਹੀ ਹੈ ਤਾਂ ਕਾਲਜ ਦੀ ਜ਼ਮੀਨ 'ਤੇ ਹੀ ਵੱਖਰੇ ਤੌਰ 'ਤੇ ਬਣਾ ਦਿੱਤੀ ਜਾਵੇ। ਕੁਝ ਹੋਰਨਾਂ ਮੰਤਰੀਆਂ ਨੇ ਵੀ ਸ੍ਰੀ ਬ੍ਰਹਮਪੁਰਾ ਦੀਆਂ ਦਲੀਲਾਂ ਨਾਲ ਸਹਿਮਤੀ ਪ੍ਰਗਟਾਈ।

### ਹੋਦ ਚਿੱਲੜ ਕਾਂਡ 'ਤੇ ਨਿੰਦਾ ਮਤਾ ਪਾਸ

# ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਅਣਮਿਥੇ ਸਮੇਂ ਲਈ ਮੁਲਤਵੀ

ਚੰਡੀਗੜ੍ਹ (ਨਦਬ) ਪੰਜਾਬ ਵਿਧਾਨ ਸਭਾ ਵਿੱਚ ਗੈਰ ਸਰਕਾਰੀ ਮਤਿਆਂ 'ਤੇ ਹੋਈ ਬਹਿਸ ਦੌਰਾਨ ਹੋਦ ਚਿੱਲੜ ਕਾਂਡ 'ਤੇ ਨਿੰਦਾ ਮਤਾ ਪਾਸ ਕੀਤਾ ਗਿਆ। ਦੋਵਾਂ ਧਿਰਾਂ ਨੇ ਇਸ ਮੁੱਦੇ 'ਤੇ ਜੰਮ ਕੇ ਬਹਿਸ ਕੀਤੀ। ਹਾਲਾਂਕਿ ਸੱਤਾ ਧਿਰ ਦੇ ਮੈਂਬਰਾਂ ਦੀ ਬਹਿਸ ਸਿਰਫ਼ 84 ਦੇ ਕਤਲੇਆਮ ਤੇ ਪੰਜਾਬ ਨਾਲ ਜੁੜੀਆਂ ਹੋਰਨਾਂ ਮੰਗਾਂ 'ਤੇ ਕੇਂਦਰਤ ਰਹੀ, ਪਰ ਇਨ੍ਹਾਂ ਮੁੱਦਿਆਂ ਨੂੰ ਕਾਂਗਰਸ ਨੇ ਅਤਿਵਾਦ ਵੱਲ ਮੋੜ ਦੇ ਦਿੱਤਾ।

ਉਧਰ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਸਮਾਪਤ ਹੋ ਗਿਆ। ਇਕ ਪ੍ਰਸਤਾਵ ਪਾਸ ਕਰ ਕੇ ਸਦਨ ਨੂੰ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਸੜਕ ਹਾਦਸਿਆਂ ਦਾ ਮਾਮਲਾ ਉਠਾਇਆ। ਇਸ ਸਬੰਧੀ ਹਾਊਸ ਕਮੇਟੀ ਕਾਇਮ ਕਰਨ ਦਾ ਸਪੀਕਰ ਨੇ ਭਰੋਸਾ ਦਿੱਤਾ। ਕਮੇਟੀ ਜਲਦੀ ਹੀ ਆਪਣੀ ਰਿਪੋਰਟ ਵਿਧਾਨ ਸਭਾ ਵਿੱਚ ਪੇਸ਼ ਕਰੇਗੀ।

## ਪੰਜਾਬ 'ਚ ਪੋਲੀਥੀਨ ਲਿਫਾਫਿਆਂ 'ਤੇ ਪਾਬੰਦੀ ਪਹਿਲੀ ਮਈ ਤੋਂ

ਚੰਡੀਗੜ੍ਹ, (ਨਦਬ) : ਪੰਜਾਬ ਮੰਤਰੀ ਮੰਡਲ ਨੇ ਰਾਜ ਭਰ ਵਿੱਚ ਪੋਲੀਥੀਨ ਦੇ ਲਿਫਾਫਿਆਂ 'ਤੇ ਪਹਿਲੀ ਮਈ ਤੋਂ ਪਾਬੰਦੀ ਲਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਮੰਤਰੀ ਮੰਡਲ ਨੇ ਇਸ ਮਾਮਲੇ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਕਿ ਵਾਤਾਵਰਨ ਲਈ ਵੱਡੀ ਚੁਣੌਤੀ ਬਣੇ ਪਲਾ-ਸਟਿਕ ਦੇ ਲਿਫਾਫਿਆਂ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਮੰਤਰੀ ਮੰਡਲ ਦੀ ਰਾਏ ਸੀ ਕਿ ਇਸ ਸਬੰਧੀ ਕਾਨੂੰਨ ਪਹਿਲਾਂ ਹੀ ਮੌਜੂਦ ਹਨ। ਇਸ ਨੂੰ ਲਾਗੂ ਕਰਨ ਦੀ ਜ਼ਰੂਰਤ ਹੈ। ਮੰਤਰੀ ਮੰਡਲ ਨੇ ਮੁੱਖ ਸਕੱਤਰ ਨੂੰ ਕਿਹਾ ਹੈ ਕਿ ਇਸ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਜਾਵੇ ਤਾਂ ਜੋ ਲੋੜੀਂਦੇ ਪ੍ਰਬੰਧ ਕੀਤੇ ਜਾ ਸਕਣ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਪਲਾਸਟਿਕ ਲਿਫ਼ਾਫ਼ਿਆਂ 'ਤੇ ਪਾਬੰਦੀ ਦੀ ਮੰਗ ਭਾਜਪਾ ਵਿਧਾਇਕ ਜਗਦੀਸ਼ ਸਾਹਨੀ ਨੇ ਕੀਤੀ ਸੀ। ਉਨ੍ਹਾਂ ਕਿਹਾ ਸੀ, 'ਜਦੋਂ ਵਿਧਾਨ ਸਭਾ ਵਿੱਚ ਇਸ ਸਬੰਧੀ ਐਕਟ ਪਾਸ ਕੀਤਾ ਜਾ ਚੁੱਕਾ ਹੈ ਤਾਂ ਇਸ 'ਤੇ ਕਾਰਵਾਈ ਕਿਉਂ ਨਹੀਂ ਹੋ ਰਹੀ?' ਉਨ੍ਹਾਂ ਨੇ ਕਿਹਾ ਕਿ ਪਲਾਸਟਿਕ ਦੇ ਲਿਫ਼ਾਫ਼ਿਆਂ ਨਾਲ ਆਏ ਦਿਨ ਸੀਵਰੇਜ ਜਾਮ ਰਹਿੰਦੇ ਹਨ ਜੋ ਗੰਦਗੀ ਦਾ ਕਾਰਨ ਬਣਦੇ ਹਨ।

# ਖੰਨਾ ਅਦਾਲਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਸੰਮਨ



ਖੰਨਾ, (ਨਦਬ) : ਪਿੰਡ ਰੌਣੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ ਦੀ ਕਮੇਟੀ ਵੱਲੋਂ ਨਵੀਂ ਇਮਾਰਤ ਬਣਾਉਣ ਦੇ ਵਿਰੋਧ ਵਿਚ ਪਿੰਡ ਦੇ ਕੁਝ ਵਿਅਕਤੀਆਂ ਵੱਲੋਂ ਕਮੇਟੀ 'ਤੇ ਲਾਏ ਦੋਸ਼ਾਂ ਦਾ ਮਾਮਲਾ ਉਸ ਸਮੇਂ ਨਵਾਂ ਮੋੜ ਲੈ ਗਿਆ ਜਦੋਂ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਤਿੰਨ ਅਹੁਦੇਦਾਰਾਂ ਦੇ ਨਾਲ -ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਖੰਨਾ ਦੀ ਅਦਾਲਤ ਵੱਲੋਂ ਸੰਮਨ ਜਾਰੀ ਹੋ ਗਏ। ਗੁਰਮੀਤ ਟਿਵਾਣਾ, ਸੀ.ਜੇ.ਜੇ.ਡੀ. ਸਿਵਲ ਕੋਰਟ ਵੱਲੋਂ ਭੇਜੇ ਸੰਮਨਾਂ 'ਤੇ ਕਮੇਟੀ ਮੈਂਬਰਾਂ ਨੇ ਸਖ਼ਤ ਇਤਰਾਜ਼ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰਕ ਮੈਂਬਰ ਅਤੇ ਸਰਕਲ ਜਥੇਦਾਰ ਭਰਪੂਰ ਸਿੰਘ ਰੌਣੀ ਨੇ ਦੱਸਿਆ ਕਿ 16 ਮਾਰਚ ਨੂੰ ਸ਼ਾਮ 5 ਵਜੇ ਅਦਾਲਤ ਵੱਲੋਂ ਭੇਜੇ ਸੰਮਨ ਮਿਲੇ ਪਰ ਹੈਰਾਨੀ ਦੀ ਉਦੋਂ ਹੱਦ ਨਾ ਰਹੀ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਦਾਲਤ ਵੱਲੋਂ ਸੰਮਨ ਭੇਜੇ ਗਏ। ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ ਲਿਜਾਇਆ ਜਾਵੇਗਾ ਕਿਉਕਿ ਇਸ ਨਾਲ ਸਿੱਖ ਸੰਗਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਥਿਤ ਦੋਸ਼ ਲਾਇਆ ਕਿ ਸੁਰਜੀਤ ਸਿੰਘ, ਅਮਰੀਕ ਸਿੰਘ ਤੇ ਧਰਮ ਸਿੰਘ ਨੇ ਜਾਣ-ਬੁੱਝ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਸੰਮਨ ਜਾਰੀ ਕਰਵਾਏ ਹਨ। ਜਥੇਦਾਰ ਮਨੋਹਰ ਸਿੰਘ ਨੇ ਕਿਹਾ ਕਿ ਕਮੇਟੀ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਨਵੇਂ ਸਿਰਿਓਂ ਕਰਵਾਉਣ ਲਈ ਵਿਚਾਰ-ਵਟਾਂਦਰਾ ਕਰ ਰਹੀ ਸੀ ਪਰ ਇਨ੍ਹਾਂ ਵਿਅਕਤੀਆਂ ਨੇ ਮਾਮੂਲੀ ਗੱਲ ਨੂੰ ਲੈ ਕੇ ਇਹ ਕਾਰਾ ਕਰ ਦਿੱਤਾ। ਦੂਜੇ ਪਾਸੇ ਤਿੰਨੋਂ ਵਿਅਕਤੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਅਦਾਲਤ ਵਿਚ ਜਥੇਦਾਰ ਭਰਪੂਰ ਸਿੰਘ, ਬਲਵੰਤ ਸਿੰਘ ਅਤੇ ਮਨੋਹਰ ਸਿੰਘ ਵਿਰੁੱਧ ਅਰਜ਼ੀ ਦਾਇਰ ਕੀਤੀ ਸੀ ਕਿ ਇਹ ਠੀਕ-ਠਾਕ ਇਮਾਰਤ ਨੂੰ ਢਹਿ-ਢੇਰੀ ਕਰਕੇ ਨਵੀ ਇਮ-ਾਰਤ ਬਣਾਉਣ ਦੇ ਬਹਾਨੇ ਵਾਧੂ ਖਰਚੇ ਪਾ ਰਹੇ ਹਨ। ਇਸ ਕਾਰਨ ਉਨ੍ਹਾਂ ਨੇ ਅਦਾਲਤ ਤੋਂ ਸਟੇਅ ਲਈ ਹੈ ਤਾਂ ਕਿ ਇਹ ਵਿਅਕਤੀ ਗੁਰੂ-ਘਰ ਦੀ ਇਮਾਰਤ ਨਾਲ ਛੇੜ-ਛਾੜ ਨਾ ਕਰਨ।

# ਪੰਜਾਬ ਵਿੱਚ ਬਿਜਲੀ ਸੰਕਟ ਗਹਿਰਾਇਆ ਅਣ ਐਲਾਨੇ ਬਿਜਲੀ ਕੱਟ ਲਾਗੂ

ਪਟਿਆਲਾ, (ਨਦਬ) ; ਗਰਮੀ ਦਾ ਮੌਸਮ ਹਾਲਾਂ ਸ਼ੁਰੂ ਹੀ ਹੋਇਆ ਹੈ ਕਿ ਪਾਵਰ ਕਾਮ ਵਲੋਂ ਲਗਾਏ ਜਾਂਦੇ ਅਣ ਐਲਾਨੇ ਬਿਜਲੀ ਕੱਟਾਂ ਨੇ ਖਪਤਕਾਰਾਂ ਨੂੰ ਪਸੀਨੇ ਲਿਆ ਦਿੱਤੇ ਹਨ। ਪਾਵਰ ਕਾਮ ਅਧਿਕਾਰੀਆਂ ਨੇ ਸਨਅਤਾਂ 'ਤੇ ਵੀ ਬਿਜਲੀ ਸਪਲਾਈ ਵਾਸਤੇ ਬੰਦਸਾਂ ਲਾ ਦਿੱਤੀਆਂ ਹਨ, ਜਿਸ ਨਾਲ ਸਨਅਤਕਾਰ ਵੀ ਪ੍ਰੇਸ਼ਾਨੀ ਵਿੱਚੋਂ ਲੰਘ ਰਹੇ ਹਨ। ਸੂਤਰਾਂ ਅਨੁਸਾਰ ਪੰਜਾਬ ਵਿੱਚ ਬਿਜਲੀ ਦੀ ਮੰਗ 1,140 ਲੱਖ ਯੂਨਿਟ ਤੋਂ ਵਧ ਗਈ ਹੈ, ਜਦੋਂ ਕਿ ਸਾਰੇ ਸਰੋਤਾਂ ਤੋਂ ਬਿਜਲੀ ਸਿਰਫ਼ 955 ਲੱਖ ਯੂਨਿਟ ਹੀ ਮਿਲ ਰਹੀ ਹੈ। ਇਸ ਤਰ੍ਹਾਂ ਘਾਟੇ ਨੂੰ ਪੂਰਿਆਂ ਕਰਨ ਲਈ ਵਾਪਰ ਕਾਮ ਵਲੋਂ 3 ਤੋਂ 4 ਘੰਟੇ ਦੇ ਬਿਜਲੀ ਕੱਟ ਲਾਏ ਜਾ ਰਹੇ ਹਨ। ਬਿਜਲੀ ਸੰਕਟ ਨਾਲ ਨਿਪਟਣ ਲਈ ਸਟੀਲ ਫਰਨੈਸ਼ ਮਿਲਾਂ 'ਤੇ ਵੀ ਹਫ਼ਤੇ ਵਿੱਚ ਦੋ ਦਿਨਾਂ ਦਾ ਨਾਗਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜਦੋਂ ਕਿ ਜਨਰਲ ਇਕਾਈਆਂ ਨੂੰ ਹਫ਼ਤੇ ਵਿੱਚ ਇਕ ਨਾਗੇ ਲਈ ਆਦੇਸ਼ ਦਿੱਤੇ ਗਏ ਹਨ। ਪਾਵਰ ਕਾਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੰਗਰੌਲੀ ਯੂਨਿਟ ਵਿੱਚ ਖ਼ਰਾਬੀ ਆ ਗਈ ਹੈ, ਜਿਸ ਨਾਲ ਇਹ ਸੰਕਟ ਪੈਦਾ ਹੋਇਆ ਹੈ।

ਇਸੇ ਦੌਰਾਨ ਟਿਊਬਵੈਲਾਂ ਫੀਡਰਾਂ ਨੂੰ ਰੋਜ਼ਾਨਾ 6 ਘੰਟੇ ਬਿਜਲੀ ਸਪਲਾਈ ਰਾਤ ਦੇ ਗਰੁੱਪ ਵਿੱਚ ਅਤੇ 5 ਘੰਟੇ ਦਿਨ ਦੇ ਗਰੁੱਪ ਵਿਚ ਦੇਣ ਦਾ ਫ਼ੈਸਲਾ ਕੀਤਾ ਹੈ ਜਦੋਂ ਕਿ 4 ਦਿਨਾਂ ਮਗਰੋਂ ਇਨ੍ਹਾਂ ਨੂੰ ਆਪਸ ਵਿੱਚ ਤਬਦੀਲ ਕੀਤਾ ਜਾਵੇਗਾ। ਸਰਹੱਦੀ ਖੇਤਰਾਂ ਦੇ ਟਿਊਬਵੈਲਾਂ ਨੂੰ ਰੋਜ਼ਾਨਾ 5 ਘੰਟੇ ਬਿਜਲੀ ਦਿੱਤੀ ਜਾਵੇਗੀ।



## MILLBOURNE ROAD MEDICAL CLINIC

WALK-INS WELCOME

*FAMILY PHYSICIANS*



Dr. V. Thapar (M.D. CCFP)* — By Appointment Only

Dr. B. Jassar (M.D., Ph.D., CCFP)* — Cell: 780 918 0516

Dr. S. Bananda (M.D.)*

Ph: 780 462 4229 Fax: 780 462 3315

* Professional Corporation

131 Millbourne Road East, Lee Ridge Plaza Edmonton, AB T6K 1P6



## Passport Photos

by Kanwal Lyall



Unit 207, 2603 Hewes Way, Edmonton AB T6L 6W6

Phone: 780 903 8019

All types of Immigration, Passport, PIO, Citizenship Photos

Phone: 780 952 8017



## WESTFORK Interiors

### Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889





# ਸੁਤਿਆ ਜਾਗ ਪੀਰਾ ਵੇ...

## ਲਕ-ਗੀਤਾਂ ਦ ਨਾਲ ਨਾਲ



ਡਾ. ਕਰਮਜੀਤ ਸਿਘ

ਧਰਮਾ ਮੇਰਾ ਦਸਵੀਂ ਤਕ ਦਾ ਜਮਾਤੀ ਸੀ। ਦਸਵੀਂ ਤੋਂ ਬਾਅਦ ਘਰ ਦੀ ਆਰਥਿਕਤਾ ਨੂੰ ਧਿਆਨ ਵਿੱਚ ਰੱਖਦਿਆਂ ਉਹ ਫੌਜ ਵਿੱਚ ਭਰਤੀ ਹੋ ਗਿਆ। ਮੈਂ ਲੈਕਚਰਾਰ ਲੱਗ ਗਿਆ। ਇੱਕ ਵਾਰ ਮੈਂ ਪਿੰਡ ਗਿਆ ਹੋਇਆ ਸੀ ਤੇ ਉਹ ਵੀ ਛੁੱਟੀ ਆਇਆ ਹੋਇਆ ਸੀ। ਅਚਾਨਕ ਰਸਤੇ ਵਿੱਚ ਮੁਲਾਕਾਤ ਹੋ ਗਈ। ਉਸ ਨੇ ਦੱਸਿਆ ਕਿ ਉਹ ਕੁੱਝ ਦਿਨ ਦੀ ਛੁੱਟੀ ਆਇਆ ਹੈ। ਅਸੀਂ ਇੱਕ ਦੂਜੇ ਨੂੰ ਘਰ ਆਉਣ ਦਾ ਸੱਦਾ ਦੇ ਕੇ ਤੇ ਸਕੂਲ ਟਾਈਮ ਦੀਆਂ ਯਾਦਾਂ ਤਾਜ਼ੀਆਂ ਕਰ ਕੇ ਇੱਕ ਦੂਜੇ ਤੋਂ ਵੱਖ ਹੋ ਗਏ। ਇੱਕ ਦਿਨ ਮੈਂ ਛੋਟੇ ਭਰਾ ਅਜੀਤ ਨਾਲ ਮਿਲ ਕੇ ਧਰਮੇ ਦੇ ਪਿੰਡ ਦੁਰਮੀਵਾਲ ਜਾਣ ਦਾ ਮਨ ਬਣਾਇਆ। ਸਾਈਕਲ ਤੇ ਦੋਨੋ ਉਥੇ ਪਹੁੰਚ ਗਏ। ਜਾ ਕੇ ਪਤਾ ਲੱਗਾ ਕਿ ਧਰਮਾ ਤਾਂ ਵਾਪਿਸ ਜਾ ਚੁੱਕਾ ਸੀ। ਮਾਯੂਸੀ ਤਾਂ ਹੋਈ ਪਰ ਖ਼ਾਲੀ ਮੁੜਨਾ ਵੀ ਚੰਗਾ ਨਹੀਂ ਸੀ ਲਗਦਾ। ਮੈਂ ਸਕੂਲੇ ਪੜ੍ਹਦਿਆਂ ਕਈ ਵਾਰ ਉਸ ਦੇ ਘਰ ਆ ਚੁੱਕਾ ਸਾਂ। ਘਰ ਦੇ ਮੈਨੂੰ ਜਾਣਦੇ ਸਨ। ਸੋ ਮੈਂ ਪਹਿਲਾਂ ਧਰਮੇ ਦੀ ਮਾਂ ਨੂੰ ਬੁਲਾਇਆ। ਕੁੱਝ ਚਿਰ ਬਾਅਦ ਉਹ ਪਛਾਣ ਗਈ। ਲੱਗੀ ਸਾਡੀ ਸੇਵਾ ਹੋਣ। ਅਸੀਂ ਆਪਣਾ ਮੰਤਵ ਦੱਸੀਏ ਪਰ ਗੱਲ ਫਿਰ ਇਧਰ ਉਧਰ ਹੋ ਜਾਵੇ। ਕਾਫੀ ਦੇਰ ਸਾਨੂੰ ਖੌਝਣਾ ਪਿਆ। ਅਜੀਤ ਮੰਜਾ ਲੈ ਕੇ ਦੂਰ ਦਰਖੱਤ ਹੇਠ ਜਾ ਪਿਆ। ਅਖੀਰ ਸੁਮਿਤ੍ਰਾ ਨੂੰ ਮੈਂ ਗੀਤ ਗਾਉਣ ਲਈ ਮਨਾ ਹੀ ਲਿਆ। ਉਹ ਵਿਹੜੇ ਦੀਆਂ ਦੂਸਰੀਆਂ ਕੁੜੀਆਂ ਨੂੰ ਵੀ ਸੱਦ ਲਿਆਈ। ਸ਼ੁਰੂ ਹੋਣ ਦੀ ਦੇਰ ਸੀ ਫਿਰ ਤਾਂ ਚਲ ਸੋ ਚਲ। ਔਰਤਾਂ, ਕੁੜੀਆਂ ਨੇ ਰਲ ਕੇ ਬੜੇ ਨਾਯਾਬ ਗੀਤ ਸੁਣਾਏ। ਉਨ੍ਹਾਂ ਵਿੱਚੋਂ ਕੁੱਝ ਕੁ ਸਨ 'ਜੰਮੂ ਦਿਆ ਰਾਜਾ ਵੇ, ਤੈਂ ਮੇਰਾ ਵੀਰਾ ਨੌਕਰੀ ਲਾਇਆ ਏ', 'ਚੜ੍ਹ ਚੁਬਾਰੇ ਜੱਟੀ ਕੱਤਦੀ ਐ, ਉਤੋਂ ਝੁੰਡ ਬੈਰਾਗੀਆਂ ਦਾ ਆ ਲੱਥਾ', 'ਬਗਲੋਂ ਡਿਗ ਪਈ ਬਤਾਊਆਂ ਵਾਲੀ ਤੌੜੀ ' ਆਦਿ। ਲੋਕ ਗੀਤਾਂ ਵਿਚ ਬਤਾਊਂਆਂ (ਬੈਂਗਣਾਂ) ਦਾ ਜ਼ਿਕਰ ਮੈਂ ਹੁਣ ਤਕ ਇਕੋ ਹੀ ਸੁਣਿਆ ਹੈ। ਜਦੋਂ ਕਾਫ਼ੀ ਗੀਤ ਗਾਏ ਜਾ ਚੁੱਕੇ ਤਾਂ ਮੈਂ ਕਿਸੇ ਕਾਵਿ ਰੂਪ ਨੂੰ ਜਾਨਣ ਦੀ ਇੱਛਾ ਨਾਲ ਹੋਰ ਗਾਏ ਜਾਂਦੇ ਗੀਤਾਂ ਬਾਰੇ ਚਰਚਾ ਛੇੜ ਲਈ। ਕੁੜੀਆਂ ਕਹਿਣ ਲੱਗੀਆਂ, 'ਭਾਜੀ ਅਸੀਂ ਮੁਨੀ ਸ਼ਾਹ' ਦੇ ਗੀਤ ਵੀ ਗਾਉਂਦੀਆਂ। ਮੈਂ ਸਮਝ ਗਿਆ ਕਿ ਇਹ ਧਾਰਮਿਕ ਆਸਥਾ ਦੇ ਗੀਤ ਹੀ ਹੋਣਗੇ। ਭਾਵੇਂ ਪ੍ਰਗਤੀਸ਼ੀਲ ਲੋਕ ਧਰਮ ਨੂੰ ਨਿੱਜੀ ਮਾਮਲਾ ਮੰਨਣ ਉਪਰ ਜ਼ੋਰ ਦਿੰਦੇ ਹਨ, ਪਰ ਧਰਮ ਦਾ ਇੱਕ ਪੱਖ ਸਮੂਹਿਕਤਾ ਦਾ ਵੀ ਹੈ। ਇਕੱਠੇ ਬੈਠ ਕੇ ਭਜਨ ਬੰਦਗੀ ਕਰਨਾ, ਲੰਗਰ ਲਾਉਣਾ, ਸ਼ੋਭਾ ਯਾਤਰਾਵਾਂ ਕੱਢਣੀਆਂ ਆਦਿ। ਮੈਂ ਤਾਂ ਲੋਕ ਧਰਮ ਦੀ ਪ੍ਰਕਿਤੀ ਨੂੰ ਜਾਨਣ ਲਈ ਇਸ ਨਾਲ ਸਬੰਧਿਤ ਗੀਤਾਂ ਨੂੰ ਵੀ ਇਕੱਠਾ ਕੀਤਾ ਹੈ ਪਰ ਮੈਂ ਹੁਣ ਤਕ ਬਹੁਤ ਘੱਟ ਗੀਤ ਸੁਣੇ ਸਨ ਜਿਨ੍ਹਾਂ ਵਿੱਚ ਗੰਭੀਰਤਾ ਹੋਵੇ ਤੇ ਧੁਨਾਂ, ਲੋਕ ਧੁਨਾਂ ਨਾਲ ਜੁੜੀਆਂ ਹੋਣ। ਕੁੜੀਆਂ ਨੇ ਦੱਸਿਆ ਕਿ ਸਾਉਣ ਭਾਦੋਂ ਦੇ ਮਹੀਨੇ ਮੁਨੀ ਸ਼ਾਹ ਦੀ ਮਜ਼ਾਰ 'ਤੇ ਲੋਕ ਇਕੱਠੇ ਹੁੰਦੇ ਹਨ ਤੇ ਮੰਨਤਾ ਮੰਗਦੇ ਹਨ। ਪਾਕਿ-ਸਤਾਨ ਬਣਨ ਤੋਂ ਪਹਿਲਾਂ ਦੂਰੋਂ ਦੂਰੋਂ ਲੋਕ ਇਕੱਠੇ ਹੁੰਦੇ ਸਨ। ਲੋਕ ਗੀਤ ਇਕੱਠੇ ਕਰ ਕੇ ਮੁੜਦਿਆਂ ਮੁਨੀਸ਼ਾਹ ਦੀ ਕਹੀ ਜਾਂਦੀ ਮਜ਼ਾਰ ਦੇਖੀ। ਉਹ ਤਾਂ ਕੇਵਲ ਹੁਣ ਇੱਕ 'ਮਟੀ' ਹੀ ਰਹਿ ਗਈ ਸੀ। ਬਾਕੀ ਸਾਰਾ ਥਾਂ ਵਾਹਿਆ ਜਾ ਚੁੱਕਾ ਸੀ। ਪਰ ਸਾਲ ਵਿੱਚ ਇਕ ਵਾਰ ਪਿੰਡ ਦੇ ਲੋਕ ਮੇਲਾ ਜ਼ਰੂਰ ਲਾਉਂਦੇ ਹਨ। ਭਾਵੇਂ ਛੋਟੀ ਪੱਧਰ 'ਤੇ ਹੀ। ਮੁਸਲਮਾਨ ਹੁਣ ਇਥੇ ਕੋਈ ਨਹੀਂ। ਪਿੰਡ ਦੇ ਲੋਕ ਹੀ ਵੀਰਵਾਰ ਨੂੰ ਦੀਵਾ ਕਰਦੇ ਹਨ।

ਇਹ ਸਭ ਕੁੱਝ ਜਾਣ ਕੇ ਮੇਰੀ ਇਸ ਥਾਂ ਨਾਲ ਜੁੜੇ ਗੀਤਾਂ ਨੂੰ ਸੁਣਨ ਦੀ ਇੱਛਾ ਜਾਗ ਪਈ। ਮੇਰੇ ਹਾਂ ਕਹਿਣ ਦੀ ਦੇਰੀ ਸੀ। ਔਰਤਾਂ ਸ਼ੁਰੂ ਹੋ ਗਈਆਂ। ਸੁਮਿਤ੍ਰਾ ਉਨ੍ਹਾਂ ਦੀ ਅਗਵਾਈ ਕਰ ਰਹੀ ਸੀ। ਉਨ੍ਹਾਂ ਪਹਿਲੇ ਗੀਤ ਨੂੰ ਪੂਰੀ ਉਚੀ ਆਵਾਜ਼ ਵਿੱਚ ਸ਼ੁਰੂ ਕੀਤਾ।

ਬੂਟਾ ਕੌਲ ਕੱਲਰ ਵਿਚ ਲਾਇਓ, ਜੇ ਮਨਜ਼ੂਰੀ ਹੋਵੇ
ਪੰਜ ਬੱਕਰੇ ਸਵਾ ਮਣ ਦਲੀਆ, ਜੇ ਮਨਜ਼ੂਰੀ ਹੋਵੇ

ਗੀਤ ਦੀ ਲੈਅ ਨੂੰ ਸੁਣਦਿਆਂ ਹੀ ਮੈਂ ਸਮਝ ਗਿਆ ਕਿ ਇਹ ਮੌਲਿਕ ਲੋਕ ਧੁਨ ਸੀ। ਇਸ ਲਈ ਮੈਂ ਇਸ ਵੱਲ ਹੋਰ ਵੀ ਖਿੱਚਿਆ ਗਿਆ। ਉਂਜ ਇਸ ਗੀਤ ਵਿੱਚ ਮੁਨੀ ਸ਼ਾਹ ਦੀ ਅਤਿਕਥਨੀ ਰੂਪ ਵਿਚ ਪ੍ਰਸ਼ੰਸਾ ਹੋ ਰਹੀ ਸੀ, ਉਸੇ ਤਰ੍ਹਾਂ ਜਿਵੇਂ ਕਿਸੇ ਵੀ ਹੋਰ ਗੁਰੂ ਪੀਰ ਜਾਂ ਦੇਵੀ ਦੇਵਤੇ ਦੀ ਹੋ ਸਕਦੀ ਹੈ। ਮੁਨੀ ਸ਼ਾਹ ਦੇ ਦਰਬਾਰ ਵਿੱਚ ਝੰਡੇ ਝੁਲਦੇ ਹਨ, ਪੰਜ ਪੀਰ ਇਸ ਵਿਚ ਸ਼ਾਮਲ ਸਨ। ਬੇੜੀ ਬੰਨ੍ਹੇ ਲਾਉਣ ਦੀ ਅਰਜ਼ ਸੀ। ਮੈਨੂੰ ਵਿਸ਼ਵਾਸ ਹੋ ਰਿਹਾ ਸੀ ਕਿ ਇਨ੍ਹਾਂ ਗੀਤਾਂ ਵਿੱਚੋਂ ਕੁੱਝ ਨਾ ਕੁੱਝ ਜ਼ਰੂਰ ਨਿਕਲ ਕੇ ਸਾਹਮਣੇ ਆਵੇਗਾ। ਔਰਤਾਂ ਨੇ ਦੂਸਰਾ ਗੀਤ ਛੂਹ ਲਿਆ ਸੀ।

ਮੈਂ ਪੀਰ ਮਨਾਵਣ ਜਾਣਾ ਨਹੀਂ, ਕੋਈ ਦੇਸ ਪੀਰਾਂ ਦੇ,
ਕੋਈ ਦੇਸ ਪੀਰਾਂ ਦੇ ਰੋਂਦੇ ਰਮ ਰਹੀਏ....।

ਗੀਤ ਦੇ ਅਖਰ ਤੇ ਲੈਅ ਏਨੀ ਲੰਮੀ ਸੀ ਕਿ ਮੈਨੂੰ ਉਸ ਦੀ ਮੌਲਿਕਤਾ ਉਪਰ ਕੋਈ ਸ਼ੱਕ ਨਹੀਂ ਰਿਹਾ। ਗਾਏ ਗੀਤ ਵੀ ਕਿਸੇ ਸਾਜ ਦੀ ਸੰਗਤ ਤੋਂ ਬਗੈਰ ਸਨ। ਪੀਰ ਦੇ ਥਾਂ 'ਤੇ ਜਾਂਦਿਆਂ ਔਰਤਾਂ ਗਾਉਂਦੀਆਂ ਹਨ। ਮੈਂ ਕਲਪਨਾ ਕਰ ਰਿਹਾ ਸੀ, ਸਿਰਾਂ ਉਪਰ ਸਮਾਨ ਚੁੱਕੀ ਬੱਚਿਆਂ ਨੂੰ ਉਂਗਲੀ ਲਾਈ, ਉਚੀ ਹੇਕ ਵਿਚ ਗਾਉਂਦੀਆਂ ਇਸਤਰੀਆਂ ਦੀ। ਅਜਿਹੇ ਝੁੰਡਾਂ ਵਿਚ ਜਠੇਰਿਆਂ ਦੀ ਪੂਜਾ ਕਰਨ ਜਾਂਦਿਆਂ ਔਰਤਾਂ ਨੂੰ ਮੈਂ ਕਈ ਵਾਰ ਤੱਕਿਆ ਸੀ। ਅੱਜ ਤਕ 'ਰੋਂਦੇ ਰਮ ਰਹੀਏ', ਦੇ ਅਰਥਾਂ ਦੀ ਮੈਨੂੰ ਸਮਝ ਨਹੀਂ ਸੀ ਆਈ ਪਰ ਹੁਣ ਲਿਖਦਿਆਂ ਮੈਨੂੰ ਸੁਝਿਆ ਕਿ ਇਥੇ 'ਰਮਦੇ ਰਮ ਰਹੀਏ' ਦਾ ਵਿਗਾੜ ਹੋ ਸਕਦਾ ਹੈ। ਅਗਾਂਹ ਕਈ ਹੋਰ ਲੋਕ ਗੀਤਾਂ ਵਾਂਗ ਵਸਤਾਂ ਦੇ ਨਾਂ ਲੈ ਕੇ ਪੀਰ ਦੇ ਨਾਂ ਨੂੰ ਜੋੜਿਆ ਗਿਆ ਸੀ ਜਿਵੇਂ 'ਹੱਥ ਮੇਰੇ ਵਿੱਚ ਛੱਲੀ ਨੀ ਮੈਂ ਪੀਰ ਮਨਾਵਣ ਚੱਲੀ ਨੀ, ਹੱਥ ਮੇਰੇ ਖਰਬੂਜਾ ਨੀ, ਮੈਂ ਪੀਰ ਮਨਾਉਣਾ ਦੂਜਾ ਨੀ, ਹੱਥ ਮੇਰੇ ਵਿੱਚ ਠੂਠੀ, ਪੀਰ ਸੱਚਾ ਮੈਂ ਝੂਠੀ, ਪੈਰੀਂ ਮੇਰੇ ਕੜੀਆਂ ਜੀ, ਦਰਬਾਰ ਪੀਰਾਂ ਦੇ ਖੜੀਆਂ ਜੀ।

ਇਥੇ ਮਾਨਵ ਦੀ ਨਿਗੂਣਤਾ ਤੇ ਪੀਰ ਦੀ ਉਚਤਾ ਦਾ ਗੁਣਗਾਨ ਸੀ, ਜੋ ਸਦੀਆਂ ਤੋਂ ਮਨੁੱਖ ਨੇ ਆਤਮਸਾਤ ਕੀਤਾ ਹੋਇਆ ਹੈ। ਔਰਤ ਤਾਂ ਮਰਦ ਦੀ ਸਰਦਾਰੀ ਕਾਰਨ ਅਜਿਹੇ ਵਿਚਾਰਾਂ ਵਿਚ ਕੰਡੀਸ਼ੰਡ ਹੁੰਦੀ ਹੈ। ਇੱਕ ਹੋਰ ਗੀਤ ਵਿੱਚ ਗੱਲ 'ਚਿੱਟੀਆਂ ਪੂਣੀਆਂ ਤੰਦ ਲੈਣ ਹੁਲਾਰੇ' ਨਾਲ ਸ਼ੁਰੂ ਕੀਤੀ ਗਈ ਤੇ 'ਕੱਤ ਕੱਤ ਪੂਣੀਆਂ ਮੈਂ ਖੇਸ ਬਣਾਵਾਂ' ਦੀ ਚਰਚਾ ਵੀ ਕੀਤੀ ਗਈ। ਪਰ ਇਹ ਸੱਭ ਕੁੱਝ ਮਿਹਨਤ ਬਾਬੇ ਤਪੀਏ ਲਈ ਹੀ ਸੀ। ਲੈਅ ਇਸ ਦੀ ਮੌਲਿਕ ਸੀ। ਕੁੜੀਆਂ ਮੁਨੀ ਸ਼ਾਹ ਨਾਲ ਜੁੜੇ ਗੀਤਾਂ ਦੀ ਲੜੀ ਨੂੰ ਟੁੱਟਣ ਨਹੀਂ ਸਨ ਦੇ ਰਹੀਆਂ। ਉਨ੍ਹਾਂ ਹੋਰ ਗੀਤ ਸ਼ੁਰੂ ਕਰ ਲਿਆ।

ਹੱਥ ਛੱਨਾ ਛੰਨੇ ਦੇ ਵਿੱਚ ਚੂਰੀ ਬਾਬੇ ਜੀ ਨੂੰ ਟੋਲਦੀ ਫਿਰਾਂ,
ਮੇਰੀ ਸੁੱਕ ਗਈ ਛੰਨੇ ਦੇ ਵਿੱਚ ਚੂਰੀ ਬਾਬਾ ਕਿਤੇ ਲੱਭਦਾ ਨਈਓਂ।

ਇਸ ਗੀਤ ਵਿੱਚ ਕਲਪਨਾ ਨਾਟਕੀ ਅੰਦਾਜ਼ ਵਿੱਚ ਪੇਸ਼ ਹੋ ਰਹੀ ਸੀ। 'ਬਾਬਾ ਬਹਿ ਗਿਆ ਸੁਨਿਹਰੀ ਫੁਲ ਬਣ ਕੇ, ਫੁੱਲਾਂ ਵਿਚੋਂ ਆਵੇ ਵਾਸ਼ਨਾ।' ਇੱਥੋਂ ਤਕ ਪਹੁੰਚ ਕੇ ਮੇਰੇ ਹੱਥ ਬਹੁ ਮੁੱਲੀਆਂ ਲੋਕ ਧੁਨਾਂ ਆਈਆਂ ਸਨ ਤੇ ਕੁੱਝ ਲੋਕ ਕਲਪਨਾ ਦੇ ਨਮੂਨੇ ਮਿਲੇ ਸਨ ਜਾਂ ਫਿਰ ਮਨੁੱਖ ਦੀ ਆਪਣੀ ਨ੍ਿਗਣਤਾ ਤੇ ਸਿਰਜੇ ਪੀਰ ਨੂੰ ਉਚਤਾ ਪ੍ਰਦਾਨ ਕਰਨ ਦੀ ਪ੍ਰਵਿਰਤੀ ਸਾਹ-ਮਣੇ ਆਈ ਸੀ। ਲਗਦਾ ਸੀ ਕੁੜੀਆਂ ਕੋਲ ਅਜੇ ਹੋਰ ਵੀ ਕੁੱਝ ਸੀ। ਸੁਮਿਤ੍ਰਾ ਧਰਮੇ ਦੀ ਮਾਂ ਨੇ ਪੂਰੀ ਉਚੀ ਆਵਾਜ਼ ਵਿੱਚ ਗੀਤ ਛੋਹਿਆ।

ਮੁਨੀ ਸ਼ਾਹ ਨੂੰ ਪਰਸਣ ਮੈਂ ਚੱਲੀ,
ਲੱਖ ਲਾ ਕੇ ਦੰਮਾਂ ਦੀਆਂ ਬੋਰੀਆਂ
ਨਾਲੇ ਦੇਵੀਂ ਮੱਝੀ ਗਾਈਂ ਘੋੜੀਆਂ,
ਨਾਲ ਦੇਵੀਂ ਲਾਲਾਂ ਦੀਆਂ ਜੋੜੀਆਂ,
ਤੇਰੇ ਰੋਂਦੇ (ਦਰ 'ਤੇ) ਖੜੀ ਦੇਵਾਂ ਲੋਰੀਆਂ,
ਸੁੱਤਿਆ ਜਾਗ ਪੀਰਾ ਵੇ....।

ਇਸ ਤੋਂ ਬਾਅਦ 'ਝੰਡੇ ਵਾਲੇ', 'ਪੰਜਾਂ ਪੀਰਾਂ ਨੂੰ' ਪਰਸਣ ਤੋਂ ਬਾਅਦ ਵਾਰ ਵਾਰ ਪੰਗਤੀਆਂ ਦਾ ਦੁਹਰਾ ਕੀਤਾ ਗਿਆ ਸੀ। ਗੀਤ ਭਾਵੇਂ ਤਿੰਨਾ ਪੰਗਤੀਆਂ ਦਾ ਸੀ ਪਰ ਇਸ ਨੇ ਅੱਜ ਤਕ ਵੀ ਮੇਰਾ ਖਹਿੜਾ ਨਹੀਂ ਛੱਡਿਆ। ਕਾਰਨ ਇਹ ਕਿ ਇਹੀ ਪੰਗਤੀਆਂ ਮੈਂ ਮੋਹਰੀ ਚੱਕ ਪਿੰਡ ਵਿੱਚ ਸੁਣ ਚੁੱਕਿਆ ਸਾਂ, ਉਥੇ ਮੁਨੀ ਸ਼ਾਹ ਦੀ ਥਾਂ ਸ਼ਿਉਤੀ ਮਾਤਾ (ਸਤੀ ਮਾਤਾ) ਨੂੰ ਬੇਨਤੀਆਂ ਸਨ।

ਇਸ ਤੱਥ ਤੋਂ ਮੈਂ ਇਹ ਨਤੀਜਾ ਕੱਢਿਆ ਕਿ ਲੋਕ ਪੀਰਾਂ ਫਕੀਰਾਂ, ਦੇਵੀ ਦੇਵਤਿਆਂ ਸਾਹਮਣੇ ਆਪਣੀਆਂ ਪਦਾਰਥਕ ਲੋੜਾਂ ਪੂਰੀਆਂ ਹੋਣ ਦੀ ਇੱਛਾ ਨਾਲ ਜਾਂਦੇ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਦੇਵਤਾ ਹਿੰਦੂ, ਸਿੱਖ, ਮੁਸਲਮਾਨ ਜਾਂ ਫਿਰ ਇਸਾਈ ਹੈ। ਜਦੋਂ ਸਮਾਜ ਲੋਕਾਂ ਦੀਆਂ ਪਦਾਰਥਕ ਲੋੜਾਂ ਪੂਰੀਆਂ ਕਰ ਦੇਵੇਗਾ ਤਾਂ ਫਿਰ ਉਹ ਪੀਰਾਂ ਦੀਆਂ ਮਜ਼ਾਰਾਂ 'ਤੇ ਮੇਲਾ ਦੇਖਣ, ਕੇਵਲ ਮਨੋਰੰਜਨ ਕਰਨ ਹੀ ਜਾਣਗੇ। ਜਦੋਂ ਵੀ ਮੈਂ ਲੋਕ ਗੀਤ ਦੀਆਂ ਇਹ ਪੰਗਤੀਆਂ ਯਾਦ ਕਰਦਾ ਹਾਂ ਤਾਂ ਮੈਨੂੰ ਕਬੀਰ ਤੇ ਧੰਨੇ ਭਗਤ ਦੀ ਯਾਦ ਆ ਜਾਂਦੀ ਹੈ। ਇਹ ਭਗਤ ਲੋਕ ਮਨ ਦਾ ਹੀ ਪ੍ਰਗਟਾਵਾ ਕਰ ਰਹੇ ਹੁੰਦੇ ਹਨ ਜਦੋਂ ਉਹ ਠਾਕੁਰ ਪਾਸੋਂ ਪਦਾਰਥਕ ਵਸਤਾਂ ਦੀ ਮੰਗ ਕਰਦੇ ਹਨ। ਕਬੀਰ ਦਾ ਸ਼ਬਦ ਹੈ :

ਭੂਖੇ ਭਗਤਿ ਨ ਕੀਜੈ।। ਯਹ ਮਾਲਾ ਅਪਨੀ ਲੀਜੈ।।
ਹਉ ਮਾਂਗਉ ਸੰਤਨ ਰੇਨਾ।। ਮੈ ਨਾਹੀ ਕਿਸੀ ਕਾ ਦੇਨਾ ।।੧।।
ਮਾਧੋ ਕੈਸੀ ਬਨੈ ਤੁਮ ਸੰਗੇ।। ਆਪਿ ਨ ਦੇਹੁ ਤ ਲੇਵਉ ਮੰਗੇ।। ਰਹਾਉ।।
ਦੁਇ ਸੇਰ ਮਾਂਗਉ ਚੂਨਾ।। ਪਾਉ ਘੀਉ ਸੰਗਿ ਲੂਨਾ।।
ਅਧ ਸੇਰੁ ਮਾਂਗਉ ਦਾਲੇ।। ਮੋ ਕਉ ਦੋਨਉ ਵਖਤ ਜਿਵਾਲੇ।।੨।।
ਖਾਟ ਮਾਂਗਉ ਚਉਪਾਈ।। ਸਿਰਹਾਨਾ ਅਵਰ ਤੁਲਾਈ।।
ਊਪਰ ਕਉ ਮਾਂਗਉ ਖੀਂਧਾ।। ਤੇਰੀ ਭਗਤਿ ਕਰੈ ਜਨੁ ਥੀਂਧਾ।।੩।।
ਮੈ ਨਾਹੀ ਕੀਤਾ ਲਬੋ।। ਇਕੁ ਨਾਉ ਤੇਰਾ ਮੈ ਫਬੋ।।
ਕਹਿ ਕਬੀਰ ਮਨੁ ਮਾਨਿਆ।। ਮਨੁ ਮਾਨਿਆ ਤਉ ਹਰਿ ਜਾਨਿਆ।।੪।।੧੧।।

ਕਬੀਰ ਬੇਜ਼ਮੀਨੇ ਲੋਕਾਂ ਵਿਚੋਂ ਹੈ। ਇਸ ਲਈ ਉਸ ਦੀ ਲੋੜ ਦੋ ਸੇਰ ਆਟਾ, ਲੂਣ, ਅੱਧ ਸੇਰ ਦਾਲ ਤੇ ਮੰਜੇ ਬਿਸਤਰੇ ਤਕ ਸੀਮਤ ਹੈ। ਪਰ ਧੰਨਾ ਥੋੜ੍ਹਾ ਅਗਾਂਹ ਜਾਂਦਾ ਹੈ ਕਿਉਂਕ ਉਸ ਦੀਆਂ ਲੋੜਾਂ ਕਿਸਾਨੀ ਦੀਆਂ ਲੋੜਾਂ ਹਨ।

ਗੋਪਾਲ ਤੇਰਾ ਆਰਤਾ ।।
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ।।੧।। ਰਹਾਉ।।
ਦਾਲਿ ਸੀਧਾ ਮਾਗਉ ਘੀਉ।। ਹਮਰਾ ਖੁਸੀ ਕਰੈ ਨਿਤ ਜੀਉ।।
ਪਨਵੀਆ ਛਾਦਨੁ ਨੀਕਾ।। ਅਨਾਜੁ ਮਗਉ ਸਤ ਸੀ ਕਾ ।।੧।।
ਗਊ ਭੈਸ ਮਗਉ ਲਾਵੇਰੀ।। ਇਕ ਤਾਜਨਿ ਤੁਰੀ ਚੰਗੇਰੀ।।
ਘਰ ਕੀ ਗੀਹਨਿ ਚੰਗੀ।। ਜਨੁ ਧੰਨਾ ਲੇਵੈ ਮੰਗੀ ।।੨।।੪।।

ਇਹ ਹਨ ਜ਼ਿੰਦਗੀ ਦੀਆਂ ਆਮ ਲੋੜਾਂ, ਜਿਸ ਨਾਲ ਲੋਕ ਧਰਮ ਜੁੜਿਆ ਹੋਇਆ ਹੈ, ਪਰ ਖਾਂਦੇ ਪੀਂਦੇ ਵਰਗਾਂ ਲਈ ਇਹ ਲੋੜਾਂ ਦੂਜੇ ਨੰਬਰ 'ਤੇ ਆ ਜਾਂਦੀਆਂ ਹਨ। ਇਕ ਸਦੀ ਤੋਂ ਵੀ ਵੱਧ ਸਿੱਖ ਧਰਮ ਵਿੱਚ ਆਰਤੀ ਦੇ ਸ਼ਬਦਾਂ ਨਾਲ ਇਹ ਉਪਰਲੇ ਸ਼ਬਦ ਵੀ ਗਾਏ ਜਾਂਦੇ ਹਨ। ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਮੈਂ ਗੁਟਕਿਆਂ ਵਿੱਚ ਇਹ ਸ਼ਬਦ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਥੋਂ ਗਾਇਬ ਸਨ। ਪਦਾਰਥਕ ਲੋੜਾਂ ਲਈ ਰੱਬ ਨੂੰ ਕਹਿਣਾ ਵਰਜਿਤ ਕਰ ਦਿੱਤਾ ਗਿਆ ਹੈ। ਇਸੇ ਲਈ ਮੈਨੂੰ ਇਹ ਸ਼ਬਦ ਯਾਦਦਾਸਤ ਦੇ ਸਹਾਰੇ ਹੀ ਲਿਖਣੇ ਪਏ। ਬਾਅਦ ਵਿੱਚ ਕੁਲਤਾਰ ਹੁਰਾਂ ਦੀ ਮਦਦ ਨਾਲ ਇਨ੍ਹਾਂ ਨੂੰ ਸੋਧਿਆ ਗਿਆ ਹੈ। ਇਹ ਤੱਥ ਗੰਭੀਰ ਸੋਚ ਦੀ ਮੰਗ ਕਰਦੇ ਹਨ।

ਜਦੋਂ ਮੈਂ ਮੁਨੀਸ਼ਾਹ ਬਾਰੇ ਗੀਤ ਸੁਣ ਰਿਹਾ ਸਾਂ ਤਾਂ ਕਬੀਰ ਤੇ ਧੰਨਾ ਮੈਨੂੰ ਯਾਦ ਆਏ ਪਰ ਉਪਰੋਕਤ ਵਿਚਾਰ ਤਾਂ ਬਹੁਤ ਬਾਅਦ ਵਿਚ ਜੁੜੇ ਹਨ।

ਦੁਪਹਿਰਾ ਹੋ ਗਿਆ ਸੀ। ਧਰਮੇ ਦਾ ਬਾਪ ਵੀ ਖੇਤਾਂ 'ਚੋਂ ਹੱਲ ਵਾਹ ਕੇ ਆ ਗਿਆ ਸੀ। ਉਹ ਆਉਂਦਾ ਹੀ ਔਰਤਾਂ ਨੂੰ ਗਾਉਂਦੀਆਂ ਦੇਖ ਕੇ ਖਫਾ ਹੋ ਗਿਆ। 'ਤੁਸੀਂ ਕਿਹੜਾ ਵਿਆਹ ਰਚਾਈ ਬੈਠੀਆਂ। ਰੋਟੀ ਪਾਣੀ ਦਾ ਫਿਕਰ ਹੈ ਕਿ ਨਹੀਂ?' ਉਸ ਦੇ ਤਿੱਖੇ ਤੇਵਰ ਦੇਖ ਕੇ ਧਰਮੇ ਦੀ ਮਾਂ ਨੇ ਮੇਰੇ ਆਉਣ ਦੀ ਸੂਚਨਾ ਦੇ ਦਿੱਤੀ। ਉਸ ਦੀ ਸੁਰ ਤਾਂ ਥੱਲ੍ਹੇ ਹੋ ਗਈ ਪਰ ਖੁਸ਼ਕੀ ਕਾਇਮ ਰਹੀ। ਜਿਸ ਨੂੰ ਦੇਖ ਕੇ ਕੁੜੀਆਂ ਤੇ ਦੂਜੀਆਂ ਔਰਤਾਂ ਕਿਰਨਮ ਕਿਰਨੀ ਆਪਣੇ ਘਰੀਂ ਚਲੀਆਂ ਗਈਆਂ। ਹੁਣ ਮੈਂ ਤੇ ਅਜੀਤ ਖਾਣਾ ਖਾ ਕੇ ਵਾਪਿਸ ਤੁਰ ਪਏ। ਸਾਈਕਲ 'ਤੇ ਆਉਂਦਿਆਂ ਮੈਨੂੰ ਨਵੇਂ ਗੀਤ ਮਿਲਣ ਦੀ ਖੁਸ਼ੀ ਵੀ ਸੀ। ਪਰ ਨਾਲ ਹੀ ਇਹ ਵੀ ਸੋਚ ਚਲ ਰਹੀ ਸੀ ਕਿ ਮਰਦ ਚਾਹੇ ਤਾਂ ਉਹ ਔਰਤ ਨੂੰ ਮੂੰਹ ਨਾ ਖੋਲ੍ਹਣ ਦੇਵੇ ਪਰ ਸਾਰੇ ਵਿਰੋਧੀ ਹਾਲਾਤ ਦੇ ਬਾਵਜੂਦ ਔਰਤ ਨੇ ਖੂਬਸੂਰਤ ਗੀਤਾਂ ਦੀ ਸਿਰਜਣਾ ਕੀਤੀ ਹੈ। ਜੇ ਕਿਤੇ ਉਸ ਨੂੰ ਹਾਲਾਤ ਸਾਜ਼ਗਾਰ ਮਿਲਦੇ ਤਾਂ ਉਹ ਕਲਾ ਦੀਆਂ ਕਿਹੜੀਆਂ ਉਚਾਈਆਂ ਛੂੰਹਦੀ? ਇਸ ਦੀ ਕਲਪਨਾ ਕੀਤੀ ਜਾ ਸਕਦੀ ਹੈ।

## ਨਿਰਜਨ ਸਖ਼ਮ ਦੀਆਂ ਦ ਗ਼ਜ਼ਲਾਂ



ਨਿਰਜਨ ਸਖ਼ਮ ਪਜਾਬੀ ਗ਼ਜ਼ਲ ਦੀ ਬਿਲਕਲ ਨਵੀਂ ਪਦ ਵਿਚਂ ਹੈ। ਆਪਣ ਨਾਂਅ ਵਾਂਗ ਹੀ ਉਸ ਦੀ ਸ਼ਾਇਰੀ ਵਿਚ ਸਿਰ ਦੀ ਸਖ਼ਮਤਾ ਹੈ ਅਤ ਉਸ ਨੂੰ ਆਪਣੀ ਗਲ ਕਹਿਣਾ ਦਾ ਵਲ ਵੀ ਆਉਂਦਾ ਹੈ।

ਚੱਲਦੇ ਕੁਝ ਲੋਕ ਚਾਲਾਂ ਧਰਤ ਨੂੰ ਵੰਡਣ ਲਈ।
ਦੇ ਰਹੇ ਨੇ ਚਿੰਨ੍ਹ ਵੱਖੋ-ਵੱਖਰੇ ਚਮਕਣ ਲਈ।

ਪਿੰਡ ਦੇ ਪਿੰਡੇ 'ਤੇ ਵਸਤਰ ਹੀ ਨਹੀਂ ਪਹਿਨਣ ਲਈ,
ਉਹ ਕਰਾਈ ਜਾਣ ਸਰਵੇ ਅੰਕੜੇ ਜਾਨਣ ਲਈ।

ਕਿਸ ਤਰ੍ਹਾਂ ਦੀ ਦੌੜ ਵਿਚ ਨਵਯੁਗ ਦਾ ਮਾਨਵ ਪੈ ਗਿਐ,
ਜ਼ਿੰਦਗੀ ਕੀ ਸਿਲਸਿਲਾ ਫ਼ੁਰਸਤ ਨਹੀਂ ਜਾਨਣ ਲਈ।

ਪਤਝੜਾਂ ਦੀ ਮਾਰ ਨੂੰ ਵੀ ਬਿਰਖ 'ਜੀ ਆਇਆਂ' ਕਹੇ,
ਫਿਰ ਬਹਾਰਾਂ ਨੂੰ ਉਡੀਕੇ ਫੇਰ ਤੋਂ ਮੌਲਣ ਲਈ।

ਮੁਸਕਰਾ ਕੇ ਜਦ ਕਦੀ ਪੱਲੂ ਉਹ ਲਹਿਰਾ ਲੰਘਦੇ,
ਪੌਣ ਵੀ ਅਠਖੇਲੀਆਂ ਕਰਦੀ ਉਦੋਂ ਰੁਮਕਣ ਲਈ।

ਜ਼ਿੰਦਗੀ ਕਦ ਜੋੜ ਤੇ ਤਕਸੀਮ ਦਾ ਹੀ ਨਾਮ ਹੈ,
ਹੇ ਖ਼ੁਦਾ ਤੌਫ਼ੀਕ ਬਖ਼ਸ਼ੀਂ ਏਸ ਨੂੰ ਸਮਝਣ ਲਈ।

ਕਾਸ਼ ਹੋਵੇ ਮਾਨਵੀ ਮੁੱਲਾਂ ਦਾ ਵੀ ਵਿਸ਼ਵੀਕਰਨ,
ਜਾਤ ਮਾਨਸ ਦੀ ਬਣੇ ਇੱਕੋ ਹੀ ਪਹਿਚਾਨਣ ਲਈ।

ਲੱਖ ਡਾਹਢਾ ਹੀ ਸਹੀ, ਪਰ ਫੇਰ ਵੀ ਹਮਦਰਦ ਹੈ,
ਵਕਤ ਮਰਹਮ ਵੀ ਜੁਟਾਉਂਦੈ ਜ਼ਖ਼ਮ ਭਰ ਜਾਵਣ ਲਈ।

ਪੀ ਗਏ ਇਸ ਆਸ ਤੇ ਹੀ ਜ਼ਹਿਰ ਦਾ ਪਿਆਲਾ ਵੀ ਉਹ,
ਨੇਰ੍ਹ ਨਾ ਢੋਵੇ ਕੋਈ, ਤਰਸੇ ਨਾ ਛਿੱਟ ਚਾਨਣ ਲਈ।

----

ਬੁੱਕ ਭਰ ਭਰ ਨੂਰ ਵੰਡਣ ਵਿਤਕਰਾ ਕੋਈ ਨਹੀਂ।
ਪਰ ਇਨਾਇਤ ਸੂਰਜਾਂ ਦੀ ਗੌਲ਼ਦਾ ਕੋਈ ਨਹੀਂ।

ਖ਼ਬਰੇ ਕਦ ਉਸਨੇ ਮਿਰੇ ਦਿਲ ਵਿਚ ਵਸੇਰਾ ਕਰ ਲਿਆ,
ਅਕਲ ਦੇ ਦਰਬਾਨ ਨੇ ਵੀ ਰੋਕਿਆ ਕੋਈ ਨਹੀਂ।

ਹੌਲ਼ੀ-ਹੌਲ਼ੀ ਲੋਕ ਸਹਿੰਦੜ ਇਸ ਕਦਰ ਨੇ ਹੋ ਰਹੇ,
ਵਾਪਰੇ ਕੁੱਝ ਵੀ ਕਹਿਣ ਰੱਖ ਹੌਸਲਾ ਕੋਈ ਨਹੀਂ।

ਇਕ ਨਦੀ ਵਾਂਗਰ ਵਗਣ ਦਾ ਆ ਗਿਆ ਉਸ ਨੂੰ ਹੁਨਰ,
ਖ਼ੁਦ ਹੀ ਬਣਦੇ ਜਾਣ ਰਸਤੇ ਰੋਕਦਾ ਕੋਈ ਨਹੀਂ।

ਫਿਰ ਚਨਾਰਾਂ, ਦੇਵਦਾਰਾਂ 'ਤੇ ਬਹਾਰਾਂ ਪਰਤੀਆਂ,
ਪਸਤ ਹੋਈਆਂ ਪਤਝੜਾਂ ਵਿਚ ਹੌਸਲਾ ਕੋਈ ਨਹੀਂ।

ਬਾਤ ਆਪਣੀ ਦਾ ਹੁੰਗਾਰਾ ਪਰਬਤਾਂ ਤੋਂ ਸੁਣ ਲਵੋ,
ਸੱਖਣਾਪਣ ਰਿਸ਼ਤਿਆਂ ਵਿਚ ਬੋਲਦਾ ਕੋਈ ਨਹੀਂ।

ਤੁਰ ਰਿਹਾ ਧੁਨ ਆਪਣੀ ਵਿਚ ਹਰ ਕੋਈ ਮਸਰੂਫ਼ ਹੈ,
ਡਿਗ ਪਿਆ ਜਾਂ ਡੇਗਿਆ ਹੁਣ ਗੌਲ਼ਦਾ ਕੋਈ ਨਹੀਂ।

ਪੈ ਗਿਆ ਇਨ੍ਹਾਂ 'ਤੇ ਆਖ਼ਰ ਸੋਚ ਸਾਡੀ ਦਾ ਅਸਰ,
ਬੌਣਾਪਣ ਰੁੱਖਾਂ 'ਚ ਵਧਿਆ ਫੈਲਦਾ ਕੋਈ ਨਹੀਂ।

ਮੰਜ਼ਿਲਾਂ ਨੂੰ ਖ਼ੁਦ ਉਨ੍ਹਾਂ ਸਿਰਨਾਵਿਆਂ ਦੀ ਭਾਲ਼ ਹੈ,
ਹੌਸਲਾ ਦਰਿਆ ਜਿਨ੍ਹਾਂ ਦਾ ਤੌਖਲਾ ਕੋਈ ਨਹੀਂ।

## ਸਖ਼ਨ-ਸਾਜ਼



ਸਲਖਣ ਸਰਹਦੀ
94174-84337

ਹਰਦਵ ਚਹਾਨ ਦੀ ਕਹਾਣੀ

# ਮਲਾਹੀਂ ਮਰਣ ਸਮਦਰੀਂ


ਮੋਬਾਈਲ : 98151-94782

ਹਰਦੇਵ ਚੌਹਾਨ ਪੰਜਾਬੀ ਸਾਹਿਤ-ਸੱਭਿਆਚਾਰ ਦੇ ਖੇਤਰ ਦੀ ਇੱਕ ਬਹੁਪੱਖੀ ਸ਼ਖ਼ਸੀਅਤ ਹੈ। ਉਹ ਉਘਾ ਬਾਲ ਲੇਖਕ ਹੈ। ਬਾਲ ਸਾਹਿਤ ਦੀਆਂ ਉਹ ਲਗਭਗ ਦੋ ਦਰਜਨ ਪੁਸਤਕਾਂ ਪ੍ਰਕਾਸ਼ਿਤ ਕਰਵਾ ਚੁੱਕਾ ਹੈ ਤੇ ਇਸ ਬਦਲੇ ਉਸ ਨੂੰ ਸ਼੍ਰੋਮਣੀ ਬਾਲ ਲੇਖਕ ਦਾ ਪੁਰਸਕਾਰ ਵੀ ਪ੍ਰਾਪਤ ਹੋ ਚੁੱਕਾ ਹੈ। ਉਸ ਨੇ ਬਾਲਾਂ ਲਈ ਕਹਾਣੀਆਂ ਲਿਖੀਆਂ ਵੀ ਪ੍ਰੰਪਰਾ ਤੋਂ ਹੱਟਕੇ ਹਨ ਤੇ ਇਹ ਬੜੇ ਨਾਟਕੀ ਅੰਦਾਜ਼ ਵਿੱਚ ਛੋਟੇ ਬਾਲਾਂ ਦੇ ਮਨਾਂ ਵਿੱਚ ਚੰਗੇਰੇ ਜੀਵਨ ਦੀ ਚੇਤਨਾ ਦੇ ਬੀਜ ਬੀਜਦੀਆਂ ਹਨ। ਬਾਲ ਲੇਖਕ ਹੋਣ ਤੋਂ ਇਲਾਵਾ ਉਹ ਇੱਕ ਉਚਕੋਟੀ ਦਾ ਕਲਾ ਫ਼ੋਟੋਗ੍ਰਾਫਰ ਤੇ ਕਾਲਮ ਨਵੀਸ ਵੀ ਹੈ। ਪਿਛਲੇ ਕੁੱਝ ਸਮੇਂ ਤੋਂ ਉਹ ਨਿਆਣਿਆਂ ਦੇ ਨਾਲ ਨਾਲ ਸਿਆਣਿਆਂ ਲਈ ਵੀ ਕਹਾਣੀਆਂ ਲਿਖ ਰਿਹਾ ਹੈ।

**ਹਰਦਵ ਚਹਾਨ ਵਲਂ ਲਿਖੀ ਗਈ ਇਹ ਕਹਾਣੀ ਅਜ ਤਕ ਕਿਤ ਵੀ ਪਕਾਸ਼ਿਤ ਨਹੀਂ ਕੀਤੀ ਗਈ ਤ ਇਹ ਪਹਿਲੀ ਵਾਰ 'ਨਵੀਂ ਦਨੀਆ' ਵਿਚ ਪਕਾਸ਼ਿਤ ਕੀਤੀ ਜਾ ਰਹੀ ਹੈ।** ਉਸ ਦੀ ਇਹ ਕਹਾਣੀ ਇੱਕ ਪਾਸੇ ਦੇਸ਼ ਅੰਦਰ ਸੜਕ ਹਾਦਸਿਆਂ 'ਚ ਅਜਾਈਂ ਜਾ ਰਹੀਆਂ ਕੀਮਤੀ ਜਾਨਾਂ ਦੇ ਸੱਚ ਦਾ ਬਿਆਨ ਕਰਦੀ ਹੈ ਤੇ ਦੂਜੇ ਪਾਸੇ ਉਸ ਗਹਿਰੇ ਸਦਮੇ ਦੀਆਂ ਅੰਤਰੀਵ ਪਰਤਾਂ ਨੂੰ ਫਰੋਲਦੀ ਹੈ, ਜਿਹੜਾ ਹਾਦਸੇ ਦਾ ਸ਼ਿਕਾਰ ਹੋਏ ਬੰਦੇ ਦੇ ਸਕੇ ਸਬੰਧੀਆਂ ਨੂੰ ਸਹਿਣਾ ਪੈਂਦਾ ਹੈ। ਮਾਨਵੀ ਸੰਵੇਦਨਾ ਦੀ ਭਾਵਪੂਰਤ ਪੇਸ਼ਕਾਰੀ ਪੱਖੋਂ ਇਹ ਕਹਾਣੀ ਪਾਠਕ ਮਨ ਅੰਦਰ ਸਹਾਨਭੂਤੀ ਦੇ ਸੂਖਮ ਜਜ਼ਬਾਤ ਪੈਦਾ ਕਰਨ ਵਾਲੀ ਹੈ। (ਸੰਪਾਦਕ)

ਇੱਕ ਦਹਾਕੇ ਬਾਅਦ ਪਾਪਾ, ਅੰਮੀ ਦੀ ਜ਼ਿੱਦ ਅੱਗੇ ਝੁਕੇ ਹਨ। ਅਪਣੇ ਦੋਸਤਾਂ ਮਿੱਤਰਾਂ ਦੇ ਬਹਿਣ-ਖਲੋਣ ਲਈ ਉਨ੍ਹਾਂ ਕੋਠੀ ਦੇ ਹਾਲ ਕਮਰੇ 'ਚੋਂ ਦੋ ਪੌੜੀਆਂ ਵਾਲਾ ਗੱਦੇਦਾਰ ਟੋਇਆ ਬਣਵਾਇਆ ਹੋਇਆ ਸੀ। ਸ਼ੁਰੂ ਦਿਨ ਤੋਂ ਅੰਮੀ ਨੂੰ ਟੋਇਆ ਪਸੰਦ ਨਹੀਂ ਸੀ। ਪੂਰੇ ਦਸ ਸਾਲ ਬਾਅਦ ਪਾਪਾ ਉਹ ਟੋਇਆ ਪੂਰਨ ਲਈ ਰਜ਼ਾਮੰਦ ਹੋਏ ਸਨ।

ਟੋਇਆ ਪੂਰ ਦੇਣ ਤੋਂ ਬਾਅਦ ਹਾਲ ਕਮਰਾ ਹੁਣ ਖੁੱਲ੍ਹਾ ਡੁੱਲ੍ਹਾ, ਸ਼ਿਪ ਯਾਰਡ ਲੱਗਣ ਲੱਗ ਪਿਆ। ਘਰ ਨੂੰ ਰੰਗ ਰੋਗਨ ਕਰਵਾ ਲਿਆ ਹੈ। ਘਰ ਜਿਵੇਂ ਬਣੀ ਫੱਬੀ ਵਹੁਟੀ ਵਰਗਾ ਸੋਹਣਾ ਦਿਸਦਾ ਹੈ। ਅੰਮੀ ਦੀ ਭੈਣ ਬਣੀ ਜੱਸੀ ਆਂਟੀ ਦੀਵਾਲੀ 'ਤੇ ਘਰ ਆਈ। ਟੋਏ ਵਾਲੇ ਫਰਸ਼ 'ਤੇ ਆਪ ਮੁਹਾਰੀ ਨੱਚਣ ਲੱਗ ਪਈ ਸੀ। ਆਖਦੀ, "ਭੈਣ ਜੀ! ਸਾਡਾ ਘਰ ਤਾਂ ਤਿਆਰ ਹੋ ਗਿਆ, ਹੁਣ ਅੱਪੀ ਦੀ ਵਹੁਟੀ ਲੱਭੀਏ ਤੇ ਵਿਆਹ 'ਤੇ ਗਿੱਧੇ ਧਮਾਲਾਂ ਪਾਈਏ...।''

ਐਲ.ਸੀ.ਡੀ., ਗੋਦਰੇਜ ਦਾ ਸੋਫਾ ਤੇ ਸ਼ੀਸ਼ੇ ਦੇ ਟਾਪ ਵਾਲਾ ਡਾਈਨਿੰਗ ਟੇਬਲ ਆਪੋ ਅਪਣੀ ਥਾਂ 'ਚ ਸਮਾ ਗਏ ਹਨ। ਹਾਲ ਕਮਰੇ 'ਚ ਹੁਣ ਕੋਈ ਭੀੜ ਭੜੱਕਾ ਵੀ ਨਹੀਂ ਰਿਹਾ। ਪਾਪਾ ਖੁਦ ਟੋਏ 'ਤੇ ਪਾਏ ਨਵੇਂ ਫਰਸ਼ 'ਤੇ ਜੰਪਿੰਗ ... ਜੰਪਿੰਗ... ਕਰਦੇ ਬੋਲੇ ਸਨ... "ਵਾਹੋ! ਵੱਡੇ ਹਾਲ ਕਮਰੇ 'ਚ ਬੰਦਾ ਵੀ ਬੜਾ 'ਐਲੀਵੇਟਡ' ਲੱਗਦਾ ਹੈ...''

ਅੰਮੀ ਹਾਲ ਕਮਰੇ ਦੀ ਇੱਕ ਨੁੱਕਰ ਤੋਂ ਦੂਜੀ ਨੁੱਕਰ ਤੱਕ ਨਿਗਾਹਾਂ ਫੇਰਦੀ, ਅਤੀਤ 'ਚ ਫੇਰੀ ਪਾ ਆਉਂਦੀ ਹੈ। ਆਖਦੀ ਹੈ, "ਤੀਹ ਕੁ ਸਾਲ ਪਹਿਲਾਂ, ਸਾਲ ਦੇ ਆਖਰੀ ਮਹੀਨੇ, ਰੱਬ ਦੇ ਨਾਂ ਵਰਗਾ ਦਿਉਰ 'ਜੰਗੀ' ਪੂਰਾ ਹੋਇਆ ਸੀ... ਵੀਹ ਸਾਲ ਪਹਿਲਾਂ ਗਲਤ-ਮਲਤ ਨਾਂ ਵਾਲੇ ਦਿਉਰ ਪੱਪੂ ਦੀਆਂ ਜ਼ਿਆਦਤੀਆਂ ਕਾਰਨ ਅੰਮ੍ਰਿਤਸਰ ਛੱਡ ਕੇ ਚੰਡੀਗੜ੍ਹ ਆਉਣਾ ਪਿਆ ਸੀ... ਹੁਣ ਏਸ ਘਰ 'ਚ ਆਇਆਂ ਨੂੰ ਦਸ ਸਾਲ ਹੋ ਗਏ ਨੇ... ਟੋਇਆ ਪੂਰਨ ਵਾਲਾ ਬਦਲਾਓ ਰੱਬ ਕਰੇ ਸੁੱਖ ਹੰਢਾਉਣਾ ਹੋਏ...''

ਅੰਮੀ ਦੀ ਸੁਣ ਪਾਪਾ ਆਖਦੇ ਹਨ, "ਅੱਪੀ ਦਾ ਵਿਆਹ ਕਰਾਂਗੇ... ਚਾਰ ਦਿਨ ਸੋਫੇ ਹਟਾ ਕੇ ਟੋਏ ਵਾਲੇ ਫਰਸ਼ 'ਤੇ ਬਾਬਾ ਜੀ ਦਾ ਪ੍ਰਕਾਸ਼ ਕਰਾਂਗੇ.... ਹਾਲ ਕਮਰੇ 'ਚ ਆਈ ਸੰਗਤ ਨੂੰ ਬਿਠਾਵਾਂਗੇ... ਸਮਾਪਤੀ ਤੋਂ ਬਾਅਦ ਇੱਥੇ ਹੀ ਜਸ਼ਨ ਮਨਾਵਾਂਗੇ... ਇਹੀਓ ਚੇਂਜ ਸਮਝੋ, ਜਿਹੜੀ ਹੋਣ ਵਾਲੀ ਸੀ... ਬਸ! ਸੰਸਾ ਨਵਿਰਤ...''

ਜਿੰਨਾ ਚਿਰ ਹਾਲ ਕਮਰੇ 'ਚ ਭੰਨ ਤੋੜ ਹੁੰਦੀ ਰਹੀ, ਰੰਗ ਰੋਗਣ ਹੁੰਦੇ ਰਹੇ, ਅੱਧੀ ਜ਼ੁਬਾਨ ਨਾਲ ਬੁਲਾਇਆ ਨਿਤੀ ਪੂਰਾ-ਸੂਰਾ ਹਾਜ਼ਰ ਹੁੰਦਾ ਸੀ। ਅੰਮੀ, ਪਾਪਾ ਦੇ ਦਫ਼ਤਰ ਚਲੇ ਜਾਣ 'ਤੇ ਮਿਸਤਰੀ, ਮਜ਼ਦੂਰਾਂ ਨੂੰ ਲੋੜੀਂਦੀਆਂ ਚੀਜ਼ਾਂ ਲਿਆ ਲਿਆ ਦੇਂਦਾ ਸੀ... ਸਾਰਾ ਸਾਰਾ ਦਿਨ ਚਾਹ ਪਾਣੀ ਪਿਆਉਂਦਾ ਸੀ... ਹੱਸਦੇ ਹੱਸਦੇ ਪਾਪਾ ਨੇ ਇੱਕ ਸ਼ਾਮ ਬੈਠਿਆਂ, ਬੈਠਿਆਂ ਕਿਹਾ ਸੀ, "ਨਿਤੀ ਭਾਜੀ! ਏਥੇ ਕੰਮ ਕਰਦੇ ਤੁਸੀਂ ਸਾਡੇ 'ਤੇ ਕੋਈ ਅਹਿਸਾਨ ਨਹੀਂ ਕਰਦੇ, ਡੇਢ ਦੋ ਕਰੋੜ ਵਾਲਾ ਇਹ ਘਰ ਅੱਧਾ ਤੁਹਾਡਾ ਤੇ ਅੱਧਾ ਅੱਪੀ ਸ੍ਹਾਬ ਦਾ ਹੈ... ਆਪਾਂ ਕਿਹੜਾ ਇਥੇ ਸਦਾ ਬੈਠੇ ਰਹਿਣਾ ਏ...।''

ਜੁਆਬ ਵਿੱਚ ਨਿਤੀ ਮੁਸਕਾਰਿਆ ਸੀ। ਬੜੀ ਲਾਪ੍ਰਵਾਹ ਮੁਸਕਰਾਹਟ ਸੀ....

ਗਰਮੀਆਂ 'ਚ ਕੈਨੇਡਾ ਗਏ, ਪਾਪਾ ਦੇ ਦੋਸਤ ਗਰੇਵਾਲ ਅੰਕਲ ਵਾਪਸ ਇੰਡੀਆ ਆਉਣ ਵਾਲੇ ਸਨ। ਹੋਸ਼ੀ ਮਾਸੀ ਦੀ ਧੀ ਸੋਨੀ ਵੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੀ ਹੈ। ਅੰਕਲ ਨੂੰ ਦਿਲੀ ਏਅਰਪੋਰਟ ਤੋਂ ਲਿਆਉਣ ਲਈ ਸੋਨੀ ਨੇ ਨਿਤੀ ਨੂੰ ਡਰਾਈਵਰ ਦੇ ਨਾਲ ਜਾਣ ਲਈ ਪੁੱਛਿਆ ਸੀ। ਨਵੀਂ ਕੁਆਲਿਸ ਦੇ ਚਾਅ 'ਚ ਨਿਤੀ ਨੇ ਅੰਕਲ ਦੇ ਡਰਾਈਵਰ ਨਾਲ ਜਾਣ ਲਈ ਹਾਂ ਕਰ ਦਿੱਤੀ ਸੀ। ਇੱਕ ਦੋ ਵਾਰ ਪਹਿਲਾਂ ਵੀ ਉਹ ਕੁਆਲਿਸ 'ਤੇ ਝੂਟੇ ਲੈ ਚੁੱਕਾ ਸੀ।

"ਪਾਪਾ! ਪਾਪਾ!! ਗਰੇਵਾਲ ਅੰਕਲ ਤਾਂ ਅਮੀਰ ਲੋਕ ਨੇ... ਤੁਸੀਂ ਉਨ੍ਹਾਂ ਵਾਲੀ ਕੁਆਲਿਸ ਗੱਡੀ ਮੈਨੂੰ ਖਰੀਦ ਦਿਓ... ਉਹ ਕੋਈ ਹੋਰ ਵੱਡੀ ਗੱਡੀ ਲੈ ਲੈਣਗੇ... ਤੇ ਮੈਂ ਤੁਹਾਨੂੰ ਇਸ ਵਾਰ ਕੁਆਲਿਸ 'ਤੇ ਹੀ ਰੋਹਤਾਂਗ ਪਾਸ ਦੀਆਂ ਬਰਫਾਂ ਵਿਖਾ ਕੇ ਲਿਆਵਾਂਗਾ...'' ਇੱਕ ਦਿਨ ਨਿਤੀ ਨੇ ਬੈਠਿਆਂ, ਬੈਠਿਆਂ ਪਾਪਾ ਨੂੰ ਕਿਹਾ ਸੀ।

"ਕੋਈ ਹਰਜ ਨਹੀਂ, ਗੱਲ ਕਰ ਵੇਖਾਂਗੇ.. ਗੱਡੀ ਚਲਦੀ ਰਹੇ ਤਾਂ ਚੰਗੀ...'' ਪਾਪਾ ਨੇ ਜੁਆਬ 'ਚ ਨਿਤੀ ਨੂੰ ਕਿਹਾ ਸੀ।

ਉਧਰ ਨਿਤੀ ਨੇ ਸੋਨੀ ਨੂੰ ਦਿੱਲੀ ਜਾਣ ਲਈ ਹਾਂ ਕਰ ਦਿੱਤੀ ਸੀ, ਏਧਰ ਸ਼ਾਮੀ ਘਰ ਆਏ ਨਿਤੀ ਨੇ ਐਲਾਨ ਕਰ ਦਿੱਤਾ ਸੀ, "ਮੈਥੋਂ ਇਸ ਵਾਰ ਦਿੱਲੀ ਨਹੀਂ ਜਾ ਹੋਣਾ, ਜੇਕਰ ਸੋਨੀ ਦੀਦੀ ਜ਼ਿਆਦਾ ਹੀ ਜ਼ੋਰ ਪਾਏਗੀ ਤਾਂ ਅੰਕਲ ਦੇ ਡਰਾਈਵਰ ਦੇ ਸਾਥ ਲਈ ਕੋਈ ਹੋਰ ਡਰਾਈਵਰ ਦਾ ਪ੍ਰਬੰਧ ਕਰ ਦਿਆਂਗਾ...''

ਨਿਤੀ ਹਮੇਸ਼ਾ ਇਵੇਂ ਹੀ ਕਰਦਾ ਹੈ। ਹਰ ਕੰਮ 'ਚ ਰੱਦੋ ਬਦਲ ਕਰਦਾ ਰਹਿੰਦਾ ਹੈ। ਟਿਕਦਾ ਨਹੀਂ ਕਿੱਧਰੇ ਵੀ... ਅਮਰੀਕਾ ਦਾ ਵੀਜ਼ਾ ਅਗਲੇ ਸਾਲ ਖ਼ਤਮ ਹੋਣ ਵਾਲਾ ਏ... ਕੈਨੇਡਾ 'ਚ, ਪਾਪਾ ਨੇ ਪੜ੍ਹਨ ਲਈ ਹਾਂ ਕਰਵਾਈ ਹੋਈ ਹੈ... ਬਾਹਰ ਉਸ ਨੇ ਕੀ ਜਾਣਾ, ਏਥੇ ਵੀ ਟਿੱਕ ਕੇ ਕੁੱਝ ਨਹੀਂ ਕਰਦਾ... ਚੱਕਰ ਹੈ ਉਸ ਦੇ ਪੈਰਾਂ 'ਚ ਕੋਈ... ਸਿਟਕੋ ਦੀ ਪੱਕੀ ਨੌਕਰੀ ਡੇਢ ਮਹੀਨੇ ਬਾਅਦ ਛੱਡ ਬੈਠਾ ਸੀ... ਜੋਸ਼ੀ, ਚਿਤਾਸ਼ੋ, ਬਕਾਰਡੀ ਤੇ ਹੋਰ ਕਈ ਕੰਪਨੀਆਂ 'ਚ ਗਿਆ, ਆਇਆ... ਅਪਣੇ ਲੰਗੋਟੀਏ ਯਾਰ ਲਾਲੀ ਨਾਲ ਰੈਡੀਮੇਡ ਕਪੜਿਆਂ ਦਾ ਕਾਰੋਬਾਰ ਸ਼ੁਰੂ ਕੀਤਾ, ਚਾਂਈਂ ਚਾਂਈਂ... ਨਹੀਂ ਟਿਕਿਆ... ਭਟਕਣ ਪੈਂਡੇ ਪਿਆ ਰਿਹਾ... ਪਤਾ ਨਹੀਂ ਲੇਖਾਂ 'ਚ ਕਿਹੜਾ ਕਾਰੋਬਾਰ ਲਿਖਾਈ ਬੈਠਾ ਸੀ...।

ਸਥਾਪਤੀ ਲਈ, ਸ਼ਾਂਤੀ ਲਈ ਟਿਕਾਓ ਲਈ, ਨਿਤੀ ਸ਼ਿਵ, ਸ਼ਨੀ ਤੇ ਹੋਰ ਦੇਵੀ ਦੇਵਤਿਆਂ ਦੇ ਮੰਦਰੀਂ ਜਾਂਦਾ ਰਹਿੰਦਾ। ਪੂਜਾ ਪਾਠ ਤੇ ਮੰਤਰ ਜਾਪ ਕਰਦਾ ਰਹਿੰਦਾ। ਕੇਰਾਂ ਗਲੇ 'ਚ ਪਾਇਆ ਸ਼ੇਰ ਦਾ ਨਹੁੰ ਪਾਪਾ ਨੂੰ ਵਿਖਾਉਂਦਿਆਂ ਕਹਿੰਦਾ ਸੀ, "ਪਾਪਾ! ਸ਼ੇਰ ਦਾ ਨਹੁੰ ਧਾਰਿਆ ਹੋਏ ਤਾਂ ਬੰਦਾ ਬਦ ਬਲਾਵਾਂ ਤੋਂ ਬਚਿਆ ਰਹਿੰਦਾ ਹੈ... ਤੱਤੀ 'ਵਾ ਲਾਗੇ ਨਹੀਂ ਫਟਕਦੀ...।''

ਧੀ ਮਾਨੀ ਦਾ ਵਿਸਾਹ ਨਹੀਂ ਸੀ ਖਾਂਦਾ। ਛੁੱਟੀ ਵਾਲੇ ਦਿਨ, ਕਦੀ ਘਰ ਹੋਣਾ ਤਾਂ ਸਾਰਾ ਸਾਰਾ ਦਿਨ ਉਸ ਨੂੰ ਖਿਡਾਉਂਦੇ, ਵਰਚਾਉਂਦੇ ਰਹਿਣਾ... ਗੱਡੀ ਕੱਢਣੀ ਤੇ ਪਿਉ, ਧੀ ਨੇ ਰਾਕ ਗਾਰਡਨ, ਰੋਜ਼ ਗਾਰਡਨ ਤੇ ਸੁਖਨਾ ਝੀਲ 'ਤੇ ਘੁੰਮਦੇ ਰਹਿਣਾ... ਸੁਆਦਾਂ ਪੱਟਿਆਂ ਨੇ ਆਈਸ ਕਰੀਮਾਂ, ਨੂਡਲਾਂ ਤੇ ਚਾਕਲੇਟਾਂ ਖਾਂਦੇ ਰਹਿਣਾ...।

ਜਿਸ ਸ਼ਾਮ ਗਰੇਵਾਲ ਅੰਕਲ ਨੇ ਵਾਪਸ ਆਉਣਾ ਸੀ, ਉਸ ਦਿਨ ਨਿਤੀ ਘਰ ਸੀ। ਸਵੇਰ ਤੋਂ ਸ਼ਾਮ ਤੱਕ ਮਾਨੀ ਦੇ ਨਾਲ ਸੀ। ਸ਼ਾਮੀ ਚਾਰ ਕੁ ਵਜੇ ਸੋਨੀ ਨੇ ਅੰਕਲ ਨੂੰ ਲਿਆਉਣ ਲਈ ਫੋਨ ਕੀਤਾ ਸੀ... ਨਿਤੀ ਦੀ ਹਾਂ ਤੋਂ ਕੀਤੀ ਹੋਈ ਨਾਂਹ ਫਿਰ ਹਾਂ ਵਿੱਚ ਬਦਲ ਗਈ... ਅਪਣੀ ਮੰਮੀ ਨੂੰ ਦਫਤਰੋਂ ਘਰ ਬੁਲਾ ਲਿਆ ਸੀ। ਆਖਣ ਲੱਗਾ, "ਮੰਮੀ! ਜਹਾਜ਼ ਵਰਗੀ ਖਾਲੀ ਗੱਡੀ ਦਿਲੀ ਜਾ ਰਹੀ ਹੈ, ਤੁਸੀਂ ਵੀ ਨਾਲ ਚੱਲ ਪਓ... ਅਪਣੇ ਪੈਂਡਿੰਗ ਕੰਮ ਨਿਪਟਾ ਆਇਓ...।

"ਚਾਣਚੱਕ ਜਾਣਾ, ਮੇਰੇ ਲਈ ਸੌਖਾ ਨਹੀਂ। ਸੌ ਸੌ ਸਕੀਮ ਬਣਾਉਣੀ ਪੈਂਦੀ ਹੈ... ਖਲਾਰਾ ਸਮੇਟਣਾ ਹੁੰਦਾ ਏ...'' ਨਿਤੀ ਦੇ ਮੰਮੀ ਨੇ ਕਿਹਾ ਸੀ।

"ਤੁਸੀਂ ਜਾਣਾ ਤਾਂ ਨਾ ਜਾਓ... ਘਰੇ ਬੈਠੇ ਸਮੇਟਦੇ ਰਹੋ ਅਪਣੇ ਖਿਲਾਰੇ... ਮੈਂ ਜਾ ਰਿਹਾਂ...।'' ਨਿਤੀ ਭਰਿਆ ਪੀਤਾ ਪੌੜੀਆਂ ਉਤਰ ਗਿਆ ਸੀ। ਮਾਨੀ ਜਾਂਦੇ ਪਿਓ ਨੂੰ ਬਾਏ! ਬਾਏ!! ਕਰਦੀ ਰਹੀ... ਪਹਿਲੀ ਵਾਰ ਸੀ ਕਿ ਜਾਂਦੇ ਹੋਏ ਨੇ ਪਿਛਾਂਹ ਮੁੜਕੇ ਨਹੀਂ ਸੀ ਵੇਖਿਆ...।

ਹੇਠਾਂ ਖੜਾ ਡਰਾਈਵਰ ਨਿਤੀ ਨੂੰ ਲੈ ਦਿੱਲੀ ਵੱਲ ਚਲਾ ਗਿਆ ਸੀ। ਰਸਤੇ 'ਚੋਂ ਨਿਤੀ ਨੇ ਮੋਬਾਈਲ ਕੀਤਾ ਸੀ, 'ਸ਼ਿਵੀ! ਮੰਮੀ ਦਾ ਤੇ ਮਾਨੀ ਦਾ ਖਿਆਲ ਰੱਖਿਆ ਕਰੀਂ... ਮੈਂ ਹੁਣ ਕਦੀ ਕਦਾਈਂ ਆਇਆ ਕਰਾਂਗਾ...। ਦਿੱਲੀ ਤਾਇਆ ਜੀ ਨੇ ਨਵਾਂ ਕਾਰੋਬਾਰ ਵੇਖ ਰੱਖਿਐ ਮੇਰੇ ਲਈ...।''

ਅੰਬਾਲੇ ਨਹੀਂ ਸੀ ਪੁੱਜਿਆ ਨਿਤੀ, ਜਦੋਂ ਉਸ ਨੇ ਫੋਨ ਕੀਤਾ ਹੋਏਗਾ... ਇਥੋਂ ਰੋਟੀ ਪਾਣੀ ਪੈਕ ਕਰਵਾਇਆ ਸੀ ਉਨ੍ਹਾਂ ਨੇ ਲੰਮੇ ਸਫਰ ਦੀ ਸ਼ੁਰੂਆਤ ਲਈ... ਡਰਾਈਵਰ ਓਮ ਨੂੰ ਅਪਣੇ ਨਾਲ ਵਾਲੀ ਸੀਟ 'ਤੇ ਬੈਠਾ ਉਸ ਨੇ ਸਟੇਅਰਿੰਗ ਸੰਭਾਲ ਲਿਆ ਸੀ। ਨਾ ਉਸ ਨੇ ਫੋਨ ਕੀਤਾ ... ਨਾ ਦੁਬਾਰਾ ਫੋਨ ਕਰਨ ਦਾ ਮੇਰਾ ਹੀਆ ਪਿਆ ਮਤੇ ਫੋਨ ਸੁਣਦਾ ਸੁਣਦਾ ਬੇਚਾਰਾ ਬੇਧਿਆਨੀ 'ਚ ਕੋਈ ਚੰਨ ਚਾੜ੍ਹ ਬੈਠੇ...।

ਉਂਝ ਨਿਤੀ ਰਸਤੇ 'ਚ ਫੋਨ ਕਰਦਾ ਰਿਹਾ ਸੀ, ਦੋਸਤਾਂ, ਮਿੱਤਰਾਂ ਨੂੰ... ਕੁੱਝ ਖੁਸ਼ੀ ਭਰੇ... ਕੁੱਝ ਗਮੀ ਭਰੇ.... ਕਿਸੇ ਪੈਸੇ ਲੈਣ ਵਾਲੇ ਨੂੰ... ਕਿਸੇ ਪੈਸੇ ਦੇਣ ਵਾਲੇ ਨੂੰ....। ਓਮ ਦਸਦਾ ਹੈ, "ਨਿਤੀ ਭਾਜੀ, ਕੁੱਝ ਦੋਸਤਾਂ ਤੋਂ ਬੜੇ ਖਫਾ ਸਨ... ਰਸਤੇ 'ਚ ਉਹ ਦਸ ਰਹੇ ਸਨ ਕਿ ਦੋਸਤਾਂ ਲਈ, ਖੱਟਿਆ ਕਮਾਇਆ ਅਪਣਾ ਸਾਰਾ ਕੁੱਝ ਦਾਅ 'ਤੇ ਲਾ ਦਿੱਤਾ... ਭੀੜ ਵੇਲੇ ਕੋਈ ਕੰਮ ਨਹੀਂ ਆਇਆ... ਹੁਣ ਆਪਾਂ ਸੰਭਲ ਗਏ ਹਾਂ... ਪੈਸੇ ਜੋੜਨੇ ਸ਼ੁਰੂ ਕਰ ਦਿਤੇ ਨੇ.... ਤਿੰਨ, ਚਾਰ ਲੱਖ ਰੁਪਏ ਜੁੜ ਗਏ ਤਾਂ ਬੀਵੀ ਸਮੇਤ ਅਮਰੀਕਾ ਚਲੇ ਜਾਵਾਂਗੇ... ਏਥੇ ਬੜੇ ਨਾਸ਼ੁਕਰੇ ਲੋਕ ਨੇ....।

ਏਧਰੋਂ ਟੁੱਟਣ ਦਾ ਰੋਸਾ, ਉਧਰੋਂ ਨਵੇਂ ਕਾਰੋਬਾਰ ਦਾ ਚਾਅ ਤੇ ਹੋਰ ਕਿੰਨਾ ਕੱਝ ਮਨ 'ਚ ਲਈ, ਨਿਤੀ ਜਾ ਰਿਹਾ ਸੀ, ਢਹਿੰਦੀ ਬਣਦੀ ਛੇ ਮਾਰਗੀ ਜੀ.ਟੀ. ਰੋਡ 'ਤੇ... ਕਰਨਾਲ ਤੋਂ ਬਾਅਦ ਮਧੂਬਨ ਆਇਆ। ਜੀਰੀ ਦੀਆਂ ਬੋਰੀਆਂ ਨਾਲ ਭੂਸਰੇ ਟਰੱਕ ਨੇ ਖੱਬੇ ਪਾਸਿਉਂ ਅੱਗੇ ਲੰਘਣ ਲਈ ਰੇਸ ਵਧਾਈ ਹੀ ਸੀ ਕਿ ਕੱਟ ਜਿਹਾ ਮਾਰ ਕੁਆਲਿਸ 'ਤੇ ਉਲਟ ਗਿਆ... ਧਮਾਕਾ ਜਿਹਾ ਸੁਣਾਈ ਦਿੱਤਾ ਪਰ ਚਾਰੇ ਪਾਸੇ ਛਾਏ ਹਨੇਰੇ ਕਾਰਨ ਦਿਸਿਆ ਕੁੱਝ ਨਹੀਂ... ਕਰੇਨ ਆਈ... ਘੰਟਾ, ਡੇਢ ਘੰਟਾ ਜਦੋ-ਜਹਿਦ ਕਰ ਕੇ ਜੀਰੀ ਦੀਆਂ ਬੋਰੀਆਂ ਤੇ ਉਲਰੇ ਹੋਏ ਟਰੱਕ ਨੂੰ ਪਾਸੇ ਕੀਤਾ। ਓਮ ਦਸਦਾ ਕਿ ਜਦੋਂ ਅੱਖ ਖੁਲ੍ਹੀ ਤਾਂ ਸਾਹਮਣੇ ਹਸਪਤਾਲ ਸੀ। ਮਾਤਮੀ ਮੁਦਰਾ 'ਚ ਬੈਠੇ ਰਿਸ਼ਤੇਦਾਰ ਸਨ। ਨਿਤੀ ਦਾ ਖਿਆਲ ਆਉਂਦਿਆਂ ਭੁੱਬਾਂ ਮਾਰਦਿਆਂ ਪੁੱਛਿਆ, "ਮੇਰੇ ਭਾਜੀ ਕਿੱਥੇ ਨੇ...?''

ਪੁਲਿਸ ਵਾਲਿਆਂ ਨੇ ਹੌਂਸਲਾ ਦਿੰਦਿਟਾ ਘਰ ਦੇ ਫੋਨ ਨੰਬਰ ਲਏ ਤੇ ਕਿਹਾ, "ਤੇਰੇ ਭਾਜੀ ਦਾ ਇਲਾਜ ਚੱਲ ਰਿਹੈ'' ਅੱਧੀ ਰਾਤ ਨੂੰ ਫੋਨਾਂ ਦੀ ਆਵਾਜਾਈ ਸ਼ੁਰੂ ਹੋ ਗਈ। ਓਮ ਦੀ ਕਾਲਜ ਪੜ੍ਹਦੀ ਕੁੜੀ ਨੇ ਪਾਪਾ ਨੂੰ ਐਕਸੀਡੈਂਟ ਬਾਰੇ ਦੱਸਿਆ। ਉਸ ਨੇ ਅਪਣੇ ਪਾਪਾ ਨੂੰ ਸੱਟਾਂ ਲੱਗਣ ਬਾਰੇ ਤਾਂ ਦੱਸ ਦਿਤਾ ਪਰ ਨਿਤੀ ਬਾਰੇ ਕੁੱਝ ਨਾ ਦੱਸਿਆ। ਅੰਮੀ ਤੇ ਪਾਪਾ ਨੇ ਕਰਨਾਲ ਰਹਿੰਦੀ ਭੈਣ ਜੀ ਦੇ ਮੋਨੂੰ, ਸੋਨੂੰ ਤੇ ਛਿੰਦੇ ਨੂੰ ਫੋਨ ਕਰਨੇ ਸ਼ੁਰੂ ਕਰ ਦਿੱਤੇ। ਨਿਤੀ ਦੀ ਮੰਮੀ ਦਿੱਲੀ ਫੋਨ ਮਲਾਉਣ ਲੱਗ ਪਈ। ਦੋ ਕੁ ਵਜੇ ਰਾਤੀਂ ਪਤਾ ਲੱਗ ਗਿਆ ਕਿ ਓਮ ਨੂੰ ਸੱਟਾਂ ਲੱਗੀਆਂ ਹਨ, ਗੱਡੀ ਸਾਰੀ ਫਿਸ ਗਈ ਹੈ ਤੇ ਨਿਤੀ ਗੰਭੀਰ ਹਾਲਤ ਵਿਚ ਜੇਰੇ ਇਲਾਜ ਹੈ। ਅੰਮੀ, ਨਿਤੀ ਦੀ ਮੰਮੀ ਤੇ ਪੰਚਕੂਲੇ ਵਾਲੇ ਮਾਮਾ ਜੀ ਵਾਲੀਆ ਅੰਕਲ ਨਾਲ ਗੱਡੀ ਲੈ ਕਰਨਾਲ ਤੁਰ ਪਏ।

ਪਿੱਛੋਂ ਅੰਮ੍ਰਿਤਸਰੋਂ ਕੁਲਵੰਤ ਮਾਮਾ ਜੀ ਦਾ ਫੋਨ ਆਇਆ। ਉਨ੍ਹਾਂ ਪਾਪਾ ਨੂੰ ਦੱਸਿਆ ਕਿ ਨਿਤੀ ਨਹੀਂ ਬਚਿਆ ਪਰ ਪਾਪਾ ਨੇ ਕਰਨਾਲ ਜਾਂਦੇ ਅੰਮੀ ਤੇ ਨਿਤੀ ਦੀ ਮੰਮੀ ਨੂੰ ਨਹੀਂ ਦਸਿਆ, ਨਾ ਹੀ ਉਨ੍ਹਾਂ ਨੇ ਮੈਨੂੰ ਦੱਸਿਆ। ਸਵੇਰੇ ਸਵੇਰੇ ਕਰਨਾਲ ਮਾਸੀ ਜੀ ਦੇ ਮੋਨੂੰ ਨੂੰ ਮੋਬਾਈਲ ਕੀਤਾ। ਲਾਗਿਉਂ ਮਾਸੀ, ਅੰਮੀ ਤੇ ਨਿਤੀ ਦੇ ਮੰਮੀ ਦੇ ਰੋਣ, ਕਰਲਾਉਣ ਦੀਆਂ ਆਵਾਜ਼ਾਂ ਵੀ ਸਾਫ ਸੁਣੀਂਦੀਆਂ ਸਨ। ਘਬਰਾਈ ਨੇ ਪਾਪਾ ਨੂੰ ਫੋਨ ਕੀਤਾ। ਕੁੱਝ ਕਹਿਣ, ਸੁਣਨ ਤੋਂ ਪਹਿਲਾਂ ਮੈਨੂੰ ਜਿਵੇਂ ਸਿਰ 'ਤੇ ਹੱਥ ਫੇਰਦੇ ਕਹਿਣ ਲੱਗੇ, "ਬੇਟੇ! ਧੀਰਜ ਰੱਖ।'' ਪਾਪਾ ਲੰਮੀ ਗੱਲ ਨਹੀਂ ਸੀ ਕਰਨਾ ਚਾਹੁੰਦੇ। ਗੱਲ ਵੀ ਕਿਹੜੀ ਕਰਦੇ। ਸਾਰਾ ਕੁੱਝ ਸੁਣਾਈ ਤੇ ਵਿਖਾਈ ਦੇ ਰਿਹਾ ਸੀ। ਕੁੱਝ ਚਿਰ ਬਾਅਦ ਅੱਪੀ ਆ ਗਿਆ। ਦਿਲਾਸੇ ਦਿੰਦਾ ਰਿਹਾ। ਆਖਦਾ ਸੀ, ਜਿੰਨਾ ਉਹ ਤੇਰਾ ਸੀ, ਤੂੰ ਮਾਣ ਲਿਆ। ਏਥੇ ਉਹ ਰੱਬ ਦੀ ਕੈਦ ਕੱਟਣ ਆਇਆ ਸੀ। ਕੈਦ ਕੱਟ ਕੇ ਸੁਰਖਰੂ ਹੋ ਗਿਆ। ਤੁੱਟ ਗਿਆ ਜੰਜਾਲਾਂ ਤੋਂ। ਹੁਣ ਆਪਾਂ ਮਾਨੀ ਨੂੰ ਕਹਾਂਗੇ... ਤੇਰੇ ਪਾਪਾ ਗੌਡ ਕੋਲ ਚਲੇ ਗਏ ਨੇ... ਉਥੇ ਉਹ ਬੜੇ ਮਜ਼ੇ ਕਰ ਰਹੇ ਨੇ... ਅਸੀਂ, ਉਨ੍ਹਾਂ ਨੂੰ ਹੁਣ ਅਪਣੇ ਕੋਲ ਨਹੀਂ ਬੁਲਾਵਾਂਗੇ...''

ਦਪਹਿਰੇ ਨਿਤੀ ਦੀ ਦੇਹ ਲੈ ਆਏ ਸਨ ਅੰਮੀ, ਨਿਤੀ ਦੇ ਮੰਮੀ ਤੇ ਪੱਪੀ ਮਾਮਾ... ਹਾਦਸੇ ਦੀ ਖਬਰ ਪਹਿਲਾਂ ਹੀ ਜੰਗਲ ਦੀ ਅੱਗ ਵਾਂਗ ਫੈਲ ਚੁੱਕੀ ਸੀ। ਅਫਸੋਸ ਕਰਨ ਵਾਲੇ ਹੇਠਾਂ ਸੱਥਰ ਡਾਹੀ ਬੈਠੇ ਸਨ। ਸਾਰੇ ਨਿਤੀ ਦੇ ਅੰਤਮ ਦਰਸ਼ਨ ਕਰਦੇ ਨੇ... ਰੰਗੀਨ ਚਾਂਦਰਾਂ ਚੜ੍ਹਾਉਂਦੇ ਨੇ... ਪੰਝੀ ਸੈਕਟਰ ਵਾਲੇ ਸ਼ਮਸ਼ਾਨ ਘਾਟ 'ਚ ਜਾਣ ਵੇਲੇ ਨਿਤੀ ਦੀ ਦੇਹ, ਧੜੰਮ ਦੇਣੀ ਫੱਟੇ ਤੋਂ ਹੇਠਾਂ ਡਿਗ ਪਈ... "ਹਾੜਾ ਵੇ!! ਲੋਕੋ... ਵੇਖਿਓ ਕਿਧਰੇ ਮੇਰੇ ਨਿਤੀ ਨੂੰ ਸੱਟ ਨਾ ਲੱਗ ਜਾਏ.. ਹਾਏ ਵੇ ਡਾਢਿਆ!!... ਸਾਡੇ ਕੋਲੋਂ ਚੁੱਕਿਆ ਨਹੀਂ ਗਿਆ... ਤੂੰ ਕਿਹੜਾ ਕੌਤਕ ਰਚਾ ਕੇ ਪਲਾਂ ਛਿਣਾਂ 'ਚ ਚੁੱਕ ਤੁਰਿਆ...'' ਭੀੜ ਮੇਰੀਆਂ ਭੁੱਬਾਂ ਨੂੰ ਅਣਗੌਲਿਆਂ ਕਰ ਸ਼ਮਸ਼ਾਨ ਘਾਟ ਵੱਲ ਤੁਰ ਪਈ।

ਸ਼ਮਸ਼ਾਨ ਘਾਟ 'ਚ ਘੜਾ ਭੰਨਣ ਵੇਲੇ ਅੱਪੀ, ਮਾਨੀ ਨੂੰ ਲੈ ਆਇਆ। ਭੌਂਚੱਕੀ ਜਿਹੀ ਪਾਪਾ ਦਾ ਲਹੂ ਲਿਬੜਿਆ ਚਿਹਰਾ ਵੇਖ ਚੀਕ ਪਈ, 'ਆਪ ਲੋਗੋਂ ਕੋ ਅਕਲ ਨਹੀਂ... ਪਾਪਾ ਕੋ ਚੋਟ ਲਗੀ ਹੈ.. ਹਾਸਪੀਟਲ ਜਾਨਾ ਥਾ... ਯਹਾਂ ਕਿਉਂ ਲਾਏ ਹੋ ਪਾਪਾ ਕੋ...''

ਅੱਪੀ, ਮਾਨੀ ਦੀਆਂ ਅੱਖਾਂ ਪੂੰਝਦਾ ਉਸ ਨੂੰ ਭੀੜ ਤੋਂ, ਨਿਤੀ ਤੋਂ ਦੂਰ ਬਾਹਰ ਲੈ ਗਿਆ। ਮਗਰੇ ਮਗਰ ਗਏ ਪਾਪਾ ਨੇ ਮਾਨੀ ਦਾ ਸਿਰ ਪਲੋਸਦਿਆਂ ਕਿਹਾ, "ਅਬ ਨਿਤੀ ਪਾਪਾ ਕੋ ਫਾਇਰ ਲਗਾ ਦੀ ਹੈ...' ਮੂੰਹ ਭੁਆ ਕੇ ਉਨ੍ਹਾਂ ਅਪਣੀਆਂ ਅੱਖਾਂ 'ਚੋਂ ਅੱਥਰੂ ਵੀ ਪੂੰਝੇ। "ਫਾਇਰ ਸੇ ਕੋਈ ਠੀਕ ਹੋਤਾ ਤੋ ਨਹੀਂ ਸੁਨਾ'' ਘਰ ਜਾਂਦੀ ਹੋਈ ਮਾਨੀ, ਅੱਪੀ ਨੂੰ ਆਖਦੀ ਹੈ।

ਸਸਕਾਰ ਤੋਂ ਬਾਅਦ ਫੁੱਲ ਚੁਗਣ ਲਈ ਮਾਨੀ ਵੀ ਨਾਲ ਗਈ। ਨਿਤੀ ਦੀ ਥਾਂ 'ਤੇ ਚਿੱਟੀ ਚਾਦਰ ਵਿਛੀ ਪਈ ਸੀ। ਫੁਲ ਚੜ੍ਹਾਏ ਸਨ ਸਾਰਿਆਂ ਨੇ ਇੱਕ, ਇੱਕ ਕਰ ਕੇ.. ਵੇਖਾ ਵੇਖੀ ਮਾਨੀ ਨੇ ਵੀ ਸੂਹੇ ਫੁੱਲਾਂ ਵਾਲੀ ਸਟਿਕ ਚਾਦਰ 'ਤੇ ਰੱਖੀ.. ਬੜੇ ਆਦਰ ਨਾਲ ਝੁੱਕ ਕੇ ਮੱਥਾ ਟੇਕਿਆ। ਮੇਰੀਆਂ ਲੱਤਾਂ ਨਾਲ ਚਿੰਬੜਦੀ ਹੋਈ ਬੋਲੀ, "ਅਬ ਪਾਪਾ ਫੂਲੋਂ ਸੇ ਖੇਲਨੇ ਯਹਾਂ ਆਇਆ ਕਰੇਂਗੇ..''

ਮਾਨੀ ਨੂੰ ਜੁਆਬ ਵਿੱਚ ਕੀ ਕਹਾਂ? ਰੱਬ ਦੇ ਕਹਿਰ ਦਾ ਉਸ ਨੂੰ ਕੀ ਪਤਾ। ਉਸ ਦੇ ਚਾਬੁਕ ਦੀ ਆਵਾਜ਼ ਕੰਨੋ ਕੰਨੀ ਕਿਸੇ ਨੂੰ ਸੁਣਾਈ ਨਹੀਂ ਦਿੰਦੀ। ਤਬਾਹੀ ਵਾਲਾ ਮੰਜ਼ਰ ਜ਼ਰੂਰ ਦੂਰ ਦੂਰ ਤਕ ਦਿਸਦਾ ਹੈ। ਜਿਉਂਦੇ ਜੀਅ ਇਕੱਲਾ ਦਿਸਣ ਵਾਲਾ ਬੰਦਾ ਜਦੋਂ ਤੁਰ ਜਾਂਦਾ ਹੈ ਤਾਂ ਕਈ ਰਿਸ਼ਤੇ, ਨਾਤੇ ਜਾਗ ਪੈਂਦੇ ਨੇ। ਪਿਓ ਤੁਰ ਗਿਆ ਹੁੰਦਾ ਏ.. ਪਤੀ ਤੁਰ ਗਿਆ ਹੁੰਦਾ ਏ.. ਮਾਂ ਦੀ ਡੰਗੋਰੀ ਹੁੰਦਾ ਏ ਜਾਣਾ ਵਾਲਾ... ਦੁਸ਼ਮਣ ਵੀ ਉਸ ਦੀ ਮਈਅਤ 'ਤੇ ਹੰਝੂ ਕੇਰਦੇ ਨੇ... ਕੌਣ ਕਸੂਰਵਾਰ ਹੁੰਦਾ ਏ...? ਕਿਸ ਨੇ ਜਿਆਦਤੀ ਕੀਤੀ ਹੁੰਦੀ ਏ? ਸਜ਼ਾ ਦਾ ਭਾਗੀ ਕੌਣ ਹੁੰਦਾ ਏ? ਕੇਹਾ ਨਿਆਂ ਹੁੰਦਾ ਏ? ਬੰਦੇ ਦੀ ਕੋਰਟ, ਕਚਹਿਰੀ 'ਚ ਮੌਤ ਦੀ ਸਜ਼ਾ, ਉਮਰ ਕੈਦ 'ਚ ਬਦਲਾਈ ਜਾ ਸਕਦੀ ਏ... ਸਮਾਂ ਲੈ ਕੇ ਬੰਦੇ ਨੂੰ ਸੀਖਾਂ ਪਿੱਛੇ ਮਿਲਿਆ ਜਾ ਸਕਦਾ ਹੈ।

ਰੱਬ ਦੇ ਜੱਜ ਵੇਖੋ... ਕਿੰਨੇ ਨਿਰਦਈ ਹੁੰਦੇ ਨੇ... ਚੰਦਰੇ ਸਾਹ ਸੂਤ ਲੈਂਦੇ ਨੇ... ਅੱਗ ਦੇ ਭਾਂਬੜਾਂ 'ਚ ਝੋਕ ਦੇਂਦੇ ਨੇ... ਸਜ਼ਾ ਯਾਫ਼ਤਾ ਬੰਦੇ ਨੂੰ ਹੀ ਨਹੀਂ... ਉਸ ਦੇ ਨਾਲ ਜੁੜੇ ਅੰਗੀ, ਸੰਗੀਆਂ ਨੂੰ, ਰਿਸ਼ਤੇਦਾਰਾਂ ਨੂੰ.. ਮਾਪਿਆਂ ਨੂੰ.... ਧੀਆਂ ਪੁੱਤਾਂ ਨੂੰ... ਜਿਹੜੇ, ਚਿਰਾਂ ਤੱਕ ਅਪਣੇ ਦੋਸ਼ਾਂ, ਕਸੂਰਾਂ ਦੀਆਂ ਪਟਾਰੀਆਂ ਖੋਲ੍ਹੀ ਬੈਠੇ ਚਿਰਾਂ ਤਕ, ਕਿਸਮਤਾਂ ਨੂੰ ਝੂਰਦੇ ਰਹਿੰਦੇ ਨੇ...।

ਅੱਪੀ ਮੇਰਾ ਮੋਢਾ ਹਲੂਣਦਾ ਹੈ। ਸੌਣ ਲਈ ਲੇਟੀ ਪਈ, ਕਿਧਰੋਂ ਵਾਪਸ ਮੁੜਦੀ ਹਾਂ। ਉਹ ਪੋਥੀ ਦੇ ਪੰਨੇ ਪਲਟਾਉਂਦਾ ਹੈ, ਜੋ ਹੋਇਆ ਚੰਗਾ ਹੋਇਆ, ਜੋ ਹੋ ਰਿਹਾ ਹੈ ਚੰਗਾ ਹੋ ਰਿਹਾ ਹੈ, ਜੋ ਹੋਏਗਾ ਉਹ ਵੀ ਚੰਗਾ ਹੋਏਗਾ। ਜੋ ਅੱਜ ਤੁਹਾਡਾ ਹੈ, ਕਲ ਕਿਸੇ ਹੋਰ ਦਾ ਸੀ, ਪਰਸੋਂ ਕਿਸੇ ਹੋਰ ਦਾ ਹੋਵੇਗਾ। ਤੁਸੀਂ ਇਸ ਨੂੰ ਅਪਣਾ ਸਮਝ ਕੇ ਖੁਸ਼ ਹੋ ਰਹੇ ਹੋ... ਬਸ, ਇਹੀਓ ਖੁਸ਼ੀ ਤੁਹਾਡੇ ਦੁੱਖਾਂ ਦਾ ਕਾਰਨ ਹੈ। ਨਾ ਇਹ ਸਰੀਰ ਤੁਹਾਡਾ ਹੈ, ਨਾ ਤੁਸੀਂ ਇਸ ਸਰੀਰ ਦੇ ਹੋ। ਅੱਗ, ਹਵਾ, ਪਾਣੀ, ਭੂਮੀ ਤੇ ਆਕਾਸ਼ ਤੱਤਾਂ ਤੋਂ ਬਣਿਆ ਇਹ ਸਰੀਰ ਅੰਤ ਨੂੰ ਇਨ੍ਹਾਂ ਤੱਤਾਂ ਵਿੱਚ ਵਿਲੀਨ ਹੁੰਦਾ ਹੈ...।

"ਅੱਪੀ! ਪੋਥੀ ਵਿਚਲੇ ਸ਼ਬਦ ਬੜੇ ਸਕੂਨਮਈ ਨੇ ਪਰ ਪਹਿਲਾਂ ਤੂੰ ਕਦੀ ਨਹੀਂ ਸਨ ਸੁਣਾਏ.. '' ਅੱਪੀ ਨੂੰ ਪੁੱਛਦੀ ਹਾਂ।

ਜੁਆਬ 'ਚ ਪੋਥੀ ਸਮੇਟਦਾ ਅੱਪੀ ਦਸਦਾ ਹੈ, "ਜਿਸ ਸ਼ਾਮ ਨਿਤੀ ਦਿੱਲੀ ਵਲ ਤੁਰਿਆ ਸੀ, ਉਸੇ ਸ਼ਾਮ ਗੀਤਾ ਸਾਰ ਵਾਲੀ ਇਹ ਪੋਥੀ ਪਾਪਾ ਤੇਰੇ ਲਈ ਲਿਆਏ ਸਨ।''

ਚੜ੍ਹੇ ਦਿਨ ਮਾਨੀ ਉਠੀ ਸੀ। ਉਠਦਿਆਂ, ਸਮਾਧੀ ਲਾ ਬੈਠੀ ਸੀ। ਗੁਰਬਾਣੀ ਦੀ ਪੌੜੀ ਉਚਾਰ ਕੇ ਦੋਹਾਂ ਹੱਥਾਂ ਦੀ ਬੁੱਕ, ਅੱਗੇ ਵਧਾਉਂਦੀ ਹੋਈ ਨਾਨੂੰ ਨੂੰ ਕਹਿਣ ਲੱਗੀ, "ਨਾਨੂੰ! ਪਕੜੋ, ਨਿਤੀ ਬੇਬੀ ਕੋ ਬੁਰਸ਼ ਕਰਵਾ ਦੋ... ਦਾਦੀ ਮਾਂ ਕਹਿਤੀ ਥੀ ਕਿ ਨਿਤੀ ਪਾਪਾ, ਬੇਬੀ ਬਣ ਕੇ ਆਏਂਗੇ ... ਤਬੀ ਤੋ ਪਰੀ ਨੇ ਮੁਝੇ ਨਿਤੀ ਬੇਬੀ ਦਿਆ ਹੈ...।''

ਮਾਨੀ ਨੇ ਵੇਲਿਆਂ ਨਾਲ ਸਮਝੌਤਾ ਕਰਨਾ ਸਿੱਖ ਲਿਆ ਹੈ। ਨਿਤੀ ਹੈ ਤਾਂ ਵੀ ਠੀਕ... ਨਹੀਂ ਹੈ ਤਾਂ ਵੀ ਠੀਕ... ਬੇਬੀ ਬਣ ਗਿਆ ਹੈ ਤਾਂ ਵੀ ਠੀਕ... ਮੈਥੋਂ ਪਹਿਲਾਂ 'ਗੀਤਾ ਸਾਰ' ਸਮਝ ਗਈ ਏ...।

ਰਹਿ, ਰਹਿ ਕੇ ਪਾਪਾ ਦੀ ਕਹੀ ਗੱਲ ਚੇਤੇ ਆਉਂਦੀ ਏ... ਉਹ ਮਲਾਹਾਂ ਤੇ ਮਛੇਰਿਆਂ ਬਾਰੇ ਕਿਹਾ ਕਰਦੇ ਸਨ, 'ਇਨ੍ਹਾਂ ਲੋਕਾਂ ਦੀ ਬਹੁਤੀ ਜ਼ਿੰਦਗੀ ਪਾਣੀਆਂ 'ਚ ਬੀਤਦੀ ਏ.. ਬਹੁਤੇ ਮਲਾਹ ਤੇ ਮਛੇਰੇ ਦਰਿਆਵਾਂ, ਸਮੁੰਦਰਾਂ 'ਚ ਮਰਨ, ਖਪਣ ਲਈ ਹੀ ਪੈਦਾ ਹੁੰਦੇ ਨੇ... ਭੁੱਖਾਂ, ਤਰੇਹਾਂ ਤੋਂ ਬੇਫਿਕਰਾ... ਦਿਨਾਂ, ਰਾਤਾਂ ਤੋਂ ਬੇਖੌਫ਼ ਤੇ ਉਚੀਆਂ, ਨੀਵੀਆਂ ਸੜਕਾਂ ਤੇ ਅਣਥੱਕ ਗੱਡੀਆਂ ਭਜਾਉਣ ਦਾ ਸ਼ੌਕੀਨ ਮੇਰਾ ਨਿਤੀ, ਇਕੱਲਾ ਹੀ ਪਤਾ ਨਹੀਂ ਕਿਹੜੇ ਲੰਮੇ ਪੈਂਡੇ ਪੈ ਗਿਆ। ਹੇ ਰੱਬ! ਮੇਰੀ ਭਟਕਣ ਨੂੰ ਵੀ ਮੰਜ਼ਲ ਬਖਸ਼।

# ਪੰਜਾਂ ਪਾਣੀਆਂ ਦੇ ਨਾਲ ਨਾਲ

ਪੰਜਾਬ ਭਾਰਤੀ ਉਪ ਮਹਾਦੀਪ ਦੇ ਉੱਤਰੀ ਖਿੱਤੇ ਉਹ ਇਲਾਕਾ ਹੈ ਜੋ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਕਾਰਨ ਦੁਨੀਆ ਦੇ ਨਕਸ਼ੇ ਤੇ ਅਹਿਮ ਸਥਾਨ ਰੱਖਦਾ ਹੈ। ਕਿਸੇ ਵੇਲ਼ੇ ਇਸਦਾ ਖਿੱਤਾ ਪੱਛਮ ਵੱਲੋਂ ਸਿੰਧ ਦਰਿਆ ਤੋਂ ਚੱਲ ਕੇ ਪੂਰਬੀ ਦਿਸ਼ਾ ਦੇ ਦਰਿਆ ਜਮਨਾ ਦੇ ਕੰਢਿਆਂ ਤੱਕ ਲੱਗਦਾ ਸੀ। ਸਿੰਧ ਘਾਟੀ ਦੀ ਸੱਭਿਅਤਾ ਤੋਂ ਚੱਲਦਾ ਪੰਜਾਬ ਆਪਣੇ ਵਿਰਾਸਤੀ ਮੁਹਾਂਦਰੇ ਵਿਚ ਸਮੇਂ ਸਮੇਂ ਤਬਦੀਲੀਆਂ ਦੇ ਦੌਰ ਚੋਂ ਲੰਘਦਾ ਰਿਹਾ। ਅੱਜ ਬੇਸ਼ਕ ਭੂਗੋਲਕ ਪੱਖੋਂ ਪੰਜਾਬ ਇਕ ਸਾਬਤ ਸੂਰਤ ਇਕਾਈ ਨਹੀਂ ਰਿਹਾ ਪਰ ਸੱਭਿਆਚਾਰਕ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਇਸਦੀ ਸ਼ਨਾਖ਼ਤ ਕਾਇਮ ਦਾਇਮ ਹੈ।

ਪਿੰਡ ਕਿਸੇ ਵੀ ਸਮਾਜ ਸੱਭਿਆਚਾਰ ਦਾ ਧੁਰਾ ਹੁੰਦੇ ਨੇ। ਸੱਭਿਆਚਾਰਾਂ ਦੀ ਵਿਲੱਖਣ ਪਛਾਣ ਪਿੰਡਾਂ ਦੀ ਜੀਵਨ ਰਹਿਤਲ ਦੇ ਨਿਵੇਕਲੇ ਤੌਰ ਤਰੀਕੇ ਨਿਰਧਾਰਤ ਕਰਦੇ ਹਨ। ਇਹ ਨਿਰਾਲਾ ਵਰਤਾਰਾ ਸਦੀਆਂ ਦੀ ਨਿਰੰਤਰਤਾ ਵਿਚੋਂ ਪੁਣ ਛਣ ਦੇ ਆਪਣਾ ਸਮੱਗਰ ਸਰੂਪ ਗ੍ਰਹਿਣ ਕਰਦਾ ਹੈ। ਜੇ ਬਾਰ੍ਹੀਂ ਕੋਹੀਂ ਬੋਲੀ ਦੇ ਬਦਲ ਜਾਣ ਦੀ ਧਾਰਨਾ ਜਾਣੀ ਪਛਾਣੀ ਹੈ ਤਾਂ ਏਨੇ ਕੁ ਫ਼ਾਸਲੇ ਬਾਅਦ ਜ਼ਿੰਦਗੀ ਦੇ ਹੋਰ ਸਰੋਕਾਰਾਂ ਵਿਚ ਵੀ ਭਿੰਨਤਾ ਆ ਜਾਂਦੀ ਹੈ। ਇਹ ਉਸ ਦੌਰ ਦੇ ਅਹਿਮ ਚਿੰਨ੍ਹ ਨੇ ਜਦੋਂ ਆਵਾਜਾਈ ਦੇ ਸਾਧਨ ਨਾ ਮਾਤਰ ਸਨ ਤੇ ਲੋਕ ਉਮਰਾਂ ਦੀਆਂ ਉਮਰਾਂ ਇਕੋ ਪਿੰਡ ਵਿਚ ਗੁਜ਼ਾਰ ਛੱਡਦੇ। ਧੀਆਂ ਭੈਣਾਂ ਦੇ ਵਿਆਹ ਸਾਰਥ ਪੰਜ ਸੱਤ ਕੋਹ ਦੀ ਵਾਟ ਵਿੱਥ ਤੇ ਹੋ ਜਾਂਦੇ। ਦਰਿਆਵਾਂ ਦੀ ਹੱਦ ਕੋਈ ਵਿਰਲਾ ਵਾਂਝਾ ਬੰਦਾ ਈ ਪਾਰ ਕਰਦਾ। ਇਓਂ ਜ਼ੁਬਾਨ ਵਿਚ ਸ਼ਬਦਾਂ ਦੀ ਵਰਤੋਂ ਤੋਂ ਲੈ ਕੇ ਖਾਣ ਪਹਿਨਣ, ਰਹਿਣ ਸਹਿਣ ਤੇ ਵਰਤੋਂ ਵਿਹਾਰ ਵਿਚਲਾ ਅੱਡਰਾਪਨ ਲੰਮੇ ਲੰਮੇ ਸਮੇਂ ਤੱਕ ਪਿੰਡਾਂ ਕਬੀਲਿਆਂ ਦਰਮਿਆਨ ਪੇਤਲੇ ਰਾਬਤੇ ਕਾਰਨ ਬਣਦਾ ਤੇ ਕਾਇਮ ਰਹਿੰਦਾ। ਇਹ ਏਸੇ ਲਈ ਕਿਹਾ ਜਾਂਦਾ ਕਿ ਜੇ ਕਿਸੇ ਖਿੱਤੇ ਦੀ ਵਿਸ਼ੇਸ਼ਤਾ ਨੂੰ ਵੇਖਣਾ ਪਰਖਣਾ ਹੋਵੇ ਤਾਂ ਉਥੋਂ ਦੇ ਪਿੰਡ ਹੀ ਅਹਿਮ ਤੇ ਪੁਖ਼ਤਾ ਸਰੋਤ ਹੋ ਸਕਦੇ ਨੇ।

ਪੰਜਾਬ ਨੇ ਸਤਾਰਵ੍ਹੀਂ ਸਦੀ ਤੋਂ ਵੀਹਵੀਂ ਸਦੀ ਦੇ ਅੱਧ ਤੱਕ ਸਭਿਆਚਾਰ ਦੇ ਵਿਲੱਖਣ ਪਛਾਣ ਚਿੰਨ੍ਹ ਗ੍ਰਹਿਣ ਕੀਤੇ। ਇਹ ਸਮਾਂ ਮੁਗ਼ਲ ਸਲਤਨਤ ਦੇ ਢਹਿ ਢੇਰੀ ਹੋਣ ਤੋਂ ਸ਼ੁਰੂ ਹੁੰਦਾ, ਸਿੱਖਾਂ ਦੇ ਹਕੂਮਤ ਤੇ ਕਾਬਜ਼ ਹੋਣ ਦੇ ਸੰਘਰਸ਼ ਚੋਂ ਲੰਘਦਾ, ਅੰਗਰੇਜ਼ ਸਾਮਰਾਜ ਦੀ ਚੜ੍ਹਤ ਵਿਚੋਂ ਗੁਜ਼ਰਦਾ ਇਕ ਐਸੇ ਦੌਰ ਵਿਚ ਜਾ ਅੱਪੜਦਾ ਹੈ ਜਿਸਨੂੰ ਆਜ਼ਾਦੀ ਦੀ ਤਹਿਰੀਕ ਕਿਹਾ ਗਿਆ। ਪੰਜਾਬ ਦੀ ਤਹਿਰੀਕ ਦਾ ਇਹ ਅੰਤਲਾ ਸਮਾਂ ਪਹਿਲਾਂ ਗ਼ੁਜ਼ਰੇ ਸਮੇਂ ਨਾਲੋਂ ਬੇਹੱਦ ਦੁਖਦਾਇਕ ਤੇ ਪੰਜਾਬ ਲਈ ਗ਼ਹਿਰੇ ਜ਼ਖ਼ਮ ਜਿਹਾ ਰਿਹਾ। ਪੰਜਾਬ ਦੀ ਪੱਗ ਦਾ ਉੱਚਾ ਸ਼ਮਲ੍ਹਾ ਮਿੱਟੀ ਘੱਟੇ ਰੁਲ਼ਿਆ ਤੇ ਇਸਦੀ ਸ਼ਾਨਾਮੱਤੀ ਦਿੱਖ ਤੇ ਗਹਿਰਾ ਹਰਫ਼ ਆਇਆ। ਉਂਜ, 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਤੇ 'ਖਾਧਾ ਪੀਤਾ ਲਾਹੇ ਦਾ ਬਾਕੀ ਆਹਿਮਦ ਸ਼ਾਹੇ ਦਾ' ਜਿਹੇ ਜੁਮਲੇ ਇਥੋਂ ਦਾ ਤਵਾਰੀਖ਼ੀ ਮੁਹਾਂਦਰਾ ਬਾਖ਼ੂਬੀ ਉਲੀਕਦੇ ਨੇ।ਇਹ ਖਿੱਤਾ ਕਦੀ 'ਘੋੜੇ ਵੇਚ ਕੇ ਨਹੀਂ ਸੁੱਤਾ'। 'ਚਿੜੀ ਚੂਕਦੀ ਨਾਲ ਉੱਠ ਤੁਰੇ ਪਾਂਧੀ', 'ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ ਪੈਰ ਧਰਨ ਦੇ ਮੈਨੂੰ ਰਕਾਬ ਉਤੇ' ਜਾਂ 'ਚੰਦਰੇ ਨੋਟਾਂ ਨੇ ਮੇਰਾ ਪੁੱਤ ਪਰਦੇਸੀ ਕੀਤਾ' ਜਿਹੇ ਕਾਵਿਕ ਬਿੰਬ ਪੰਜਾਬੀ ਜਨ ਜੀਵਨ ਵਿਚ ਮਰਦਾਂ ਦੇ ਦਖ਼ਲ ਨੂੰ ਪੇਸ਼ ਕਰਦੇ ਨੇ। ਉਹ ਜਾਂ ਤਾਂ ਸਵੇਰੇ ਸਾਝਰੇ ਵਾਹੀ ਜੋਤੀ ਲਈ ਖੇਤਾਂ ਵਿਚ ਜਾ ਕੇ ਖੁਭ ਜਾਂਦੇ ਨੇ, ਜਾਂ ਜੰਗੀ ਮਸ਼ਕਾਂ ਲਈ ਸਰਹੱਦਾਂ ਵੱਲ ਜਾ ਨਿਕਲਦੇ ਨੇ ਜਾਂ ਰੋਜ਼ੀ ਰੋਟੀ ਲਈ ਆਪਣਾ ਘਰ ਕੁੱਲਾ ਛੱਡ ਅਨਜਾਣੇ ਰਾਹਾਂ ਦੇ ਪਾਂਧੀ ਬਣ ਜਾਂਦੇ ਨੇ। ਮੁਗ਼ਲ ਕਾਲ ਵਿਚ ਪੰਜਾਬ ਬੇਅੰਤ ਤ੍ਰਾਸਦੀਆਂ ਦਾ ਸ਼ਿਕਾਰ ਰਿਹਾ।ਲੁੱਟਾਂ ਖੋਹਾਂ ਤੋਂ ਲੈ ਕੇ ਉਧਾਲਿਆਂ, ਜ਼ਬਰੀ ਕਬਜ਼ਿਆਂ ਤੇ ਡਰ ਖੌਫ਼ ਦਾ ਆਲਮ ਭਾਰੂ ਰਿਹਾ। ਸਿੱਖ ਯੋਧਿਆਂ ਦੀ ਜ਼ਾਲਮ ਮੁਗ਼ਲ ਹਕੂਮਤ ਨਾਲ ਟੱਕਰ ਤੇ ਲੜਾਈਆਂ ਜੰਗਾਂ ਦਾ ਮਾਹੌਲ ਪੰਜਾਬੀ ਸਮਾਜ ਉਤੇ ਲੰਮਾ ਸਮਾਂ ਤਣਿਆ ਰਿਹਾ। ਸਿੱਖ ਜੁਝਾਰੂਆਂ ਦੇ ਹਕੂਮਤ ਨਾਲ ਖ਼ੂਨੀ ਦਸਤਪੰਜੇ ਨੇ ਪੰਜਾਬੀਆਂ ਨੂੰ ਅਣਖ ਨਾਲ ਜੀਣ ਥੀਣ ਦਾ ਬਲ ਦਿੱਤਾ। ਅੰਗਰੇਜ਼ੀ ਸ਼ਾਸ਼ਨ ਦੌਰਾਨ ਕੁਝ ਨਵੀਆਂ ਨੀਤੀਆਂ ਨੇ ਪੰਜਾਬੀ ਸਮਾਜ ਵਿਚ ਪ੍ਰਵੇਸ਼ ਕੀਤਾ। ਫੌਜ ਵਿਚ ਰੁਜ਼ਗਾਰ ਦੇ ਵਸੀਲਿਆਂ ਨੇ ਆਰਥਕ ਸੁਖਾਲੇਪਨ ਨੂੰ ਪੈਦਾ ਕੀਤਾ। ਇਸ ਦੌਰ ਵਿਚ ਗੋਰੀ ਲਾਮ ਤੇ ਗਏ ਕੰਤ ਦੇ ਵਿਯੋਗ ਵਿਚ ਚਰਖੇ ਦੀ ਘੂਕਰ ਵਿਚ ਹੇਰਵੇ ਦੇ ਗੀਤ ਗਾਉਂਦੀ ਹੈ। ਪਰਦੇਸ ਗਏ ਪਤੀ ਦੇ ਬਿਰਹੇ ਦਾ ਇਕ ਮਹਾਕਾਵਿ ਪੰਜਾਬੀ ਲੋਕਧਾਰਾ ਵਿਚ ਮੌਜੂਦ ਹੈ। ਅੰਗਰੇਜ਼ੀ ਕਾਲ਼ ਵਿਚ ਹੀ ਆਧੁਨਿਕਤਾ ਦੇ ਬੀਜ ਵੀ ਬੀਜੇ ਜਾ ਰਹੇ ਸਨ। ਪਿੰਡਾਂ ਵਿਚੋਂ ਚਰਖੇ ਜਿਹੇ ਘਰੇਲੂ ਉਤਪਾਦਨ ਸਾਧਨ ਖਤਮ ਕਰਨ ਤੇ ਮਸ਼ੀਨੀ ਵਸਤਾਂ ਦਾ ਦਖਲ ਵਧਾਉਣ ਦੇ ਯਤਨ ਆਰੰਭ ਹੋ ਗਏ ਸਨ। ਪਰ ਇਹ ਸਮਾਂ ਹਾਲੇ ਭਾਰੂ ਪੇਂਡੂ ਜੀਵਨ ਜਾਚ ਦਾ ਸੀ। ਪੰਜਾਬ ਚੂੰਕਿ ਭਾਰਤ ਦੇ ਹੋਰ ਸੂਬਿਆਂ ਦੇ ਉਲਟ ਦੇਰ ਨਾਲ ਅੰਗਰੇਜ਼ੀ ਸਲਤਨਤ ਦਾ ਹਿੱਸਾ ਬਣਿਆ ਇਸਲਈ ਆਪਣੇ ਸੱਭਿਆਚਾਰ ਦੀ ਵਿਲੱਖਣਤਾ ਨੂੰ ਕਾਫ਼ੀ ਦੇਰ ਤੱਕ ਬਚਾਅ ਕੇ ਰੱਖ ਸਕਿਆ। ਦੂਜੇ, ਸਾਮਰਾਜ ਦੇ ਪੈਰ ਪਸਾਰਦਿਆਂ ਹੀ ਅੰਗਰੇਜ਼ੀ ਹਕੂਮਤ ਦੇ ਵਿਰੋਧ ਦੀਆਂ ਰਾਜਸੀ ਸਮਾਜੀ ਤਨਜ਼ੀਮਾਂ ਹੋਂਦ ਵਿਚ ਆ ਗਈਆਂ। ਪੰਜਾਬ ਅੰਗਰੇਜ਼ ਵਿਰੋਧੀ ਸਰਗਰਮੀਆਂ ਦਾ ਮਰਕਜ਼ ਬਣ ਗਿਆ। ਹੇਠਲੇ ਪੇਂਡੂ ਭਾਈਚਾਰੇ ਨੇ ਅੰਗਰੇਜ਼ ਨੂੰ 'ਸਾਹਿਬ', 'ਸਰਕਾਰ' ਤੇ 'ਹਾਕਮ' ਜਿਹੇ ਲਕਬਾਂ ਨਾਲ ਸਵੀਕਾਰ ਤਾਂ ਕੀਤਾ ਪਰ 'ਗੋਰੇ', 'ਫਰੰਗੀ' 'ਬਿਦੇਸ਼ੀ' ਜਿਹੇ ਸੰਬੋਧਨ ਉਨ੍ਹਾਂ ਪ੍ਰਤੀ ਅਲਗਾਵ ਦਾ ਪ੍ਰਭਾਵ ਵੀ ਪੇਸ਼ ਕਰਦੇ। ਇਸਦੇ ਬਾਵਜੂਦ ਪੰਜਾਬ ਵਿਚ ਸ਼ੁੱਧ ਪੇਂਡੂ ਲਹਿਜ਼ਾ ਜਾਰੀ ਰਿਹਾ। ਸੱਭਿਆਚਾਰ ਦੇ ਪਛਾਣ ਚਿੰਨ੍ਹਾਂ ਨੂੰ ਕੋਈ ਖ਼ੋਰਾ ਨਹੀਂ ਲੱਗਾ।



ਤਲਵਿੰਦਰ ਸਿੰਘ

ਪੰਜਾਬ ਦੀ ਸੱਭਿਆਚਾਰਕ ਵਿਲੱਖਣਤਾ ਸਿਰਜਣ ਵਿਚ ਪੰਜਾਬੀ ਔਰਤਾਂ ਹਰ ਖੇਤਰ ਵਿਚ ਪੇਸ਼ ਪੇਸ਼ ਰਹੀਆਂ।ਉਹਨਾਂ ਜੀਵਨ ਦੇ ਹਰ ਸਰੋਕਾਰ ਨੂੰ ਗੀਤਾਂ ਵਿਚ ਪਰੋ ਦਿੱਤਾ। ਜੰਮਣ ਤੋਂ ਲੈ ਕੇ ਮਰਨ ਤੱਕ ਹਰ ਪੜਾਅ ਸ਼ਬਦਾਂ ਦੀ ਸੁਰ ਤਾਲ ਅਧੀਨ ਪੰਜਾਬੀ ਲੋਕਧਾਰਾ ਵਿਚ ਮੌਜੂਦ ਹੈ। ਜਨਮ ਤੇ ਵਿਆਹ ਦੇ ਸਾਰਥ ਤਾਂ ਚੱਪਾ ਚੱਪਾ ਗੀਤਾਂ ਦੀ ਜ਼ੁਬਾਨ ਵਿਚ ਹਨ। ਸੋਗਮਈ ਵਿਰਲਾਪਾਂ ਦੇ ਦਰਦੀਲੇ ਬੋਲ ਮਰਨ ਵਾਲੇ ਦੀ ਉਮਰ ਤੇ ਨਿਰਭਰ ਕਰਦੇ ਹਨ।ਇਹ ਪੰਜਾਬੀ ਔਰਤਾਂ ਵਿਹਲੇ ਸਮੇਂ ਵਿਚ ਬਾਗ਼ ਫੁਲਕਾਰੀਆਂ ਦੇ ਰੂਪ ਵਿਚ ਕਲਾ ਦੀ ਸਿਖ਼ਰ ਛੋਹ ਜਾਂਦੀਆਂ। ਚੌਕੇ ਚੁੱਲ੍ਹੇ ਦੀਆਂ ਕੰਧਾਂ ਉਪਰ ਤੋਤੇ ਮੋਰ ਅਜਿਹੀ ਕੁਸ਼ਲਤਾ ਨਾਲ ਬਣਾਉਂਦੀਆਂ ਕਿ ਵੇਖਣ ਵਾਲੀ ਅੱਖ ਦੰਗ ਰਹਿ ਜਾਂਦੀ। ਪੰਜਾਬੀ ਔਰਤ ਨੇ ਜ਼ਿੰਦਗੀ ਦੇ ਅੰਤ ਦੇ ਰੁਝੇਵਿਆਂ ਵਿਚੋਂ ਲੋਕ ਗੀਤਾਂ, ਕਥਾਵਾਂ, ਬੋਲੀਆਂ, ਮੁਹਾਵਰਿਆਂ, ਅਖਾਣਾਂ ਤੇ ਰਸਮਾਂ ਰਿਵਾਜਾਂ ਦਾ ਅਜਿਹਾ ਭੰਡਾਰ ਸਿਰਜਿਆ ਕਿ ਸਦੀਆਂ ਦਾ ਫ਼ਾਸਲਾ ਤੈਅ ਹੋਣ ਦੇ ਬਾਵਜੂਦ ਇਹਨਾਂ ਦਾ ਰੰਗ ਫਿੱਕਾ ਨਹੀਂ ਪਿਆ। ਪੰਜਾਬ ਵਿਚ ਜਗੀਰਦਾਰੀ ਪਰੰਪਰਾ ਦੇ ਹੋਣ ਨਾਲ ਪੁੱਤਰ ਮੋਹ ਦਾ ਸੰਕਲਪ ਬੇਸ਼ਕ ਭਾਰੂ ਰਿਹਾ ਤੇ ਧੀਆਂ ਨੂੰ ਮਾਰ ਦੇਣ ਜਾਂ ਪਰਿਵਾਰ ਵਿਚ ਦੁਜੈਲੀ ਪੱਧਰ ਤੇ ਰੱਖਣ ਦਾ ਰੁਝਾਨ ਰਿਹਾ ਪਰ ਔਰਤ ਜ਼ਿੰਦਗੀ ਦੇ ਹਰ ਖੇਤਰ ਵਿਚ ਆਪਣੇ ਉਭਰਵੇਂ ਨਕਸ਼ ਵਾਹੁਣ ਵਿਚ ਕਾਮਯਾਬ ਨਜ਼ਰ ਆਉਂਦੀ ਹੈ।ਸਮਾਜ ਦੇ ਪਹੀਏ ਦੀ ਧੁਰੀ ਉਹ ਹੈ।ਮਰਦ ਦੀ ਹੈਂਕੜ ਦੇ ਵਿਪਰੀਤ ਉਸਦਾ ਸਹਿਜ ਰਵੱਈਆ ਸਮਾਜ ਉਪਰ ਆਪਣਾ ਸਥਾਈ ਪ੍ਰਭਾਵ ਜਮਾਉਂਦਾ ਹੈ।ਮਰਦ ਦਾ ਦਿਨ ਖੇਤ ਵਿਚ ਜਾਂ ਜੰਗ ਦੇ ਮੈਦਾਨ ਵਿਚ ਜਾਂ ਬਾਹਰ ਖੱਟਣ ਕਮਾਉਣ ਵਿਚ ਬੀਤਦਾ ਹੈ। ਵੱਧ ਤੋਂ ਵੱਧ ਵਿਹਲੜ ਬਿਰਤੀ ਵਾਲੇ ਬੰਦੇ ਸੱਥਾਂ ਵਿਚ ਢਾਣੀਆਂ ਬਣਾ ਪੱਤੇ ਕੁੱਟ-ਦੇ ਜਾਂ ਢੋਲੇ ਦੀਆਂ ਗਾਉਂਦੇ ਹਨ। ਉਹ ਹੱਟੀਆਂ ਭੱਠੀਆਂ ਤੇ ਆਉਂਦੀਆਂ ਕੁੜੀਆਂ ਚਿੜੀਆਂ ਨੂੰ ਘੂਰਦੇ ਆਪਣੇ ਆਪ ਨੂੰ ਰਾਂਝੇ ਮਹੀਵਾਲ ਦੇ ਚਚੇਰੇ ਮਸੇਰੇ ਚਿਤਵਦੇ ਨੇ। ਇਹ ਮੰਢੀਰ ਟੋਲੀ ਦੇਰ ਰਾਤ ਤੱਕ ਭੱਠੀਆਂ ਦੀ ਬੁਝਦੀ ਸੁਆਹ ਦਾ ਨਿੱਘ ਮਾਣਦੇ ਪਿੰਡ ਦੀਆਂ ਤ੍ਰੀਮਤਾਂ ਦੇ ਇਤਿਹਾਸ ਜੁਗਰਾਫ਼ੀਏ ਉਪਰ ਚਿੰਤਾ ਫਿਕਰ ਦੇ ਇਜ਼ਹਾਰ ਵਿਚ ਗ਼ਲਤਾਨ ਰਹਿੰਦੇ ਨੇ।

ਇਸ਼ਕ ਦੇ ਜ਼ਿਕਰ ਤੋਂ ਬਿਨਾਂ ਪੰਜਾਬੀ ਸੱਭਿਆਚਾਰ ਬਾਰੇ ਗੱਲ ਕਰਨੀ ਉਵੇਂ ਹੀ ਹੈ ਜਿਵੇਂ ਕਰਾਰੇ ਚਟਪਟੇ ਅਚਾਰ ਤੋਂ ਬਿਨਾਂ ਪੰਜਾਬੀ ਭੋਜਨ ਦੀ ਕਲਪਨਾ ਕਰਨਾ। ਮੱਧਕਾਲ ਦਾ ਪੰਜਾਬੀ ਸਮਾਜ ਸਿੱਧ ਪੱਧਰਾ ਸੀ। ਅੱਜ ਵਾਂਗ ਭਾਂਤ ਭਾਂਤ ਦੇ ਉਹਲੇ ਤਾਂ ਕਿਧਰੇ ਵੀ ਨਹੀਂ ਸਨ। ਉਪਰੋਂ ਜਾਗੀਰਦਾਰੀ ਸੋਚ ਦਾ ਐਨਾ ਹਾਵੀ ਪ੍ਰਭਾਵ ਕਿ ਇਸ਼ਕ ਨਾਲੋਂ ਸੰਗੀਨ ਜ਼ੁਰਮ ਈ ਕੋਈ ਨਹੀਂ। ਕੁੜੀਆਂ ਵਹੁਟੀਆਂ ਉਪਰ ਸੱਤ ਸੱਤ ਪਰਦੇ। ਇਸਲਾਮੀ ਪ੍ਰਭਾਵ ਨੇ ਤਾਂ ਔਰਤ ਨੂੰ ਪੈਰ ਦਾ ਅੰਗੂਠਾ ਤੱਕ ਨੰਗਾ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ।ਫਿਰ, ਕੋਈ ਸਿੱਖਿਆ ਦੀਖਿਆ ਵੀ ਕੋਈ ਨਾ। ਪਰ ਜਿਵੇਂ ਮੌਸਮ ਆਉਣ ਤੇ ਫੁੱਲ ਖਿੜਦੇ, ਕਰੂੰਬਲਾਂ ਫੁੱਟਦੀਆਂ, ਰੁੱਖਾ ਤੇ ਜ਼ਰਦ ਆਸਾ ਪਾਸਾ ਸਾਵਾ ਹਰਾ ਕਚੂਰ ਹੋ ਜਾਂਦਾ ਤੇ ਚੁਤਰਫੀਂ ਮਹਿਕਾਂ ਫੈਲ ਜਾਂਦੀਆਂ ਉਵੇਂ ਈ ਹਨੇਰ ਕੋਠੜੀਆਂ ਵਿਚ ਕੈਦ ਬੇਹਿੱਸ ਹੋਏ ਦਿਲ ਧੜਕਣ ਲਗਦੇ ਤੇ ਅੱਖਾਂ ਅੱਗੇ ਮਖ਼ਮਲੀ ਕਹਿਕਸ਼ਾਵਾਂ ਫੈਲ ਜਾਂਦੀਆਂ।ਪੁਸ਼ਤ ਦਰ ਪੁਸ਼ਤ ਪੋਟਾ ਪੋਟਾ ਮਿਹਨਤ ਲਾ ਕੇ ਸਿਰਜਿਆ ਸਮਾਜੀ ਨਿਯਮਾਂ ਦਾ ਪੁਲੰਦਾ ਖੁੱਲ੍ਹ ਦੇ ਖਿੱਲਰ ਪੁੱਲਰ ਜਾਂਦਾ। ਬੰਦ ਪਏ ਕਿਵਾੜ ਖੁਦ ਬ ਖੁਦ ਖੁਲ੍ਹਦੇ ਜਾਂਦੇ ਤੇ ਇਸ਼ਕਾਇਆ ਹੋਇਆ ਦਿਲ ਬਾਗ਼ੀ ਜੂਹਾਂ ਵਿਚ ਜਾ ਨਿਕਲਦਾ। ਸਾਰਾ ਸਮਾਜ ਵਾਹਰ ਬਣ ਕੇ ਉਹਨਾਂ ਮਗਰ ਨਿਕਲ ਤੁਰਦਾ ਤੇ ਉਹਨਾਂ ਲਈ ਕਿਆਮਤ ਲੈ ਆਉਂਦਾ। ਇਕ ਲੰਮਾ ਸਮਾਂ ਇਹ ਇਸ਼ਕ ਬਨਾਮ ਸਮਾਜ ਦਾ ਯੁੱਧ ਚਲਦਾ। ਫਿਰ ਇਹਦੇ ਵਿਚੋਂ ਕੁਝ 'ਸਿੱਖਿਆਵਾਂ' ਨਿਕਲਦੀਆਂ ਜੋ ਆਉਣ ਵਾਲੀ ਨਸਲ ਲਈ 'ਤਾੜਨਾ' ਹੁੰਦੀ।ਪਰ ਇਹ 'ਯੁੱਧ' ਕਦੇ ਨਾ ਰੁਕਿਆ। ਇਸ ਯੁੱਧ ਵਿਚੋਂ ਅਨੇਕ ਹੀਰਾਂ ਸੋਹਣੀਆਂ ਸੱਸੀਆਂ ਨਿਕਲੀਆਂ। ਕਈ ਰਾਂਝੇ ਮਹੀਵਾਲ ਪੰਨੂ ਜਿਹੇ 'ਹੀਰੋ' ਪੈਦਾ ਹੋਏ। ਇਸ 'ਬਗ਼ਾਵਤ' ਨੂੰ ਹਰ ਯੁਗ ਵਿਚ ਕੁਚਲਿਆ ਗਿਆ। ਸਮਾਜ ਨੇ ਕਈ ਵਾਰ ਮੁਹੱਬਤ ਵਿਚ ਫਾਥੇ ਜੋੜਿਆਂ ਨੂੰ ਮਾਰ ਕੇ ਲਹੂ ਲਿਬੜੇ ਹੱਥ ਧੋਤੇ ਪਰ ਮੌਸਮ ਆਉਣ ਤੇ ਇਹ ਬੂਟਾ ਫਿਰ ਉੱਗ ਖਲੋਂਦਾ।

ਪੰਜਾਬ ਵਿਚ ਹੀਰ ਵਰਜਿਤ ਹੈ। ਸੋਹਣੀ ਨਾਖੁਸ਼ਗਵਾਰ ਹੈ। ਪੰਜਾਬੀ ਲੋਕ ਧੀਆਂ ਦੇ ਨਾਂ ਹੀਰ ਨਹੀਂ ਰੱਖਦੇ ਨਾ ਸੋਹਣੀ ਤੇ ਨਾ ਹੀ ਅਜਿਹਾ ਕੋਈ ਹੋਰ। ਪੰਜਾਬੀ ਮਨ ਡਰਦਾ ਹੈ ਉਨ੍ਹਾਂ ਤੋਂ।ਇਸ਼ਕ ਦਾ ਦਰਦਮਈ ਇਤਿਹਾਸ ਉਨ੍ਹਾਂ ਦੇ ਸਾਹਮਣੇ ਹੈ। ਪਰ ਮਰਦ ਸੱਥਾਂ ਵਿਚ ਕੰਨਾਂ ਤੇ ਹੱਥ ਧਰ ਧਰ ਹੇਕਾਂ ਕੱਢਦੇ ਨੇ:

ਮੈਂ ਬੱਕਰਾ ਦਿੰਨੀ ਆਂ ਪੀਰ ਦੇ, ਮੇਰੇ ਸਿਰ ਦਾ ਸਾਈਂ ਮਰੇ।
ਕੁੱਤੀ ਮਰੇ ਫਕੀਰ ਦੀ ਜਿਹੜੀ ਚਊਂ ਚਊਂ ਨਿੱਤ ਕਰੇ।
ਹੱਟੀ ਸੜੇ ਕਰਾੜ ਦੀ ਜਿੱਥੇ ਦੀਵਾ ਨਿੱਤ ਜਲੇ।
ਗ਼ਲੀਆਂ ਹੋ ਜਾਣ ਸੁੰਨੀਆਂ ਵਿਚ ਮਿਰਜ਼ਾ ਯਾਰ ਫਿਰੇ।

ਇਸ਼ਕ ਤੇ ਸਮਾਜ ਦੀ ਟੱਕਰ ਵਿਚੋਂ ਅਨੇਕਾਂ ਕਿੱਸੇ ਨਿਕਲੇ, ਕਈ ਕਥਾਵਾਂ ਕਹਾਣੀਆਂ ਨੇ ਜਨਮ ਲਿਆ।ਕਈ ਕਹਿੰਦੇ ਇਸ਼ਕ ਜਿੱਤਿਆ, ਕਈ ਸਮਾਜ ਦੇ ਹੱਕ ਵਿਚ ਖਲੋਂਦੇ। ਇਨਸਾਨ ਆਪ ਵੀ ਦੋ ਵੱਖ ਵੱਖ ਪ੍ਰਸਥਿਤੀਆਂ ਵਿਚ ਵੱਖ ਵੱਖ ਰਾਏ ਦਿੰਦਾ। ਪਿੰਡ ਗਰਾਂ ਵਿਚ ਕਿਸੇ ਹੋਰ ਦੀ ਸੁਹਣੀ ਕੁੜੀ ਨੂੰ ਤਾਂ ਹੀਰ ਦਾ ਲਕਬ ਦੇ ਦਿੰਦਾ ਪਰ ਆਪਣੇ ਘਰ ਇਸ਼ਕ ਦੀ ਖ਼ੈਰ ਮੰਗਦੀ ਸੱਚੀ ਮੁੱਚੀ ਦੀ ਹੀਰ ਵਿਹੁ ਲੱਗਦੀ। ਪੰਜਾਬੀ ਮਾਨਸਿਕਤਾ ਵਿਚ ਇਸ਼ਕ ਦੀਆਂ ਜੜ੍ਹਾਂ ਡੂੰਘੀਆਂ ਧੱਸੀਆਂ ਹੋਈਆਂ ਹਨ। ਇਸ ਇਸ਼ਕ ਦੇ ਅਹਿਸਾਸ ਤੋਂ ਪੰਜਾਬੀ ਮਨ ਮੁਕਤ ਨਹੀਂ ਹੋ ਸਕਦਾ। ਇਸ ਦੇ ਜ਼ਿਕਰ ਤੋਂ ਬਿਨਾਂ ਸਾਰੇ ਮੁਕਾਲਮੇ ਅਧੂਰੇ ਨੇ।

ਸਾਂਝੇ ਪਰਿਵਾਰ ਦਾ ਸੰਕਲਪ ਪੰਜਾਬ ਵਿਚ ਦੇਰ ਤੱਕ ਭਾਰੂ ਰਿਹਾ। ਪਿੰਡਾਂ ਵਿਚ ਅੱਜ ਵੀ ਚਾਚੇ ਤਾਏ ਰਲ਼ ਕੇ ਰਹਿੰਦੇ ਸਾਂਝੀ ਕਮਾਈ ਕਰਦੇ ਤੇ ਇਕ ਦੂਜੇ ਦੇ ਦੁੱਖ ਸੁੱਖ ਦੇ ਭਾਈਵਾਲ ਬਣ ਕੇ ਜਿਊਂਦੇ ਨੇ। ਨਿੱਕੀਆਂ ਮੋਟੀਆਂ ਪਰਿਵਾਰਕ ਲੜਾਈਆਂ ਭੜਾਈਆਂ ਤੋਂ ਛੁੱਟ ਇਹ ਸਾਂਝੇ ਟੱਬਰ ਏਕਤਾ ਦਾ ਪ੍ਰਭਾਵ ਸਿਰਜਦੇ ਨੇ। ਇਹ ਪਰਿਵਾਰਕ ਏਕਤਾ ਪੇਂਡੂ ਸਾਂਝੀਵਾਲਤਾ ਦਾ ਆਧਾਰ ਬਣਦੀ ਹੈ।ਇਹ ਸਾਂਝੀਵਾਲਤਾ ਹਰ ਤਰ੍ਹਾਂ ਦੇ ਬਾਹਰੀ ਵਿਰੋਧਾਂ ਲਈ ਢਾਲ ਬਣਦੀ ਹੈ, ਸਾਂਝੇ ਹੱਕਾਂ ਦੀ ਪੈਰਵਾਈ ਕਰਦੀ ਹੈ।ਵੱਖ ਵੱਖ ਪਿੰਡਾਂ ਦੀ ਇਕਮੁੱਠਤਾ ਸਾਂਝੇ ਪੰਜਾਬੀ ਸੱਭਿਆਚਾਰ ਦੀ ਨੀਂਹ ਬਣਦੀ ਹੈ।ਪੰਜਾਬੀ ਸੱਭਿਆਚਾਰ ਨੂੰ ਅਮੀਰ ਬਣਾਉਣ ਵਿਚ ਇਸ ਖਿੱਤੇ ਵਿਚ ਜੀਣ ਥੀਣ ਵਾਲੇ ਸਭ ਧਰਮਾਂ ਦੇ ਲੋਕਾਂ ਨੇ ਬਰਾਬਰ ਦਾ ਯੋਗਦਾਨ ਪਾਇਆ। ਹਰ ਜ਼ਾਤ ਵਰਗ ਨੇ ਆਪਣੀ ਆਪਣੀ ਛਾਪ ਛੱਡੀ। ਜੇ ਵਿਸ਼ਵ ਦੇ ਕਿਸੇ ਕੋਣੇ ਵਿਚ ਖਲੋ ਕੇ ਕੋਈ ਪੰਜਾਬੀ ਸੱਭਿਆਚਾਰ ਦੀ ਗੱਲ ਕਰਦਾ ਹੈ ਤਾਂ ਨਿਸ਼ਚੇ ਹੀ ਇਕ ਨਿਵੇਕਲੇ ਰੂਪ ਢੰਗ ਦੀ ਸੱਭਿਆਚਾਰਕ ਇਕਾਈ ਦਾ ਚਿੱਤਰ ਜ਼ਿਹਨ ਵਿਚ ਉੱਘੜਦਾ ਹੈ।

ਭਾਰਤੀ ਸਮਾਜਕ ਤਾਣੇ ਬਾਣੇ ਦੇ ਤਰਜ਼ੇ ਅਮਲ ਤੇ ਪੰਜਾਬੀ ਜ਼ਾਤ ਪਾਤ ਦੇ ਅਹਿਸਾਸ ਤੋਂ ਪ੍ਰੇਰਤ ਰਿਹਾ। ਗੁਰੂਆਂ ਦੇ ਪ੍ਰਭਾਵ ਦੇ ਬਾਵਜੂਦ ਬ੍ਰਾਹਮਣੀ ਸੱਭਿਆਚਾਰ ਵਿਚਲਾ ਜ਼ਾਤੀ ਭੇਦ ਭਾਵ ਦਾ ਖਾਸਾ ਪੰਜਾਬ ਉਪਰ ਜਿਓਂ ਦਾ ਤਿਓਂ ਰਿਹਾ। ਪਿੰਡਾਂ ਵਿਚ ਕਥਿਤ ਨੀਵੀਆਂ ਜ਼ਾਤਾਂ ਲਈ ਵੱਖਰੇ ਮੁਹੱਲੇ ਇਸ ਗੱਲ ਦਾ ਸੂਚਕ ਹਨ ਕਿ ਸਮਾਜਕ ਧਰਾਤਲ ਤੇ ਲੋਕ ਸਮਾਨਤਾ ਦੇ ਅਹਿਸਾਸ ਤੋਂ ਸੱਖਣੇ ਹਨ। ਸਾਡੇ ਪਿੰਡਾਂ ਵਿਚ ਵਿਆਹ ਆਦਿ ਸਾਰਥਾਂ ਤੇ ਇਹਨਾਂ ਜ਼ਾਤਾਂ ਦਰਮਿਆਨ ਲੈਣ ਦੇਣ ਨਹੀਂ। ਕਾਮੇ ਲੋਕ ਵੱਡੇ ਘਰਾਂ ਦਾ ਰਿੱਧਾ ਪੱਕਾ ਤਾਂ ਛਕ ਲੈਂਦੇ ਨੇ ਪਰ ਕਾਮਿਆਂ ਦੇ ਘਰ ਦੀ ਕੋਈ ਸ਼ੈਅ ਇਸ ਉਪਰਲੀ ਸ਼੍ਰੇਣੀ ਨੂੰ ਨਹੀਂ ਸੁਖਾਉਂਦੀ। ਹਾਂ, ਨੀਵੀਂ ਜ਼ਾਤ ਦੀਆਂ ਧੀਆਂ ਭੈਣਾਂ ਨਾਲ ਜਿਣਸੀ ਸਬੰਧ ਬਣਾ ਲੈਣੇ ਕੋਈ ਓਪਰਾ ਵਰਤਾਰਾ ਨਹੀਂ।ਪੰਜਾਬ ਦੀ ਆਰਥਕਤਾ ਵਿਚ ਉਘੜਵਾਂ ਰੋਲ ਨਿਭਾਉਣ ਵਾਲੀ ਜੱਟ ਬਰਾਦਰੀ ਨਾਲ ਜੁੜੇ ਅਜਿਹੇ ਅਨੇਕਾਂ ਕਿੱਸੇ ਨੇ। ਲਤੀਫ਼ੇਬਾਜ਼ੀ ਵਿਚ ਵੀ ਸਾਰੇ ਵਹਾਅ ਇਸੇ ਪਾਸੇ ਹਨ।ਸ਼ਾਇਦ ਕੋਈ ਵਿਰਲਾ ਵਾਂਝਾਂ ਕੋਈ ਕਿੱਸਾ ਅਜਿਹਾ ਹੋਵੇ ਜਿਸ ਵਿਚ ਕੋਈ ਹਰੀਜਨ/ ਮਜ਼ਹਬੀ ਬੰਦਾ ਕਿਸੇ ਜੱਟੀ ਨਾਲ ਇਸ਼ਕ ਫ਼ਰਮਾਉਂਦਾ ਵਿਖਾਇਆ ਹੋਵੇ। ਪੰਜਾਬ ਹਮੇਸ਼ਾ ਅਜਿਹੀ ਜਮਾਤੀ ਹੈਂਕੜਬਾਜ਼ੀ ਦਾ ਸ਼ਿਕਾਰ ਰਿਹਾ ਤੇ ਹੈ। ਅੱਜ ਵੀ ਜ਼ਾਤਾਂ ਦੇ ਭਵਸਾਗਰ ਨੂੰ ਪਾਰ ਕਰਨਾ ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ। ਵਿਆਹ ਵੇਲੇ ਗ਼ੋਤਰਾਂ, ਥਿਤਾਂ, ਕੁੰਡਲੀਆਂ, ਸਾਹਿਆਂ ਤੱਕ ਨੂੰ ਵਿਚਾਰਿਆ ਜਾਂਦਾ ਹੈ। ਗੁਰੂਆਂ ਦੇ ਸਮਾਨਤਾ ਵਾਲੇ ਵਿਗਿਆਨਕ ਲੀਹਾਂ ਉਪਰ ਅਧਾਰਤ ਸਮਾਜ ਨੂੰ ਪੰਜਾਬ ਨੇ ਸਮੁੱਚਤਾ ਵਿਚ ਪ੍ਰਵਾਨ ਨਹੀਂ ਕੀਤਾ।




ਪੰਜਾਬੀ ਸੱਭਿਆਚਾਰ ਨਾਲ ਜੁੜੇ ਕਈ ਅਹਿਮ ਵਰਤਾਰੇ ਤੇਜ਼ੀ ਨਾਲ ਅਲੋਪ ਹੋ ਰਹੇ ਨੇ। ਸ਼ਾਇਦ ਇਹ ਦੌਰ ਉਹ ਹੈ ਜਿਸਨੂੰ ਯੁਗ ਪਰਿਵਰਤਨ ਦਾ ਸਮਾਂ ਕਹਿ ਸਕਦੇ ਆਂ। ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਵਿਗਿਆਨ ਤਕਨਾਲੋਜੀ ਦੇ ਖੇਤਰ ਵਿਚ ਆਏ ਤਿੱਖੇ ਬਦਲਾਵਾਂ ਨੇ ਪੁਸ਼ਤ ਦਰ ਪੁਸ਼ਤ ਚਲਦੇ ਆ ਰਹੇ ਵਰਤਾਰਿਆਂ ਨੂੰ ਅਲੱਗ ਥਲੱਗ ਕਰ ਦਿੱਤਾ। ਕਿੱਥੇ ਤਾਂ ਕੱਲ੍ਹ ਤੀਕਰ ਫਲ਼ਿਆਂ ਨਾਲ ਕਣਕ ਗਾਹੀ ਜਾਂਦੀ ਸੀ ਤੇ ਦਾਣੇ ਕੱਢਣ ਲਈ ਹਵਾ ਦੇ ਚੱਲਣ ਦੀ ਉਡੀਕ ਹੁੰਦੀ ਸੀ।ਕੱਲ੍ਹ ਤੱਕ ਤਾਂ ਖੂਹ ਟੋਭੇ, ਜੰਗਲ ਬੇਲੇ, ਪਹੇ ਡੰਡੀਆਂ, ਮਲ਼ੇ ਝਾੜੀਆਂ, ਬੋਤੇ ਬੌਲਦ ਸਾਡੀ ਨਿੱਤ ਦੀ ਗੱਲ ਕੱਥ ਦੇ ਅਨਿਖੜਵੇਂ ਸ਼ਬਦ ਸਨ ਜੋ ਅੱਜ ਅਚਨਚੇਤੀ ਲੋਪ ਹੋ ਗਏ।

'ਕਾਹਨੂੰ ਦਿੰਨੀ ਐਂ ਯੱਕੇ ਦਾ ਭਾੜਾ ਨੀ ਬੋਤਾ ਲੈ ਜਾ ਮਿੱਤਰਾਂ ਦਾ।'
'ਲੀੜੇ ਧੋਣ ਦੇ ਬਹਾਨੇ ਆ ਜਾ ਨੀ ਮਿੱਤਰਾਂ ਦਾ ਖੂਹ ਵਗ਼ਦਾ।'
'ਤੜਕੇ ਦੇ ਤੁਰੇ ਹੋਇਆ ਸਿਖ਼ਰ ਦੁਪਹਿਰਾ ਪਿੰਡ ਤੇਰਾ ਵੇ ਨਜ਼ਰ ਨਾ ਆਵੇ।'
'ਚਰਖ਼ਾ ਮੈਂ ਆਪਣਾ ਕੱਤਾਂ ਤੰਦ ਤੇਰਿਆਂ ਦੁੱਖਾਂ ਦੀ ਪਾਵਾਂ।'

ਅਜਿਹੇ ਗੀਤ ਅੱਜ ਵੇਲਾ ਵਿਹਾ ਚੁਕੇ ਨੇ। ਕੱਲ੍ਹ ਤੱਕ ਪਿੰਡਾਂ ਦੀਆਂ ਸੱਥਾਂ ਵਿਚ ਰਾਸਾਂ ਪੈਂਦੀਆਂ ਸਨ, ਤੀਆਂ ਲੱਗਦੀਆਂ ਸਨ, ਅਖਾੜੇ ਲੱਗਦੇ, ਛਿੰਞਾਂ ਪੈਂਦੀਆਂ, ਢੋਲਾਂ ਦੇ ਡਗੇ ਤੇ ਭੰਗੜੇ ਪੈਂਦੇ, ਮਰਾਸੀ ਤਮਾਸ਼ੇ ਲਾਉਂਦੇ, ਜੰਞਾਂ ਦੋ ਦੋ ਰਾਤਾਂ ਠਹਿਰਦੀਆਂ ਸਨ। ਇਨ੍ਹਾਂ ਨਾਲ ਹੋਰ ਅਨੇਕਾਂ ਨਿੱਕੇ ਮੋਟੇ

ਰਸਮ ਰਿਵਾਜ ਜੁੜੇ ਹੋਏ ਸਨ ਜੋ ਤੇਜ਼ੀ ਨਾਲ ਪਾਸੇ ਹੋ ਗਏ। ਆਧੁਨਿਕਤਾ ਦੇ ਹੱਲੇ ਨੇ ਬਹੁਤ ਕੁਝ ਬਦਲ ਦਿੱਤਾ। ਝਾੜਨ ਉਡਾਉਣ ਦੇ ਇਸ ਕਰਮ ਵਿਚ ਕਾਫ਼ੀ ਸਾਰਾ ਮੁੱਲਵਾਨ ਵੀ ਉੱਡ ਗਿਆ। ਨਾ ਉਹ ਹੇਰਵਾ ਰਿਹਾ ਨਾ ਮਿਲਣ ਦੀ ਤਾਂਘ, ਨਾ ਉਹ ਗੀਤ ਰਹੇ ਨਾ ਉਹ ਸੁਰ। ਪਿੰਡਾਂ ਦੀ ਜਵਾਨੀ ਘੋਲ਼ਾਂ ਅਖਾੜਿਆਂ ਵਿਚ ਜਾਣ ਦੀ ਥਾਂ ਨਸ਼ਿਆਂ ਦੇ ਰਾਹੀਂ ਪੈ ਗਏ। ਕੁਝ ਕਮਾਊ ਪਰਦੇਸਾਂ ਵਿਚ ਮਿਹਨਤਾਂ ਕਰਨ ਵਿਚ ਜੁਟ ਗਏ। ਪੰਜਾਬ ਦੇ ਕੰਮਾਂ ਦੀ ਜ਼ਿੰਮੇਵਾਰੀ ਯੂ.ਪੀ. ਬਿਹਾਰ ਦੇ ਭੱਈਆਂ ਨੇ ਸਾਂਭ ਲਈ। ਪੰਜਾਬ ਦੇ ਪਿੰਡ ਆਪਣੀ ਖ਼ਸਲਤ ਵਿਚ ਹੁਣ ਉਹ ਨਜ਼ਰ ਨਹੀਂ ਆਉਂਦੇ ਜੋ ਚਾਰ ਪੰਜ ਦਹਾਕੇ ਪਹਿਲਾਂ ਆਉਂਦੇ ਸਨ।

ਪੰਜਾਬ ਦੇ ਕਿਸੇ ਪਿੰਡ ਨੂੰ ਕੇਂਦਰ ਵਿਚ ਰੱਖ ਕੇ ਜੇ ਮੁਤਾਲਿਆ ਕਰੀਏ ਤਾਂ ਬਹੁਤ ਕੁਝ ਬਦਲ ਚੁਕਿਆ ਜਾਂ ਬਦਲਾਵ ਦੇ ਰਾਹੀਂ ਪਿਆ ਹੋਇਆ। ਵਿਸ਼ਵੀਕਰਨ ਦਾ ਦੈਂਤ ਪੈਰੋ ਪੈਰ ਦਨਦਨਾਉਂਦਾ ਹੋਇਆ ਮਹਾਨਗਰਾਂ, ਸ਼ਹਿਰਾਂ, ਕਸਬਿਆਂ ਵਿਚੋਂ ਹੁੰਦਾ ਹੋਇਆ ਪਿੰਡਾਂ ਵੱਲ ਵਧਿਆ ਆ ਰਿਹਾ। ਵੱਡੀਆਂ ਕੰਪਨੀਆਂ ਦੇ ਲੁਭਾਉਣੇ ਬੋਰਡ ਪਿੰਡਾਂ ਦੇ ਮੋੜਾਂ ਤੱਕ ਪਹੁੰਚ ਗਏ ਨੇ। ਉਪਜਾਊ ਜ਼ਮੀਨ ਉਪਰ ਨਵੀਂ ਤਰਜ਼ ਦੀਆਂ ਕਲੋਨੀਆਂ ਦੀ ਉਸਾਰੀ ਪਿੰਡਾਂ ਦੀ ਹੋਂਦ ਨੂੰ ਨਿਗ਼ਲਣ ਤੱਕ ਆ ਪਹੁੰਚੀ ਹੈ। ਵਿਸ਼ਵ ਨੂੰ ਇਕ ਹੀ ਕਲਚਰ ਵਿਚ ਪਰੋਣ ਦੀਆਂ ਤਰਕੀਬਾਂ ਅੰਜਾਮ ਹੋਣ ਲੱਗੀਆਂ ਹਨ। ਵਾਹੀ ਦਾ ਧੰਦਾ ਨਖਿੱਧ ਸਾਬਤ ਹੋ ਰਿਹਾ ਤੇ ਕਿਸਾਨ ਕਰਜ਼ਿਆਂ ਵਿਚ ਫਾਥਾ ਫਾਹ ਲੈਣ ਕੇ ਛੁਟਕਾਰਾ ਪਾਉਣ ਦੇ ਮੁਹਾਣੇ ਤੇ ਜਾ ਖਲੋਤਾ ਹੈ। ਪੰਜਾਬੀ ਸੱਭਿਆਚਾਰ ਦਾ ਵਿਗੜਿਆ ਰੂਪ ਹੁਣ ਟੈਲੀਵਿਜ਼ਨ ਦੇ ਸਕਰੀਨ ਵਿਚ ਜਾ ਵੜਿਆ ਜਿੱਥੇ ਅੱਧ ਨੰਗੀਆਂ ਮੁਟਿਆਰਾਂ ਸੱਤ ਰੰਗੀ ਘੱਗਰੇ




ਦਾ ਗੀਤ ਗਾ ਰਹੀਆਂ ਨੇ ਜਾਂ ਕੁੜੀਆਂ ਨੂੰ ਜੀਨਾਂ ਪੁਆ ਕੇ ਚਰਖੇ ਦਾ ਗਾਣਾ ਗਵਾਇਆ ਜਾ ਰਿਹਾ ਹੈ। ਇਹਨਾਂ ਗੀਤਾਂ ਵਿਚ ਨਾ ਪੰਜਾਬੀ ਲਹਿਜ਼ਾ ਹੈ ਨਾ ਪੰਜਾਬੀਅਤ। ਸਟੇਜ ਉਤੇ ਖੂਹ ਦਾ ਰੰਗਲਾ ਮਾਡਲ ਰੱਖ ਕੇ ਫ਼ਰਜ਼ੀ ਲੱਜ ਲਮਕਾ ਕੇ ਮਲਕੀ ਕੀਮੇ ਦੀ ਡੰਡ ਲਾਹੀ ਜਾਂਦੀ ਹੈ।

ਇਨ੍ਹਾਂ ਤਬਦੀਲੀਆਂ ਸਾਹਮਣੇ ਹਰ ਹਸਾਸ ਪੰਜਾਬੀ ਆਪਣੇ ਬੀਤੇ ਤੇ ਵਰਤਮਾਨ ਵਿਚ ਉਲਝਿਆ ਖਲੋਤਾ ਹੈ। ਜੇ ਕੱਲ੍ਹ ਦਾ ਪੰਜਾਬ ਆਪਣੀ ਨਿਵੇਕਲੀ ਦਿੱਖ ਕਾਰਨ ਸੰਸਾਰ ਪੱਧਰ ਤੇ ਜਾਣਿਆ ਜਾਂਦਾ ਸੀ ਤਾਂ ਅੱਜ ਦਾ ਪੰਜਾਬ ਬਦਲ ਰਹੇ ਸਰੋਕਾਰਾਂ ਨਾਲ ਬਰ ਮੇਚਣ ਦੀ ਕੋਸ਼ਿਸ਼ ਵਿਚ ਹੈ। ਪੰਜਾਬ ਦੀ ਨਵੀਂ ਨਸਲ ਜੇ ਉਨ੍ਹਾਂ ਵਸਤਾਂ ਵਰਤਾਰਿਆਂ ਬਾਰੇ ਨਹੀਂ ਜਾਣਦੀ ਜਿਨ੍ਹਾਂ ਬਾਰੇ ਪੰਜਾਹਾਂ ਨੂੰ ਢੁਕਿਆ ਕੋਈ ਬੰਦਾ ਜਾਣਦਾ ਹੈ ਤਾਂ ਨਵੀਂ ਨਸਲ ਲਾਜ਼ਮੀ ਤੌਰ ਤੇ ਅਜਿਹਾ ਬਹੁਤ ਕੁਝ ਜਾਣਦੀ ਹੈ ਜੋ ਸਾਡਾ ਪੰਜਾਹਾਂ ਦੀ ਉਮਰ ਦਾ ਬੰਦਾ ਨਹੀਂ ਜਾਣਦਾ। ਫਿਰ ਵੀ ਬਹੁਤ ਕੁਝ ਅਜਿਹਾ ਹੈ ਜੋ ਆਪਣੇ ਪੰਜਾਬੀ ਸੱਭਿਆਚਾਰ ਨਾਲ ਲਹੂ ਮਾਸ ਦੇ ਰਿਸ਼ਤੇ ਵਾਂਗ ਜੁੜਿਆ ਹੋਇਆ ਹੈ ਤੇ ਨਹੀਂ ਭੁੱਲਿਆ ਜਾਣਾ ਚਾਹੀਦਾ। ਆਖਰ ਜਿਸ ਤੁਖ਼ਮ ਦੀ ਔਲਾਦ ਹਾਂ, ਜਿਸ ਮਿੱਟੀ ਦੀ ਉਪਜ ਹਾਂ, ਜਿਸ ਆਬੋ ਹਵਾ ਵਿਚ ਜੀ ਰਹੇ ਹਾਂ ਉਸ ਪ੍ਰਤੀ ਸੰਵੇਦਨਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ।

ਪੰਜਾਬੀ ਰਹਿਤਲ ਦੀ ਗੂੜ੍ਹੀ ਪਛਾਣ ਦੇ ਲਖਾਇਕ ਪੰਜਾਂ ਪਾਣੀਆਂ ਦੇ ਪਲੋ ਪਲ ਗੰਧਲੇ ਹੋ ਰਹੇ ਅਕਸ ਨੂੰ ਨਿਤਾਰਨਾ ਸਾਡੀ ਪਹਿਲ ਪਲੇਠੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਪੰਜਾਬੀ ਵਿਰਸੇ ਦੀ ਨਿਵੇਕਲੀ ਪਛਾਣ ਨੂੰ ਖੋਰਾ ਲਾ ਰਹੀਆਂ ਤਾਕਤਾਂ ਅੱਡੀ ਚੋਟੀ ਦਾ ਜ਼ੋਰ ਲਾ ਕੇ ਇਸ ਨਰੋਈ ਤਹਿਜ਼ੀਬ ਤੇ ਨਿੱਗਰ ਸੱਭਿਆਚਾਰਕ ਲੱਛਣਾਂ ਵਾਲੇ ਖਿੱਤੇ ਨੂੰ ਵਿਸ਼ਵੀਕਰਨ ਦੇ ਭਰਮ ਜਾਲ ਵਿਚ ਰੰਗ ਕੇ ਇਸਨੂੰ ਬੇਪਛਾਣ ਬਣਾਉਣ ਤੇ ਪੱਛਮੀ ਰੰਗ ਵਿਚ ਰੰਗਣ ਲਈ ਤਰਲੋਮੱਛੀ ਹਨ। ਪੰਜਾਬੀ ਜਨ ਜੀਵਨ ਦੀ ਲੰਮੀ ਤੇ ਸ਼ਾਨਦਾਰ ਪਰੰਪਰਾ, ਗੁਰੂਆਂ ਪੀਰਾਂ ਦੇ ਸਹਿਜ ਸੁਖ਼ਨ ਨਾਲ ਵਰੋਸਾਈ ਇਥੋਂ ਦੀ ਅਦਬੀ ਤੇ ਧਾਰਮਕ ਵਿਰਾਸਤ, ਲੋਕਾਂ ਦੀ ਗੌਰਵਮਈ ਤੇ ਅਣਖੀਲੀ ਤਵਾਰੀਖ ਜਿਸ ਕਦਰ ਇਸ ਰੋਸ਼ਨੀਆਂ ਦੇ ਜਾਦੂਈ ਸੰਸਾਰ ਵਿਚ ਗਰਕਣ ਦੇ ਆਹਰ ਵਿਚ ਹੈ ਉਸ ਤੋਂ ਹਰ ਸੰਵੇਦਨਸ਼ੀਲ ਬੰਦਾ ਚਿੰਤਾਗ੍ਰਸਤ ਹੈ। ਲੋੜ ਹੈ ਵੇਲੇ ਦੀਆਂ ਹਵਾਵਾਂ ਵਿਚ ਬਦਲ ਰਹੇ ਮਨਾਂ ਨੂੰ ਮੋੜਨ ਦੀ ਤੇ ਮੁੜ ਆਪਣੇ ਅਸਲੇ ਨਾਲ ਜੋੜਨ ਦੀ। ਨਿਰਸੰਦੇਹ ਇਸ ਲਈ ਇਕ ਮਹਾ ਸੰਗਰਾਮ ਦੀ ਜ਼ਰੂਰਤ ਹੈ ਤੇ ਇਹ ਬਿਨਾ ਸ਼ੱਕ ਲੋਕਾਂ ਦੀ ਵਿਆਪਕ ਤੇ ਭਰਪੂਰ ਸ਼ਮੂਲੀਅਤ ਬਿਨਾ ਕਤੱਈ ਸੰਭਵ ਨਹੀਂ। ਸਾਨੂੰ ਸਭ ਨੂੰ ਇਸ ਪੁੰਨ ਦੇ ਕੰਮ ਲਈ ਅੱਜ ਤੋਂ ਹੀ ਕਮਰ ਕੱਸੇ ਕਰ ਲੈਣੇ ਚਾਹੀਦੇ ਹਨ।






## ਰਾਜਸੀ ਲਖਣੀ ਦਾ ਸਿਰਨਾਵਾਂ

# ਹਰਭਜਨ ਸਿਘ ਹਦਲ

**ਹਰਭਜਨ ਸਿਘ ਹਦਲ ਪਜਾਬੀ ਸਾਹਿਤ ਦੀ ਉਸ ਧਾਰਾ ਦ ਲਖਕ ਹਨ, ਜਿਹੜੀ ਇਹ ਮਨ ਕ ਚਲਦੀ ਹੈ ਕਿ ਕਲਾ, ਕਲਾ ਲਈ ਨਹੀਂ ਸਗਂ ਕਲਾ, ਲਕਾਂ ਲਈ ਹਦੀ ਹੈ। ਪਜਾਬੀ ਦੀ ਪਗਤੀਵਾਦੀ ਲਹਿਰ ਦ ਸਿਰਮਰ ਕਵੀ ਹਰਭਜਨ ਸਿਘ ਹਦਲ ਨ ਆਪਣ ਲੰਮ ਸਾਹਿਤਕ ਜੀਵਨ ਵਿਚ ਹਰ ਤਰਾਂ ਦੀਆਂ ਸਾਹਿਤਕ ਲਹਿਰਾਂ ਨਾਲ ਖਹਿ ਕ ਆਪਣੀ ਪਤੀਬਧਤਾ ਨੂੰ ਕਾਇਮ ਹੀ ਨਹੀਂ ਰਖਿਆ ਸਗਂ ਉਹਦ 'ਤ ਹਰ ਦਿੜ ਹਏ ਹਨ। ਹਦਲ ਦਾ ਸ਼ਾਇਰੀ ਤਂ ਬਿਨਾ ਵੀ ਵਾਰਤਿਕ, ਅਨਵਾਦ ਅਤ ਸਫਰਨਾਮਿਆਂ ਵਿਚ ਵਡਾ ਯਗਦਾਨ ਹੈ। ਉਹਨੂੰ ਇਹ ਮਨਣ ਵਿਚ ਸਕਚ ਨਹੀਂ ਸਗਂ ਮਾਣ ਹੈ ਕਿ ਉਹ ਸਾਹਿਤ ਦ ਪਿੜ ਵਿਚ ਰਾਜਸੀ ਸ਼ਾਇਰ ਹੈ। ਉਸ ਦ ਕਲ ਸਾਹਿਤ ਸਫਰ ਵਿਚਂ ਪਜਾਬੀ ਸਾਹਿਤ ਦਾ ਇਤਿਹਾਸ ਝਾਤ ਝਾਤ ਕਰਦਾ ਹੈ। *ਪੋ. ਰਾਕੇਸ਼ ਰਮਨ* ਨ ਹਰਭਜਨ ਸਿਘ ਹਦਲ ਨਾਲ ਇਹ ਗਲਾਂ ਉਚਚ ਤਰ 'ਤ *ਨਵੀਂ ਦਨੀਆ* ਦ ਪਾਠਕਾਂ ਲਈ ਕੀਤੀਆਂ ਹਨ।**

ਸਪਾਦਕ



*ਤੁਹਾਡਾ ਬਚਪਨ ਭਾਰਤ ਦੀ ਵੰਡ ਦੀ ਭੇਟ ਚੜ੍ਹ ਗਿਆ, ਫਿਰ ਵੀ ਤੁਸੀਂ ਇਸ ਨੂੰ ਬਹੁਤੇ ਵੈਰਾਗ ਨਾਲ ਯਾਦ ਨਹੀਂ ਕੀਤਾ ਆਖਿਰ ਕਿਉਂ?*

ਹੁੰਦਲ : ਦੇਸ਼ ਦੀ ਵੰਡ ਵੇਲੇ ਮੈਂ ਪਾਕਿਸਤਾਨ ਵਿਚ ਸੱਤਵੀਂ ਵਿਚ ਪੜ੍ਹਦਾ ਸੀ, ਉਨ੍ਹਾਂ ਸਮਿਆਂ ਵਿਚ ਬੱਚੇ ਜ਼ਰਾ ਵੱਡੇ ਹੋ ਕੇ ਸਕੂਲੇ ਦਾਖਲ ਹੁੰਦੇ ਸਨ। ਮੈਂ ਕਵਿਤਾ ਲਿਖਣੀ ਬਹੁਤ ਦੇਰ ਨਾਲ ਸ਼ੁਰੂ ਕੀਤੀ ਅਰਥਾਤ 1955-56 ਵਿਚ, ਜਦੋਂ ਮੈਂ ਫਗਵਾੜੇ ਬੀ.ਟੀ. ਦੀ ਟ੍ਰੇਨਿੰਗ ਲੈ ਰਿਹਾ ਸੀ। ਬਾਅਦ ਵਿਚ ਮੈਂ ਅਧਿਆਪਕ ਲੱਗਣ ਪਿਛੋਂ 1968-69 ਵਿਚ ਪਹਿਲੀ ਵਾਰ ਗੁਰਦਵਾਰਿਆਂ ਦੀ ਯਾਤਰਾ ਕਰਨ ਨਨਕਾਣਾ ਸਾਹਿਬ ਗਿਆ ਸੀ। ਉਸ ਤੋਂ ਪਿਛੋਂ ਮੇਰੇ ਪਾਕਿਸਤਾਨ ਦੇ ਪੰਜਾਬੀ ਲੇਖਕਾਂ ਨਾਲ ਸੰਪਰਕ ਜੁੜ ਗਏ ਤੇ ਮੈਨੂੰ ਆਪਣਾ ਪਿਛਲਾ ਪਿੰਡ ਮੁੜ ਯਾਦ ਆਉਣ ਲੱਗਾ। ਪਰ ਉਨ੍ਹਾਂ ਦਿਨਾਂ ਵਿਚ ਪਿੰਡ ਜਾਣ ਦੀ ਆਗਿਆ ਨਹੀਂ ਮਿਲਦੀ ਹੁੰਦੀ। ਸਿੱਟੇ ਵਜੋਂ ਮੈਂ ਆਪਣੇ ਪਿਛਲੇ ਪਿੰਡ ਬਾਰੇ ਕਵਿਤਾਵਾਂ ਲਿਖਣ ਲੱਗ ਪਿਆ ਤੇ ਅਜੇ ਤੀਕ ਵੀ ਲਿਖੀ ਜਾ ਰਿਹਾ ਹਾਂ।

*ਪਿਛਲ-ਝਾਤ ਮਾਰਦਿਆਂ ਅਜਿਹਾ ਕੀ-ਕੀ ਹੈ, ਜੋ ਨਾਲ ਨਾਲ ਹੀ ਤੁਰਿਆ ਆਉਂਦਾ ਹੈ?*

ਹੁੰਦਲ : ਘਰਦਿਆਂ ਨੂੰ ਨਿੱਕੇ ਹੁੰਦਿਆਂ ਮੇਰੇ ਵਿੱਚ ਕੋਈ ਵੱਖਰੀ ਗੱਲ ਨਜ਼ਰ ਨਹੀਂ ਸੀ ਪੈਂਦੀ। ਦਸਵੀਂ ਤੀਕ ਮੇਰਾ ਵਿਦਿਅਕ ਰਿਕਾਰਡ ਦਰਮਿਆਨੇ ਵਿਦਿਆਰਥੀ ਵਾਲਾ ਸੀ। ਮੈਨੂੰ ਆਪਣੀ ਪੰਜਾਬੀ ਤੇ ਅੰਗਰੇਜ਼ੀ ਉਤੇ ਕੁਝ ਮਾਣ ਤਾਂ ਸੀ, ਪਰ ਬਾਕੀ ਮਜ਼ਮੂਨ ਮੇਰੇ ਕਮਜ਼ੋਰ ਹੀ ਸਨ। ਹਿਸਾਬ ਵਿਚੋਂ ਕਮਜ਼ੋਰੀ ਕਾਰਨ ਮੈਂ ਮੈਟ੍ਰਿਕ ਦੇ ਇਮਤਿਹਾਨ ਵਿੱਚੋਂ ਫੇਲ੍ਹ ਵੀ ਹੋ ਸਕਦਾ ਸੀ। ਦਸਵੀਂ ਵਿਚ ਮਸਾਂ ਕੰਢੇ 'ਤੇ ਹੀ ਸੈਕੰਡ ਡਵੀਜ਼ਨ ਆਈ। ਜੇ ਮੈਂ ਇਥੇ ਹੀ ਪੜ੍ਹਾਈ ਛੱਡ ਦਿੰਦਾ ਤਾਂ, ਇੱਕ ਛੋਟਾ ਜ਼ਿਮੀਦਾਰ ਬਣ ਜਾਂਦਾ। ਸਾਰੀ ਉਮਰ ਭੁੱਖ ਨਾਲ ਘੁਲਦਾ, ਕਰਜ਼ਾਈ ਰਹਿੰਦਾ ਤੇ ਪਿੰਡ ਦੇ ਜੱਟਾਂ ਨਾਲ ਇੱਟ ਖੜੱਕਾ ਲਾਈ ਰੱਖਦਾ।

ਪਰ ਮੇਰੇ ਪਿਤਾ ਜੀ ਨੂੰ ਬੱਚੇ ਪੜ੍ਹਾਉਣ ਦਾ ਸ਼ੌਕ ਸੀ। ਉਹ ਹੱਥ ਤੰਗ ਹੁੰਦਿਆਂ ਵੀ, ਪੜ੍ਹਾਈ ਦੇ ਖਰਚੇ ਤੋਂ ਘਬਰਾਏ ਨਹੀਂ ਸਨ। ਮੁਰੱਬੇਬੰਦੀ ਕਾਰਨ, ਜ਼ਮੀਨ ਅੱਧੇ ਮੁਰੱਬੇ ਤੋਂ ਵੱਧ ਕੇ ਮਰੁੱਬਾ (ਪੰਜੀ ਪੈਲੀਆਂ) ਬਣ ਗਈ ਸੀ। ਪਰ ਇਹ ਪੈਲੀ ਬੇਟ ਦੀ ਸੀ। ਹੜ੍ਹ ਦੀ ਮਾਰ ਹੇਠ ਆਈ ਹੋਈ। ਇਸ ਵਿਚੋਂ ਸਾਲ ਦੇ ਖਾਣ ਜੋਗੇ ਦਾਣੇ ਵੀ ਨਹੀਂ ਸੀ ਹੁੰਦੇ ਪਰ ਔਕੜ ਵੇਲੇ, ਅਰਥਾਤ ਦਾਖਲੇ ਵੇਲੇ ਪਿਤਾ ਜੀ ਗਹਿਣਾ ਵੇਚਣ ਤੋਂ ਵੀ ਗੁਰੇਜ਼ ਨਹੀਂ ਸੀ ਕਰਦੇ।

ਕਾਲਜ ਵਿਚ ਜਾਂਦੇ ਸਾਰ ਮੈਂ ਬਹੁਤ ਚੰਗੇ ਮੁੰਡਿਆਂ ਵਿਚ ਗਿਣਿਆ ਜਾਣ ਲੱਗਾ। ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਸੀ ਤੇ ਅੰਗਰੇਜ਼ੀ ਵਧੀਆ ਹੋਣ ਕਾਰਨ, ਮੈਂ ਸਾਰੇ ਹੀ ਵਿਸ਼ਿਆਂ ਵਿਚ ਸਿਰਕੱਢ ਵਿਦਿਆਰਥੀ ਬਣ ਗਿਆ ਅਤੇ ਉਨ੍ਹਾਂ ਵਿਦਿਆਰਥੀਆਂ ਨਾਲ ਬਰਾਬਰ ਭਿੜਨ ਲੱਗਾ ਜੋ ਮੈਟ੍ਰਿਕ ਵਿਚੋਂ 'ਫਸਟ' ਡਵੀਜ਼ਨ ਲੈ ਕੇ ਪਾਸ ਹੋਏ ਸਨ। ਵਾਧਾ ਇਹ ਕਿ ਕਮਿਊਨਿਸਟ ਮੁੰਡਿਆਂ ਨਾਲ ਬਹਿਣ-ਉਠਣ ਹੋ ਜਾਣ ਕਾਰਨ ਮੈਨੂੰ ਲਾਇਬਰੇਰੀ ਦੀਆਂ ਪੁਸਤਕਾਂ ਤੇ ਰਸਾਲੇ ਖਾਸ ਕਰਕੇ ਪ੍ਰੀਤਲੜੀ ਪੜ੍ਹਨ ਦੀ ਚੇਟਕ ਲੱਗ ਗਈ। ਮਾਰਕਸਵਾਦ ਦੀ ਪੇਤਲੀ ਜੇਹੀ ਸਮਝ ਵੀ ਬਣ ਗਈ ਤੇ ਮੈਨੂੰ ਪ੍ਰਤੀਤ ਹੋਇਆ ਕਿ ਜੀਵਨ ਤੇ ਦੇਸ਼ ਦੀਆਂ ਗੁੰਝਲਦਾਰ ਸਮੱਸਿਆਵਾਂ ਮਾਰਕਸਵਾਦੀ ਸੰਸਾਰ ਦ੍ਰਿਸ਼ਟੀਕੋਣ ਦੀ ਸਮਝ ਤੋਂ ਬਿਨਾਂ ਸਮਝੀਆਂ ਨਹੀਂ ਜਾ ਸਕਦੀਆਂ। ਕਾਲਜ ਦੀ ਚਾਰ ਸਾਲ ਦੀ ਪੜ੍ਹਾਈ ਨੇ ਮੇਰੇ ਅੰਦਰ ਲੁਕੀਆਂ ਸਾਹਿਤਿਕ ਸੰਭਾਵਨਾਵਾਂ ਨੂੰ ਪੁੰਗਰਨ, ਵਿਗਸਣ ਤੇ ਪ੍ਰਗਟ ਹੋਣ ਦਾ ਮੌਕਾ ਦਿੱਤਾ ਤੇ ਮੇਰੀ ਸਾਹਿਤਿਕ ਰੁਚੀ ਵਿਕਾਸ ਕਰਨ ਲੱਗੀ।

ਕਵਿਤਾ ਮੈਂ ਬੀ.ਏ. ਕਰਨ ਤੋਂ ਬਾਅਦ 1956-57 ਵਿਚ ਬੀ.ਟੀ. ਕਰਨ ਵੇਲੇ ਲਿਖਣੀ ਸ਼ੁਰੂ ਕਰ ਕੀਤੀ। ਅਵਤਾਰ ਜੰਡਿਆਲਵੀ, ਸੁਰਿੰਦਰ ਗਿੱਲ, ਅਜੀਤ ਭੰਵਰਾ ਆਦਿ ਮਿੱਤਰਾਂ ਦੀ ਸੰਗਤ ਏਥੇ ਹੀ ਪ੍ਰਾਪਤ ਹੋਈ ਤੇ ਫਗਵਾੜੇ ਰਹਿੰਦੇ ਸਾਹਿਤ ਸਭਾ ਫਗਵਾੜਾ ਦੀਆਂ ਮੀਟਿੰਗਾਂ ਵਿੱਚ ਜਾਣ ਕਰਕੇ ਕਾਵਿ-ਸ਼ਿਲਪ ਦੀ ਸਿਖਲਾਈ ਪ੍ਰਾਪਤ ਹੋਣ ਲੱਗੀ।

ਸਰਕਾਰੀ ਨੌਕਰੀ ਛੇਤੀ ਹੀ ਮਿਲ ਜਾਣ ਕਾਰਨ ਜਲੰਧਰ ਸ਼ਹਿਰ ਨਾਲ ਸੰਪਰਕ ਜੁੜ ਗਿਆ ਤੇ ਪੰਜਾਬ ਬੁੱਕ ਸੈਂਟਰ ਤੋਂ ਰੂਸੀ ਕਿਤਾਬਾਂ ਖਰੀਦਣ ਦੀ ਪੱਕੀ ਆਦਤ ਪੈ ਗਈ। 'ਨਵਾਂ ਜ਼ਮਾਨਾ' ਅਖਬਾਰ ਨੂੰ ਆਪਣੀਆਂ ਔਲੜ, ਰਾਜਸੀ ਤੇ ਸਿਖਾਂਦਰੂ ਭਾਂਤ ਦੀਆਂ ਕਵਿਤਾਵਾਂ ਭੇਜਣ ਲੱਗ ਪਿਆ। ਇਥੇ ਹੀ ਸੁਹੇਲ ਤੇ ਰਘਬੀਰ ਸਿੰਘ ਨਾਲ ਅਤੇ ਮਗਰੋਂ ਨੇਤਾ ਜੀ ਤੇ ਐਨ.ਕੇ. ਜੋਸ਼ੀ ਨਾਲ ਮਿੱਤਰਤਾ ਪੈ ਗਈ ਤੇ ਮੈਂ ਖੱਬੀ ਰਾਜਨੀਤੀ ਨਾਲ ਪੱਕੀ ਤਰ੍ਹਾਂ ਜੁੜ ਗਿਆ।

ਪਹਿਲਾਂ ਪ੍ਰਯੋਗਵਾਦ ਤੇ ਬਾਅਦ ਵਿਚ ਨਕਸਲਵਾਦ ਮੇਰੇ ਲਈ ਰਚਨਾਤਮਕ ਚੁਣੌਤੀ ਬਣ ਕੇ ਆਏ। 'ਲਕੀਰ, ਪ੍ਰੀਤਲੜੀ ਤੇ ਸਿਰਜਣਾ' ਵਿਚ ਕਵਿਤਾਵਾਂ ਛਪਣ ਲੱਗੀਆਂ। 'ਲਕੀਰ' ਨਾਲ ਸੰਪਰਕ ਕਾਰਨ ਪੁਲਿਸ ਨੇ ਮੈਨੂੰ ਵੀ ਨਕਸਲਵਾਦੀ ਸਮਝ ਕੇ ਫੜਨਾ ਤੇ ਛੱਡਣਾ ਅਰੰਭ ਕਰ ਦਿੱਤਾ। ਮੈਂ ਇੱਕ ਤਰ੍ਹਾਂ ਨਾਲ ਸਿਆਸੀ ਕਵੀ ਵਜੋਂ ਪ੍ਰਸਿੱਧ ਹੋ ਗਿਆ। ਹੌਲੀ ਹੌਲੀ ਪੁਸਤਕਾਂ ਵੀ ਛਪਣ ਲੱਗੀਆਂ।

*ਬਟਵਾਰੇ ਵੇਲੇ ਦੀਆਂ ਉਹ ਕਿਹੜੀਆਂ ਘਟਨਾਵਾਂ ਅਤੇ ਔਕੜਾਂ ਸਨ, ਜਿਹੜੀਆਂ ਤੁਹਾਡੀ ਸਿਮ੍ਰਿਤੀ ਵਿਚੋਂ ਕਦੇ ਕਿਰ ਨਹੀਂ ਸਕੀਆਂ?*

ਹੁੰਦਲ : ਬਹੁਤ ਸਾਰੀਆਂ ਯਾਦਾਂ ਹਨ, ਜਿਨ੍ਹਾਂ ਨੂੰ ਆਪਣੀਆਂ ਵਾਰਤਕ ਲਿਖਤਾਂ ਵਿਚ ਦਰਜ ਕਰ ਚੁੱਕਾ ਹਾਂ। ਮੇਰੀ ਪੁਸਤਕ ਪਿਛਲਾ ਪਿੰਡ ਘਸਮੈਲੇ ਚਿਹਰੇ, ਸੰਨ ਸੰਤਾਲੀ ਦੇ ਦਿਨ ਅਤੇ ਸਵੈ ਜੀਵਨੀ ਵਿਚ ਮੈਂ ਉਹ ਸਾਰੀਆਂ ਘਟਨਾਵਾਂ ਦਰਜ ਕੀਤੀਆਂ ਹਨ। ਉਜੜਨ ਤੇ ਮੁੜ ਵੱਸਣ ਵਿਚ ਸਾਡੇ ਘੱਟੋ ਘੱਟ ਦਸ ਬਾਰਾਂ ਸਾਲ ਜ਼ਾਇਆ ਹੋ ਗਏ ਸਨ ਤੇ ਜਵਾਨੀ ਦੇ ਇਹ ਵਰ੍ਹੇ ਹੱਥਾਂ ਵਿਚੋਂ ਕਿਰਦੇ ਗਏ। 1956 ਵਿਚ ਬੀ.ਏ. ਕਰਨ ਤੋਂ ਬਾਅਦ ਜਦੋਂ ਮੈਂ ਸਰਕਾਰੀ ਟੀਚਰ ਲੱਗ ਗਿਆ ਤਾਂ ਮੈਨੂੰ ਪ੍ਰਤੀਤ ਹੋਇਆ ਕਿ ਨਵੀਂ ਧਰਤੀ ਵਿਚ ਸਾਡੇ ਪਰਵਾਰ ਦੇ ਪੈਰ ਲੱਗ ਗਏ ਹਨ। ਜੀਵਨ ਸੰਘਰਸ਼ ਦਾ ਇਹ ਦਹਾਕਾ ਅਜੇ ਵੀ ਭੁੱਲਦਾ ਨਹੀਂ।

*ਤੁਸਾਂ ਕਈ ਥਾਈਂ ਇਸ ਧਾਰਨਾ ਦਾ ਸਮਰਥਨ ਕੀਤਾ ਹੈ ਕਿ ਦੇਸ਼ ਵੰਡ ਨੂੰ ਟਾਲਿਆ ਜਾ ਸਕਦਾ ਸੀ। ਕੀ ਇਤਿਹਾਸ ਅੱਗੇ ਕਿਸੇ ਦਾ ਜ਼ੋਰ ਚਲਦਾ ਹੈ?*

ਹੁੰਦਲ : ਰਮਨ ਜੀ, ਇਤਿਹਾਸ ਨੂੰ ਵੀ ਤਾਂ ਆਮ ਲੋਕ ਤੇ ਨਾਲ ਦੀ ਨਾਲ ਵਿਸ਼ੇਸ਼ ਆਗੂ ਹੀ ਚੰਗੇ ਜਾਂ ਮਾੜੇ ਪਾਸੇ ਮੋੜ ਦਿੰਦੇ ਹਨ। ਇਤਿਹਾਸ ਕੋਈ ਹੜ੍ਹ ਦਾ ਬੇਮੁਹਾਰਾ ਪਾਣੀ ਤਾਂ ਹੁੰਦਾ ਨਹੀਂ ਕਿ ਸਭ ਕੁੱਝ ਰੋੜ ਕੇ ਲੈ ਜਾਵੇ ਤੇ ਬੰਦਾ ਕੰਢੇ ਉਤੇ ਖਲੋਤਾ ਬੇਬੱਸ ਦੇਖਦਾ ਰਹਿ ਜਾਵੇ। ਸੰਤ ਸੰਤਾਲੀ ਦੇ ਸ਼ੁਰੂ ਦੇ ਮਹੀਨਿਆਂ ਵਿਚਲੀਆਂ ਚੋਟੀ ਦੇ ਕਾਂਗਰਸੀ ਆਗੂਆਂ ਦੀਆਂ ਸਰਗਰਮੀਆਂ ਤੇ ਪੈਂਤੜਿਆਂ ਵਿਚੋਂ ਹੀ ਅਜਿਹੇ ਸੰਕੇਤ ਲੱਭਦੇ ਹਨ। ਮੌਲਾਨਾ ਅਬੁਲ ਕਲਾਮ ਦੀ ਕਿਤਾਬ ਇਸ ਬਾਰੇ ਕਾਫ਼ੀ ਕੁੱਝ ਦੱਸ ਜਾਂਦੀ ਹੈ। ਉਸ ਕਿਤਾਬ ਦੇ ਇਕ ਦੋ ਕਾਂਡ ਤੀਹ ਸਾਲ ਤੀਕ ਇਸੇ ਕਾਰਨ ਹੀ ਲੁਕਾਏ ਰੱਖੇ ਗਏ ਸਨ। ਜਿਨਾਹ ਦੀ ਜਿੰਦ ਦੇ ਆਖਰ ਕੋਈ ਕਾਰਨ ਤਾਂ ਸਨ ਕਿ ਉਹ ਇਕ ਸੈਕੂਲਰ ਆਗੂ ਕਿਵੇਂ ਕੱਟੜ ਫਿਰਕਾਪ੍ਰਸਤ ਬਣ ਗਿਆ। ਖੈਰ ਫਿਰ ਵੀ ਇਹ ਸਵਾਲ ਵਧੇਰੇ ਗੁੰਝਲਦਾਰ ਹੈ ਤੇ ਮੈਂ ਇਸ ਦੇ ਵਿਸਥਾਰ ਵਿਚ ਜਾਣਾ ਮੁਨਾਸਬ ਨਹੀਂ ਸਮਝਦਾ, ਲਾਰਡ ਮਾਊਂਟਬੇਟਨ ਦੀ ਕਾਹਲੀ ਵੀ ਇਸ ਦਾ ਇਕ ਕਾਰਨ ਬਣਦੀ ਹੈ।

*ਫਰਜ਼ ਕਰੋ ਕਿ ਦੇਸ਼ ਦੀ ਵੰਡ ਨਾ ਹੁੰਦੀ ਤਾਂ ਸਮੁੱਚੇ ਦੇਸ਼ ਦਾ ਦ੍ਰਿਸ਼ ਕਿਹੋ ਜਿਹਾ ਹੁੰਦਾ ਹੈ?*

ਹੁੰਦਲ : ਇਸ ਬਾਰੇ ਕਲਪਨਾ ਹੀ ਕੀਤੀ ਜਾ ਸਕਦੀ ਹੈ ਪਰ ਕੁਝ ਗੱਲਾਂ ਤਾਂ ਸਪੱਸ਼ਟ ਹੀ ਹਨ। ਲੱਖਾਂ ਲੋਕ ਕਤਲ ਨਾ ਹੁੰਦੇ, ਲੱਖਾਂ ਲੋਕ ਆਪਣੇ ਘਰਾਂ ਤੋਂ ਉਜੜਦੇ ਨਾ, ਹਜ਼ਾਰਾਂ ਜਵਾਨ ਔਰਤਾਂ ਦੀ ਬੇਪਤੀ ਨਾ ਹੁੰਦੀ, ਭਾਰਤ ਤੇ ਪਾਕਿ ਵਿਚਲੀਆਂ ਤਿੰਨ ਜੰਗਾਂ ਨਾ ਹੁੰਦੀਆਂ। ਪਾਕਿਸਤਾਨ ਸਾਮਰਾਜੀਆਂ ਦਾ ਜੰਗੀ ਅੱਡਾ ਨਾ ਬਣਦਾ ਤੇ ਧਾਰਮਕ ਕੱਟੜਤਾ ਦਾ ਅੱਜ ਵਾਲਾ ਕੇਂਦਰ ਨਾ ਬਣਦਾ। ਉਥੇ ਵੀ ਲੋਕ ਰਾਜ ਤੇ ਧਰਮ ਨਿਰਪੱਖਤਾ ਦੀਆਂ ਪ੍ਰੰਪਰਾਵਾਂ ਮਜ਼ਬੂਤ ਹੁੰਦੀਆਂ।

*ਬਟਵਾਰੇ ਬਾਰੇ ਰਚੇ ਗਏ ਸਾਹਿਤ ਦਾ ਕਿਹੜਾ ਤੇ ਕਿੰਨਾ ਕੁ ਭਾਗ ਤੁਹਾਨੂੰ ਵਧੇਰੇ ਸਾਰਥਕ, ਮੁੱਲਵਾਨ ਅਤੇ ਚਿਰਜੀਵੀ ਪ੍ਰਤੀਤ ਹੁੰਦਾ ਹੈ?*

ਹੁੰਦਲ : ਮੈਂ ਇਸ ਬਾਰੇ ਹਿੰਦੀ, ਉਰਦੂ ਵਿਚ ਲਿਖਿਆ ਗਿਆ ਸਮੁੱਚਾ ਗਲਪ ਸਾਹਿਤ ਨਹੀਂ ਪੜ੍ਹ ਸਕਿਆ 'ਤਮਸ' ਤੇ ਸੱਚਾ ਝੂਠ' ਹੀ ਪੜ੍ਹਿਆ ਹੈ ਤੇ ਜਾਂ ਫਿਰ ਪੰਜਾਬੀ ਨਾਵਲ ਤੇ ਕਹਾਣੀਆਂ ਪਰ ਜੋ ਵੀ ਲਿਖਿਆ ਗਿਆ ਹੈ, ਉਹ ਫਿਰਕੂ ਕਤਲਾਂ ਨੂੰ ਨਿੰਦਣਵਾਲਾ ਹੈ ਤੇ ਇਨਸਾਨੀ ਕਦਰਾਂ ਕੀਮਤਾਂ ਦੀ ਵਡਿਆਈ ਕਰਨ ਵਾਲਾ ਹੋਣ ਕਾਰਨ ਸਾਰਥਕ ਹੈ। ਕਵਿਤਾ ਉਂਜ ਹੀ ਘੱਟ ਲਿਖੀ ਗਈ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਅੱਜ ਵੀ ਹਵਾਲੇ ਵਜੋਂ ਵਰਤੀ ਜਾਂਦੀ ਹੈ, ਫਿਰ ਵੀ ਇਹ ਵਿਸ਼ਾ ਤਾਂ ਕਿਸੇ ਪੀ.ਐਚ.ਡੀ. ਦੇ ਖੋਜਾਰਥੀ ਦਾ ਹੈ। ਉਂਜ ਵੀ ਗਲਪ ਮੇਰਾ ਖੇਤਰ ਨਹੀਂ ਹੈ।



ਹਰਭਜਨ ਸਿਘ ਹਦਲ, ਡਾ. ਰਮਸ਼ ਕਤਲ ਮਘ ਨਾਲ ਕਲਕਤ ਵਿਚ

*ਤੁਸਾਂ ਵਿਸ਼ਵ ਸਾਹਿਤ, ਕਲਾ ਤੇ ਇਤਿਹਾਸ ਦਾ ਵਿਸਤ੍ਰਿਤ ਅਧਿਐਨ ਕੀਤਾ ਹੈ। ਕੀ ਭਾਰਤ ਪਾਕਿ ਵਰਗੇ ਦੁਖਾਂਤ ਹੋਰ ਦੇਸ਼ਾਂ ਤੇ ਲੋਕਾਂ ਨੂੰ ਵੀ ਭੋਗਣੇ ਪਏ ਹਨ?*

ਹੁੰਦਲ : ਮੈਂ ਸਮੁੱਚਾ ਵਿਸ਼ਵ-ਇਤਿਹਾਸ ਤਾਂ ਨਹੀਂ ਪੜ੍ਹਿਆ ਪਰ ਦੂਸਰੀ ਜੰਗ ਵੇਲੇ ਯਹੂਦੀਆਂ ਦਾ ਯੂਰਪ ਵਿਚੋਂ ਉਜਾੜਾ ਜਾਂ ਸਰਬਨਾਸ ਤੇ ਜੰਗ ਮਗਰੋਂ ਫਲਸਤੀਨੀਆਂ ਦਾ ਇਜ਼ਰਾਈਲ ਵਿਚੋਂ ਉਜਾੜਾ ਤਾਂ ਵੀਹਵੀਂ ਸਦੀ ਵਿਚ ਵਾਪਰੀਆਂ ਉਘਤਵੀਆਂ ਘਟਨਾਵਾਂ ਹਨ। ਉਂਝ ਇਤਿਹਾਸਕਾਰਾਂ ਦੀ ਰਾਏ ਹੈ ਕਿ ਵੰਡ ਵੇਲੇ ਪੰਜਾਬ ਤੇ ਬੰਗਾਲ ਵਿਚੋਂ ਜਿਸ ਵੱਡੀ ਗਿਣਤੀ ਵਿਚ ਆਬਾਦੀ ਦਾ ਤਬਾਦਲਾ ਹੋਇਆ ਹੈ, ਅਜਿਹਾ ਪਹਿਲਾਂ ਕਿਤੇ ਨਹੀਂ ਸੀ ਹੋਇਆ ਤੇ ਨਾਲ ਹੀ ਜੋ ਦਹਿਸ਼ਤ ਫੈਲਾਈ ਗਈ, ਉਹ ਵੀ ਬਹੁਤ ਹੀ ਘਿਰਣਤ ਮਨੁੱਖੀ ਵਰਤਾਰਾ ਸੀ।

*ਵੰਡ ਦੇ ਦ੍ਰਿਸ਼ਟੀ ਗੋਚਰੇ ਸਬਕ ਕਿਹੜੇ ਰਹੇ? ਕੀ ਇਹ ਖ਼ਾਲਸਤਾਨੀ ਲਹਿਰ ਸਮੇਂ ਕੰਮ ਆਏ, ਜੇ ਆਏ ਤਾਂ ਕਿਸ ਤਰ੍ਹਾਂ?*

ਹੁੰਦਲ : ਵੰਡ ਦਾ ਦੁਖਾਂਤ ਅਲੋਕਾਰ ਇਤਿਹਾਸਕ ਦੁਖਾਂਤ ਸੀ। ਇਸ ਵਿਚੋਂ ਕੋਈ ਸਬਕ ਨਹੀਂ ਕੱਢੇ ਗਏ। ਖ਼ਾਲਿਸਤਾਨੀ ਲਹਿਰ ਇਸ ਤੋਂ ਬਿਲਕੁਲ ਵੱਖਰਾ ਵਰਤਾਰਾ ਸੀ। ਇਸ ਬਾਰੇ ਅਜੇ ਵੀ ਡੂੰਘੇਰੇ ਅਧਿਐਨ ਤੇ ਖੋਜ ਦੀ ਅਵੱਸ਼ਕਤਾ ਹੈ।

*ਤੁਹਾਡਾ ਪ੍ਰੀਵਾਰ ਵੰਡ ਦੇ ਦੁਖਾਂਤ 'ਚੋਂ ਕਿਵੇਂ ਉਭਰਿਆ?*

ਹੁੰਦਲ : ਵੰਡ ਦਾ ਦੁਖਾਂਤ ਲੱਖਾਂ ਪੰਜਾਬੀਆਂ ਨਾਲ ਸਬੰਧਤ ਸੀ। ਸਾਡਾ ਪਰਵਾਰ ਵੀ ਹੋਰਨਾਂ ਪਰਵਾਰਾਂ ਵਰਗਾ ਹੀ ਸੀ। ਹਾਂ, ਅਸੀਂ ਜ਼ਮੀਨ ਅਲਾਟ ਕਰਾਉਣ ਵੇਲੇ ਕੁੱਝ ਖੁੰਝ ਗਏ ਸੀ। ਪਿਤਾ ਜੀ ਸ. ਦੀਦਾਰ ਸਿੰਘ ਰਾਜਸੀ ਵਰਕਰ ਤੇ ਕੁੱਝ ਪੜ੍ਹੇ ਲਿਖੇ ਤੇ ਦੂਰ ਅੰਦੇਸ਼ ਬੰਦੇ ਸਨ। ਬਟਾਲਾ ਸਾਈਡ ਵੱਲ 'ਰਾਮ ਦੁਆਲੀ' ਅਥਵਾ ਬੱਗੇ ਪਿੰਡ ਵਿਚ ਜ਼ਮੀਨ ਅਲਾਟ ਹੋਈ ਸੀ, ਜੋ ਬਹੁਤ ਚੰਗੀ ਤੇ ਉਪਜਾਊ ਜ਼ਮੀਨ ਸੀ। ਪਰ ਉਥੇ ਦੋ ਧਿਰਾਂ ਦੀ ਲੜਾਈ ਕਾਰਨ ਇਕ ਕਤਲ ਹੋ ਗਿਆ ਤੇ ਅਸਾਂ ਸੋਚ ਵਿਚਾਰ ਕੇ ਉਹ ਆਰਜ਼ੀ ਅਲਾਟਮੈਂਟ ਮਨਸੂਖ ਕਰਵਾ ਦਿਤੀ। ਉਦੋਂ ਤੀਕ ਚੰਗੀ ਜ਼ਮੀਨ ਮੱਲੀ ਤੇ ਅਲਾਟ ਹੋ ਚੁੱਕੀ ਸੀ। ਦੁਬਾਰਾ ਸਾਨੂੰ ਹੁਣ ਵਾਲੀ ਥਾਂ ਬਿਆਸ ਦਰਿਆ ਦੇ ਬੇਟ ਵਿਚ ਅਲਾਟਮੈਂਟ ਹੋਈ। ਇਥੇ ਹਰ ਸਾਲ ਬਰਸਾਤ ਵਿਚ ਹੜ੍ਹ ਆਏ ਰਹਿੰਦੇ ਸਨ ਤੇ ਉਪਜ ਅਤੇ ਪੱਠੇ ਦੱਬੇ ਦੀ ਘਾਟ ਰਹਿੰਦੀ ਸੀ। ਬੇਟ ਕਾਰਨ, ਸਾਡਾ ਆਰਥਕ ਸੰਕਟ ਦੇਰ ਤੀਕ ਰਿਹਾ। ਨਾਲ ਦੀ ਨਾਲ ਘਰ ਵਿਚ ਪਿਤਾ ਜੀ ਕੰਮ ਕਰਨ ਵੇਲੇ ਇਕੱਲੇ ਸਨ ਤੇ ਅਸੀਂ ਦੋ ਵੱਡੇ ਭਰਾ ਰਣਧੀਰ ਕਾਲਜ ਕਪੂਰਥਲੇ ਪੜ੍ਹਦੇ ਸੀ। ਖੇਤੀ ਕਰਨੀ, ਸਾਨੂੰ ਸ਼ਹਿਰ ਵਿਚ ਰਾਸ਼ਨ ਪਹੁੰਚਾਣਾ ਤੇ ਫ਼ੀਸਾਂ, ਪੜ੍ਹਾਈ ਦਾ ਖਰਚਾ ਦੇਣਾ ਪਿਤਾ ਜੀ ਲਈ ਬੜਾ ਔਖਾ ਸੀ। ਪਰ ਉਹ ਖੇਤੀ ਵੀ ਕਮਾਲ ਦੀ ਕਰਦੇ ਸਨ ਤੇ ਆਪਣੀਆਂ ਰਾਜਸੀ ਸਰਗਰਮੀਆਂ ਤੋਂ ਵੀ ਪਿੱਛੇ ਨਹੀਂ ਸੀ ਹਟਦੇ, ਦਾਖਲੇ ਵੇਲੇ ਗਹਿਣਾ ਵੇਚ ਵੇਚ ਕੇ ਉਹ ਕੰਮ ਚਲਾਈ ਜਾਂਦੇ ਸਨ। ਪੜ੍ਹਾਈ ਬਾਰੇ ਉਹ ਬਹੁਤ ਹੀ ਸਪੱਸ਼ਟ ਤੇ ਦ੍ਰਿੜ ਸਨ ਕਿ ਮੈਂ ਬੱਚਿਆਂ ਨੂੰ ਬੀ.ਏ. ਤੀਕ ਪੜ੍ਹਾਉਣਾ ਹੈ। ਖ਼ੁਸ਼ ਕਿਸਮਤੀ ਨੂੰ ਅਸੀਂ ਦੋਵੇਂ ਭਰਾ ਕਿਸੇ ਜਮਾਤ ਵਿਚ ਫੇਲ ਨਹੀਂ ਹੋਏ। ਵੱਡਾ ਭਰਾ ਐਫ਼.ਏ. ਕਰ ਕੇ ਟੀਚਰ ਜਾ ਲੱਗਾ ਤੇ ਮੈਂ ਬੀ.ਏ. ਕਰ ਕੇ। ਪਿਛੋਂ ਅਸਾਂ ਐਮ.ਏ.ਬੀ.ਟੀ. ਕੀਤੀ।

*ਤੁਹਾਡਾ ਪਰਵਾਰ ਪਿਛੇ ਪਾਕਿਸਤਾਨ ਵਿਚ ਚੰਗੀ ਉਪਜਾਊ ਜ਼ਮੀਨ ਛੱਡ ਆਇਆ ਸੀ। ਇਸ ਨੂੰ ਛੱਡਣ ਦਾ ਹੇਰਵਾ ਤਾਂ ਦੇਰ ਤੀਕ ਰਿਹਾ ਹੋਵੇਗਾ?*

ਹੁੰਦਲ : ਸਾਡਾ ਪਿਛਲਾ ਪਿੰਡ ਨਿਹਾਲੇਆਣਾ ਬੰਡਾਲਾ, ਚੱਕ ਨੰ. 64 ਰੱਖ ਬਰਾਂਚ ਤਹਿ. ਜੜ੍ਹਾਂ ਵਾਲਾ, ਜ਼ਿਲ੍ਹਾ ਲਾਇਲਪੁਰ ਵਿਚ ਸੀ। ਸਾਡੇ ਬਾਬੇ ਦਾ ਮੁਰੱਬਾ ਦੋ ਥਾਈਂ ਸੀ। ਅੱਧਾ ਮੋਘੇ ਦੇ ਹੇਠ ਤੇ ਅੱਧਾ ਬਰਾਨੀ ਕਾਫ਼ੀ ਹਟਵਾਂ। ਪਰ ਮੋਘੇ ਵਾਲਾ ਮੁਰੱਬਾ ਸੋਨਾ ਉਗਲਣ ਵਾਲਾ ਸੀ। ਕਾਰਨ ਦੋ ਸਨ, ਇਕ ਤੇ ਦਰਿਆਈ ਪਾਣੀ ਕਾਰਨ ਉਪਜਾਊ ਮਿੱਟੀ ਇਸ ਖੇਤਰ ਵਿਚ ਪੈਂਦੀ ਰਹਿੰਦੀ ਸੀ। ਦੂਸਰਾ ਇਥੇ ਪਾਣੀ ਦਾ ਦਾਅ ਵੀ ਲੱਗ ਜਾਂਦਾ ਸੀ। ਜਦ ਪਾਣੀ ਬੰਦ ਹੋ ਕੇ, ਦੁਬਾਰਾ ਆਉਂਦਾ ਸੀ ਤਾਂ ਲੋਕਾਂ ਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਅਸੀਂ ਇਕ ਦੋ ਪੈਲੀਆਂ ਚੋਰੀਂ ਹੀ ਭਰ ਲੈਂਦੇ ਸੀ। ਵਾਹੀ ਦੀ ਜਿੰਦ ਜਾਨ ਪਾਣੀ ਹੁੰਦਾ ਸੀ। ਪਾਣੀ ਦੀ ਵਾਰੀ ਤੋਂ ਝਗੜੇ, ਲੜਾਈਆਂ ਵੀ ਹੁੰਦੇ ਰਹਿੰਦੇ ਸਨ। ਸਾਡੀ ਦਾਦੀ ਕੋਲ ਸਾਰੇ ਪੈਸੇ ਜਮ੍ਹਾ ਹੁੰਦੇ ਰਹਿੰਦੇ ਸਨ। ਫਿਰ ਅਕਾਲੀ ਲਹਿਰ (1921-25) ਚੱਲੀ ਤੇ ਤੇ ਸਾਡੇ ਦੋ ਤਾਏ ਸ਼ਹੀਦ ਹੋ ਗਏ। ਇਕ ਨਨਕਾਣੇ ਤੇ ਇਕ ਜੈਤੋ ਦੇ ਮੋਰਚੇ ਵਿਚ। ਅਸੀਂ ਵੰਡ ਤੀਕਰ ਧਾਰਮਕ ਮਾਹੌਲ ਵਿਚ ਪਲੇ ਤੇ ਪਾਠ ਕਰਦੇ ਹੁੰਦੇ ਸੀ।

ਇਧਰ ਆ ਕੇ ਜਦੋਂ ਦੁਬਾਰਾ ਜ਼ਮੀਨ ਫੱਤੂ ਢੀਂਗਾ ਚੱਕ ਜ਼ਿਲ੍ਹਾ ਕਪੂਰਥਲਾ ਵਿਚ ਅਲਾਟ ਹੋਈ ਤਾਂ 10 ਸਾਲ ਰਗੜੇ ਖਾਧੇ ਪਰ ਸਾਨੂੰ ਸਸਤੀ ਜ਼ਮੀਨ ਮਿਲ ਗਈ ਤੇ ਇਹ ਦੁਗਣੀ ਹੋ ਗਈ। ਫਿਰ ਧੁੱਸੀ ਬੰਨ੍ਹ ਕੋਈ 1960 ਵਿਚ ਬੱਝਾ ਤੇ ਹੜ੍ਹ ਰੁਕ ਗਏ। ਨਵੇਂ ਬੀਜ ਟਰੈਕਟਰ, ਖਾਦਾਂ ਤੇ ਮੋਟਰਾਂ ਲੱਗਣ ਨਾਲ ਹਾਲਾਤ ਬਦਲੇ। ਹੁਣ ਇਥੇ ਧਰਤੀ ਹੇਠ, ਬੇਟ ਕਾਰਨ, ਪਾਣੀ ਦੀ ਘਾਟ ਨਹੀਂ, ਜ਼ਮੀਨ ਪੱਖੋਂ ਪਿਛਲੇ ਸਭ ਹੇਰਵੇ ਭੁੱਲ ਭੁਲਾ ਗਏ।

*ਬਚਪਨ, ਬਾਪੂ ਤੇ ਬੇਬੇ ਦਾ ਪਰਸਪਰ ਸਬੰਧ ਕਿਹੋ ਜਿਹਾ ਰਿਹਾ?*

ਹੁੰਦਲ : ਸਾਡਾ ਬਾਪ ਚਾਰ ਭਰਾ ਸਨ। ਦੋ ਸ਼ਹੀਦ ਹੋ ਗਏ। ਮੇਰੇ ਪਿਤਾ ਦੇ ਘਰ ਦੋਵੇਂ ਪਤਨੀਆਂ ਬਿਠਾ ਦਿਤੀਆਂ ਗਈਆਂ। ਪਿਤਾ ਜੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ। ਮੇਰੀ ਮਾਤਾ ਜ਼ਰਾ ਅਣਖੀ ਸੁਭਾਅ ਦੀ ਤੇ ਤਿੰਨਾਂ ਭਰਾਵਾਂ ਦੀ ਭੈਣ ਸੀ। ਉਹ ਧੱਕਾ ਬਰਦਾਸ਼ਤ ਨਹੀਂ ਸੀ ਕਰਦੀ। ਇਕ, ਦੋ ਵਾਰ ਝਗੜਾ ਵੀ ਹੋਇਆ ਪਰ ਪਿਤਾ ਜੀ ਕਿਸੇ ਨਾਲ ਵਿਤਕਰਾ ਨਹੀਂ ਕਰਦੇ ਸੀ। ਉਹ ਇਕੱਲੇ ਹੀ ਸਾਰੇ

ਕੰਮ ਨਿਭਾਈ ਜਾਂਦੇ ਰਹਿੰਦੇ ਸਨ। ਪਾਕਿਸਤਾਨ ਵਿਚ ਵਾਹੀ ਤਾਏ ਨਾਲ ਇਕੱਠੀ ਸੀ। ਇਧਰ ਆ ਕੇ ਅੱਡ ਹੋ ਗਈ ਪਰ ਸਾਡੀ ਪੜ੍ਹਾਈ ਵਿਚ ਪਿਤਾ ਜੀ ਨੇ ਵਿਘਨ ਨਹੀਂ ਪੈਣ ਦਿਤਾ। ਉਨ੍ਹਾਂ ਦਾ ਹੌਸਲਾ ਕਮਾਲ ਦਾ ਸੀ। ਉਜਾੜੇ ਤੋਂ ਬਾਅਦ ਵੀ ਸਾਡੀ ਪੜ੍ਹਾਈ ਰੁਕੀ ਨਹੀਂ।

*ਖੁੜੇ-ਟੁੱਟੇ ਪਰਵਾਰ 'ਚ ਪੜ੍ਹਾਈ ਕਿਸ ਤਰਜੀਹ ਨੂੰ ਲੈ ਕੇ ਸ਼ੁਰੂ ਕੀਤੀ?*

ਹੁੰਦਲ : ਪਿਤਾ ਜੀ ਰੋਜ਼ਾਨਾ ਅਖ਼ਬਾਰ ਪੜ੍ਹਦੇ ਸਨ। ਉਹ ਸ਼੍ਰੋਮਣੀ ਕਮੇਟੀ ਦੀਆਂ ਮੀਟਿੰਗਾਂ ਸਬੰਧੀ ਅੰਮ੍ਰਿਤਸਰ ਆਉਂਦੇ ਜਾਂਦੇ ਰਹਿੰਦੇ ਸਨ। ਸੋ ਉਨ੍ਹਾਂ ਨੂੰ ਬੱਚੇ ਪੜ੍ਹਾਉਣ ਦਾ ਸ਼ੌਕ ਸੀ। ਸਾਡੀ ਦਾਦੀ ਕੋਲ ਕੁੱਝ ਸੋਨਾ ਸੀ, ਜੋ ਲੋੜ ਵੇਲੇ ਵੇਚ ਵੱਟ ਕੇ ਕੰਮ ਚੱਲ ਜਾਂਦਾ ਸੀ।

*ਅਕਾਦਮਿਕ ਪੜ੍ਹਾਈ ਵਿਚੋਂ ਤੁਹਾਨੂੰ ਆਪਣਾ ਕਿਸ ਤਰ੍ਹਾਂ ਭਵਿੱਖ ਵਿਖਾਈ ਦਿੰਦਾ ਸੀ?*

ਹੁੰਦਲ : ਸਾਨੂੰ ਕੋਈ ਨਿਸ਼ਾਨਾ ਸਾਫ਼ ਨਹੀਂ ਸੀ, ਜੋ ਵੀ ਨੌਕਰੀ ਮਿਲ ਜਾਂਦੀ, ਅਸਾਂ ਕਰ ਲੈਣੀ ਸੀ। ਬੀ.ਏ. ਕਰਨ ਮਗਰੋਂ ਇਕ ਮਿੱਤਰ ਨੇ ਗੁਰੂ ਨਾਨਕ ਹਾਈ ਸਕੂਲ ਸੁਲਤਾਨ ਪੁਰ ਲੋਧੀ ਟੀਚਰ ਲੱਗਣ ਲਈ ਸੱਦ ਲਿਆ। ਦੋ ਚਾਰ ਮਹੀਨੇ ਬਾਅਦ ਪੈਪਸੂ ਵਿਚ ਟੀਚਰ ਲੱਗਣ ਲਈ ਇਸ਼ਤਿਹਾਰ ਪੜ੍ਹਿਆ। ਦਰਖਾਸਤ ਦਿਤੀ ਤੇ ਇੰਟਰਵਿਊ ਤੋਂ ਬਾਅਦ ਸੁਲਤਾਨਪੁਰ ਲੋਧੀ ਦੇ ਨੇੜੇ ਇਕ ਪਿੰਡ ਭਾਗੋ ਆਰਾਈਆਂ ਵਿਚ 10-2-56 ਨੂੰ ਟੀਚਰ ਜਾ ਲੱਗਾ। ਦੋ ਮਹੀਨੇ ਬਾਅਦ ਲੋਅਰ ਮਿਡਲ ਸਕੂਲ ਰਿਹਾਣਾ ਜੱਟਾਂ (ਫਗਵਾੜਾ) ਵਿਚ ਬਦਲੀ ਹੋ ਗਈ। ਉਥੇ ਰਹਿੰਦਿਆਂ ਹੀ 1957 ਵਿਚ ਬੀ.ਟੀ. ਵਿਚ ਦਾਖਲਾ ਮਿਲ ਗਿਆ। ਸਾਲ ਦੀ ਪੜ੍ਹਾਈ ਬਾਅਦ ਫਿਰ ਪਹਿਲੀ ਜਗ੍ਹਾ ਤੇ ਆਣ ਹਾਜ਼ਰ ਹੋਇਆ।

*ਪੜ੍ਹਾਈ ਵਿਚ ਲੋਕ ਸੰਘਰਸ਼ ਦਾ ਕਾਂਡ ਕਿਵੇਂ ਆ ਸ਼ਾਮਲ ਹੋਇਆ?*

ਹੁੰਦਲ : ਕਾਲਜ ਵਿਚ 1952-53 ਵਿਚ ਮੇਰਾ ਵਾਹ ਐਸ.ਐਫ਼.ਆਈ. ਦੇ ਵਰਕਰਾਂ ਨਾਲ ਪਿਆ। ਧਾਰਮਕ ਪਰਵਾਰ ਵਿਚੋਂ ਹੋਣ ਕਰ ਕੇ ਮੈਂ ਕਈ ਮਹੀਨੇ ਉਨ੍ਹਾਂ ਨਾਲ ਇੱਟ ਖੜੱਕਾ ਲੈਂਦਾ ਰਿਹਾ ਪਰ ਅਖੀਰ ਮੈਂ ਪ੍ਰੀਤ ਲੜੀ ਪੜ੍ਹਨ ਲੱਗ ਪਿਆ। ਹੌਲੀ ਹੌਲੀ ਹੋਰ ਅਗਾਂਹ ਵਧੂ ਪੁਸਤਕਾਂ ਦੀ ਚੇਟਕ ਲੱਗ ਗਈ। ਬੀ.ਏ. ਤੀਕ ਮੈਂ ਕਾਲਜ ਦੇ ਰਸਾਲੇ 'ਰਣਧੀਰ' ਦਾ ਸੰਪਾਦਕ ਬਣ ਗਿਆ। ਫਿਰ ਨੌਕਰੀ ਮਿਲ ਗਈ ਅਤੇ 1957-58 ਵਿਚ ਫਗਵਾੜੇ ਰਾਮਗੜ੍ਹੀਆ ਟਰੇਨਿੰਗ ਕਾਲਜ ਵਿਚ ਅਵਤਾਰ ਸਿੰਘ ਜੰਡਿਆਲਵੀ, (ਸੰਪਾਦਕ ਹੁਣ) ਤੇ ਸੁਰਿੰਦਰ ਗਿੱਲ ਦੀ ਸੰਗਤ ਵਿਚ ਕਵਿਤਾ ਲਿਖਣ ਲੱਗਾ ਪਿਆ। ਤੇਰਾ ਸਿੰਘ ਚੰਨਾ ਹੋਰਾਂ ਨੇ ਇਥੇ ਗਿਆਨੀ ਕਾਲਜ ਖੋਲ੍ਹਿਆ ਤੇ ਸਾਹਿਤ ਸਭਾ ਬਣਾਈ, ਜਿਥੇ ਅਸੀਂ ਤਿੰਨੇ ਮਿੱਤਰ ਕਵਿਤਾਵਾਂ ਪੜ੍ਹਨ ਤੇ ਆਲੋਚਨਾ ਕਰਨ ਜਾਂਦੇ ਰਹੇ। ਹਰ ਮਹੀਨੇ ਜਲੰਧਰ, ਪੰਜਾਬ ਬੁੱਕ ਸੈਂਟਰ ਵਿਚੋਂ ਰੂਸੀ ਕਿਤਾਬਾਂ ਖਰੀਦਣ ਜਾਂਦੇ ਤੇ ਬਾਅਦ ਵਿਚ ਕਾਫ਼ੀ ਹਾਊਸ ਲੇਖਕ ਮਿੱਤਰਾਂ ਨੂੰ ਮਿਲਦੇ ਗਿਲਦੇ।


ਹਰਭਜਨ ਸਿਘ ਹਦਲ ਆਪਣੀ ਜੀਵਨ ਸਾਥਣ ਨਾਲ

ਮੁਢਲੀਆਂ ਕਵਿਤਾਵਾਂ ਛਪਣ ਲਈ ਨਵਾਂ ਜ਼ਮਾਨਾ ਜਾਂਦੇ, ਜਿਥੇ ਸੁਹੇਲ ਤੇ ਰਘਬੀਰ ਨਾਲ ਮਿੱਤਰਤਾ ਪੈ ਗਈ। ਇਥੇ ਰਹਿੰਦੇ ਕਮਿਊਨਿਸਟ ਪਾਰਟੀ ਦਾ ਸਾਹਿਤ ਪੜ੍ਹਨ ਲੱਗ ਪਏ। ਹੌਲੀ ਹੌਲੀ ਅਰਥਾਤ 1972 ਵਿਚ ਜਦੋਂ ਪੰਜਾਬ ਵਿਚ ਵੱਖ ਵੱਖ ਟੀਚਰ ਗਰੁੱਪਾਂ ਦੀ ਏਕਤਾ ਹੋ ਗਈ ਤਾਂ ਮੈਂ ਗੌ. ਟੀ. ਯੂ. ਪੰਜਾਬ ਵਿਚ ਕੰਮ ਕਰਨ ਲੱਗ ਪਿਆ ਤੇ ਨਾਲ ਦੀ ਨਾਲ ਕਵਿਤਾ ਸੰਗ੍ਰਹਿ 'ਮਾਰਗ' (1965) ਛਪਵਾਇਆ। ਬੱਸ ਫਿਰ ਚੱਲ ਸੋ ਚੱਲ।

*ਅਧਿਆਪਕ ਅੰਦੋਲਨਾਂ 'ਚੋਂ ਕੀ ਖੱਟਿਆ ਤੇ ਕੀ ਗੁਆਇਆ?*

ਹੁੰਦਲ : ਖੱਟਿਆ ਹੀ ਖੱਟਿਆ, ਗੁਆਇਆ ਕੁੱਝ ਨਹੀਂ। ਅਧਿਆਪਕ ਅੰਦੋਲਨ ਵਿੱਚ ਸ਼ਾਮਲ ਹੋਣ ਨਾਲ ਜਥੇਬੰਦਕ ਸੂਝ ਤੇ ਤਜਰਬਾ ਪ੍ਰਾਪਤ ਕੀਤਾ। ਨਿੱਤ ਦੀਆਂ ਗ੍ਰਿਫਤਾਰੀਆਂ, ਨਜ਼ਰਬੰਦੀਆਂ ਤੇ ਮੁਅੱਤਲੀਆਂ ਨੇ ਮੇਰੀ ਸ਼ਖ਼ਸੀਅਤ ਨੂੰ ਹੋਰ ਵਧੇਰੇ ਵਿਕਸਿਤ ਕੀਤਾ। ਹੌਲੀ ਹੌਲੀ ਪੁਲਿਸ ਤੇ ਜੇਲ੍ਹ ਦਾ ਡਰ ਲਹਿੰਦਾ ਗਿਆ। ਜਥੇਬੰਦਕ ਤਜਰਬੇ ਨੇ ਹੋਰ ਵਧੇਰੇ ਪੜ੍ਹਨ ਦੀ ਲੋੜ ਦਰਸਾਈ ਅਤੇ ਮੇਰੇ ਦੋਸਤਾਂ ਤੇ ਪਾਠਕਾਂ ਦਾ ਘੇਰਾ ਫੈਲਦਾ ਗਿਆ। ਮੇਰੇ ਵਿੱਚ ਕਠਨ ਮਿਹਨਤ ਕਰਨ ਦੀ ਬੜੀ ਆਦਤ ਹੈ। ਔਖੇ ਤੋਂ ਔਖੇ ਕੰਮ ਨੂੰ ਹੱਥ ਪਾਉਣ ਤੇ ਸਿਰੇ ਚੜ੍ਹਾਉਣਾ ਮੇਰੀ ਪੱਕੀ ਆਦਤ ਬਣੀ ਹੋਈ ਹੈ। ਮੇਰੀ ਥੋੜ੍ਹੀ ਬਹੁਤੀ ਜੋ ਪ੍ਰਾਪਤੀ ਹੈ, ਉਹ ਮੇਰੀ ਮਿਹਨਤ ਤੇ ਮੇਰੀ ਸਿਰੜ ਕਾਰਨ ਹੈ। ਮੈਂ ਠੀਕ ਤੇ ਸੱਚੀ ਗੱਲ ਮੂੰਹ 'ਤੇ ਕਹਿ ਦਿੰਦਾ ਹਾਂ ਤੇ ਗੱਲਬਾਤ ਵਿੱਚ ਕਾਟਵੇਂ ਮਖੌਲ ਤੇ ਵਿਅੰਗ ਕਰਨ ਦੀ ਮੇਰੀ ਆਦਤ ਨੇ ਕਈ ਸ਼ੁੱਭ -ਚਿੰਤਕ ਰੁਸਾਏ ਵੀ ਹੋਣਗੇ।

ਮੇਰੀ ਅੱਧੀ ਤੋਂ ਬਹੁਤੀ ਉਮਰ ਥੁੜ੍ਹਾਂ, ਤੰਗੀਆਂ ਵਿਚ ਲੰਘੀ ਹੈ। ਉਮਰ ਦੇ ਆਖਰੀ ਸਾਲਾਂ ਵਿਚ ਆ ਕੇ ਹੁਣ ਮੈਂ ਤੰਗੀਆਂ ਤੁਰਸ਼ੀਆਂ ਤੋਂ ਕਾਫ਼ੀ ਮੁਕਤ ਹੋ ਗਿਆ ਹਾਂ ਪਰ ਮੇਰੀਆਂ ਆਦਤਾਂ ਨਹੀਂ ਬਦਲੀਆਂ। ਮੈਂ ਨੌਕਰੀ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ 'ਚਿਰਾਗ' ਤਿਮਾਹੀ ਦੀ ਸੰਪਾਦਨਾ ਦੀ ਜ਼ੁੰਮੇਵਾਰੀ ਕਾਫ਼ੀ ਝਿਜਕਦੇ ਝਿਜਕਦੇ ਪ੍ਰਵਾਨ ਕੀਤੀ ਸੀ। ਪਰ ਬਾਅਦ ਵਿੱਚ ਫਿਕਰਮੰਦੀ ਕਾਰਨ ਮੈਂ ਇਸ ਪ੍ਰਤੀ ਏਨਾ ਚਿੰਤਾਤੁਰ ਹੋ ਗਿਆ ਕਿ ਇਸ ਨੂੰ ਪੱਕੇ ਪੈਰੀਂ ਕਰਨ ਲਈ ਕੰਮ ਕੀਤਾ। ਅਸਾਂ ਕੋਲੋਂ ਇੱਕ ਪੈਸਾ ਨਹੀਂ ਪਾਇਆ ਤੇ ਘਾਟਾ ਵੀ ਨਹੀਂ ਖਾਧਾ। ਭਾਵੇਂ ਸਾਰੀ ਜ਼ੁੰਮੇਵਾਰੀ ਸੰਪਾਦਕੀ ਮੰਡਲ ਦੀ ਸਾਂਝੀ ਹੈ, ਪਰ ਉਨ੍ਹਾਂ ਇਸ ਕੰਮ ਵਿਚ ਕਦੇ ਕੋਈ ਅੜਿੱਕਾ ਨਹੀਂ ਪਾਇਆ ਤੇ ਹਮੇਸ਼ਾ ਮੇਰਾ ਸਾਥ ਦਿੱਤਾ ਹੈ।

*ਮਾਰਕਸਵਾਦੀ ਹੋਣ ਕਾਰਨ ਸਾਹਿਤਕ ਖੇਤਰ ਵਿੱਚ ਕਈ ਅੜਿੱਕੇ ਆਏ ਹੋਣਗੇ?*

ਹੁੰਦਲ : ਮਾਰਕਸਵਾਦੀ ਸੰਸਾਰ ਦ੍ਰਿਸ਼ਟੀਕੋਣ ਅਤੇ ਖੱਬੀ ਰਾਜਨੀਤੀ ਪ੍ਰਤੀ ਮੇਰੀ ਨਿਰੰਤਰ ਵਚਨਬੱਧਤਾ ਕਾਰਨ, ਸਾਹਿਤਿਕ ਖੇਤਰ ਵਿੱਚ ਮੈਨੂੰ ਬਹੁਤ ਵਾਰੀ ਕਈ ਤਰ੍ਹਾਂ ਦਾ ਨੁਕਸਾਨ ਉਠਾਉਣਾ ਪਿਆ ਹੈ, ਪਰ ਮੈਂ ਆਪਣੀ ਜ਼ਮੀਰ ਨੂੰ ਕਾਇਮ ਰੱਖਿਆ ਹੈ। ਸਾਹਿਤ ਦੀ ਸਮਾਜਿਕ ਜ਼ੁੰਮੇਵਾਰੀ ਦੇ ਵਿਰੋਧੀ ਆਲੋਚਕ ਮੇਰੀ ਕੀਤੀ ਸਾਹਿਤਿਕ ਘਾਲਣਾ ਨੂੰ ਜਾਣ ਬੁੱਝ ਕੇ ਅਣਡਿੱਠ ਕਰਦੇ ਰਹੇ ਹਨ ਤੇ ਜੇ ਕਦੇ ਉਨ੍ਹਾਂ ਨੂੰ ਮੇਰਾ ਜ਼ਿਕਰ ਕਰਨਾ ਵੀ ਪੈ ਜਾਵੇ ਤਾਂ ਸਦਾ ਹੀ ਘਟਾ ਕੇ ਕਰਦੇ ਹਨ। ਬਹੁਤ ਵਾਰ ਮੇਰੇ ਨਾਂ ਨੂੰ ਸਾਹਿਤ ਤੇ ਕਵਿਤਾ ਵਿੱਚੋਂ ਖਾਰਜ ਕਰ ਕੇ ਸੰਤੁਸ਼ਟ ਹੁੰਦੇ ਹਨ। ਪਰ ਮੈਂ ਨਾ ਅਜਿਹੇ ਵਿਦਵਾਨਾਂ ਨਾਲ ਸਮਝੌਤਾ ਕਰ ਸਕਦਾ ਹਾਂ ਤੇ ਨਾ ਹੀ ਆਪਦੇ ਵਿਚਾਰਾਂ ਨੂੰ ਛਡਣ ਲਈ ਤਿਆਰ ਹਾਂ। ਲੇਖਕ ਆਪਦੇ ਵਿਚਾਰਾਂ ਦੇ ਸਹਾਰੇ ਹੀ ਆਪਣੇ ਸਾਹਿਤਿਕ ਸਥਾਨ ਦੀ ਪ੍ਰਾਪਤੀ ਕਰਦਾ ਹੈ। 'ਚੁਫੇਰੇ-ਗੜ੍ਹੀਏ' ਵਕਤੀ ਲਾਭ ਤਾਂ ਪ੍ਰਾਪਤ ਕਰ ਲੈਂਦੇ ਹਨ, ਪਰ ਅੰਤ ਉਨ੍ਹਾਂ ਦੇ ਢੋਲ ਦਾ ਪੋਲ ਨੰਗਾ ਹੋ ਜਾਂਦਾ ਹੈ। ਸਾਹਿਤ ਵਿੱਚ ਸੁਹਿਰਦਤਾ ਦੀ ਬੜੀ ਲੋੜ ਹੈ ਅਤੇ ਸਾਧਨਾ ਦੀ ਵੀ। ਇਸ ਖੇਤਰ ਵਿੱਚ ਰਾਤੋ ਰਾਤ ਕੋਈ ਪ੍ਰਾਪਤੀ ਨਹੀਂ


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

**19 Years Road Experience**
**15 Hours in Class Room & 10 Hours in Car Package Available**

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

**Gurmail Dhaliwal (Garry)**
**780-265-6990**



**2019 61st St NW, Edmonton, AB, T6L 1M5**
**Tel: 780-265-6990 Fax: 780-461-6990**
**Email: elitedriving@hotmail.com, www.elitedrivingschoolltd.ca**

ਹੁੰਦੀ। ਨਵੀਂ ਲਿਖੀ ਰਚਨਾ ਕੁੱਝ ਦੇਰ ਲਈ ਤਸੱਲੀ ਦਿੰਦੀ ਹੈ ਪਰ ਛੇਤੀ ਹੀ ਫਿਰ ਅਚਵੀ ਜੇਹੀ ਲੱਗ ਜਾਂਦੀ ਹੈ ਤੇ ਨਵੀਂ ਰਚਨਾ ਲਈ ਮਨ ਬਿਹਬਲ ਹੋ ਉੱਠਦਾ ਹੈ:

*ਕਿੰਨੇ ਸ਼ਿਅਰ ਕਹੇ ਅੱਜ ਤੀਕਰ, ਪਰ ਨਾ ਆਇਆ ਰੱਜ*
*ਹਰ ਮਿਸਰੇ ਤੇ ਲਿਖ ਦਿੰਦਾ ਹਾਂ, "ਸੁਪਨੇ ਤੇ ਸੰਗਰਾਮ"*

ਕਲਾ ਦੇ ਖੇਤਰ ਵਿੱਚ ਆਖਰੀ ਪੜਾਅ ਜਾਂ ਮੁਕਾਮ ਕਿਤੇ ਨਹੀਂ ਆਉਂਦਾ ਤੇ ਹਰ ਕਲਾਕਾਰ ਦਾ ਅਨੁਭਵ ਤੇ ਉਸ ਦਾ ਪ੍ਰਗਟਾ-ਢੰਗ ਵੱਖਰਾ ਹੁੰਦਾ ਹੈ। ਇਹੀ ਗੁਣ ਉਸ ਨੂੰ ਦੂਸਰਿਆਂ ਨਾਲੋਂ ਵਖਰਿਆਉਂਦਾ ਹੈ।

ਕਲਾਕਾਰ ਕਦੇ ਬੁੱਢਾ ਨਹੀਂ ਹੁੰਦਾ। ਉਮਰ ਦੇ ਬੀਤਣ ਨਾਲ ਉਸ ਵਿੱਚ ਪਰਿਪੱਕਤਾ ਵਧਦੀ ਜਾਂਦੀ ਹੈ ਤੇ ਨਾਲ ਹੀ ਰਚਨਾ ਵਿਚਲੀ ਡੂੰਘਾਈ ਵੀ, ਬਸ਼ਰਤੇ ਕਿ ਉਹ ਜਨ-ਜੀਵਨ ਨਾਲ ਜੁੜਿਆ ਰਹੇ।

ਜੱਥੇਬੰਦਕ ਅਨੁਭਵ ਨੇ ਮੇਰੀ ਕਵਿਤਾ ਤੇ ਵਾਰਤਕ ਵਿੱਚ ਅਨੁਭਵ ਦੀ ਪ੍ਰਮਾਣਿਕਤਾ ਲਿਆਂਦੀ ਹੈ ਤੇ ਮੈਂ ਇਸ ਨੂੰ ਆਮ ਲੋਕਾਂ ਦੇ ਸੁਪਨਿਆਂ, ਤਾਘਾਂ, ਜਿੱਤਾਂ ਹਾਰਾਂ ਤੇ ਮਾਨਸਿਕ ਬੁਲੰਦੀਆਂ ਨਾਲ ਜੋੜ ਕੇ, ਇਸ ਵਿੱਚ ਸਾਰਥਕ ਅਰਥ ਭਰੇ ਹਨ।

ਭਵਿੱਖ ਦੇ ਸੁਹਾਣੇ ਤੇ ਰਾਂਗਲੇ ਸੁਪਨਿਆਂ ਦੀ ਤਾਂਘ ਜਗਾ ਦੇਣਾ ਮੇਰੀ ਕਲਾ ਦਾ ਅਕੀਦਾ ਤੇ ਆਦਰਸ਼ ਬਣੇ ਰਹੇ ਹਨ। ਮੈਂ ਸਾਰੀ ਉਮਰ ਇਨ੍ਹਾਂ ਸੁਪਨਿਆਂ ਵਿੱਚ ਵੰਨ-ਸੁਵੰਨੇ ਰੰਗ ਭਰਦਾ ਰਿਹਾ ਹਾਂ। ਮੇਰੀ ਕਵਿਤਾ ਤੇ ਵਾਰਤਕ ਮੇਰੇ ਜੀਵਨ ਦੇ ਸੰਘਰਸ਼ਾਂ ਵਿਚੋਂ ਹੀ ਉਪਜੀ ਹੈ। ਇਸੇ ਕਾਰਨ ਸੰਘਰਸ਼ ਮੇਰੀ ਹਰ ਰਚਨਾ ਵਿੱਚ, ਆਏ ਦਿਨ ਲੂਣ ਵਾਂਗ ਸਮੋਇਆ ਹੋਇਆ ਮਿਲਦਾ ਹੈ। ਆਪਣੇ ਸਮਕਾਲੀਆਂ ਨਾਲੋਂ ਮੇਰੀ ਵੱਖਰੀ ਪਛਾਣ ਦਾ ਇਹੀ ਰਾਜ਼ ਹੈ :

*ਜੁਝਦੇ ਹੋਏ ਲਹੂ ਦਾ ਕਿੱਸਾ ਸੁਣਾਉਂਦੇ ਰਹੀਦਾ*
*ਪੌਣ ਦੀ ਝੋਲੀ 'ਚ ਖੁਸ਼ਬੂ, ਗੀਤ, ਪਾਉਂਦੇ ਰਹੀਦਾ।*
*ਜਿਹੜਿਆਂ ਬਾਗਾਂ 'ਚ ਪਹਿਰਾ ਹਰ ਘੜੀ ਭੈ ਦਾ ਰਿਹਾ*
*ਆਉਣਗੇ ਪੰਛੀ ਤੇ ਆ ਕੇ ਆਹਲਣੇ ਲਟਕਾਉਣਗੇ।*

ਮਨੁੱਖ ਹਮੇਸ਼ਾ ਸੁਪਨਿਆਂ ਦੀ ਪੂਰਤੀ ਲਈ ਜੂਝਦਾ ਆਇਆ ਹੈ ਤੇ ਚੰਗੇਰੇ ਜੀਵਨ ਦੀ ਤਾਂਘ ਲਈ ਕੁਰਬਾਨੀਆਂ ਕਰਦਾ ਰਿਹਾ ਹੈ:

*ਸਾਡੇ ਹਿਰਦੇ ਅੰਦਰ ਮਘਦਾ, ਖੁਸ਼ਬੂਆਂ ਦਾ ਸੁਪਨਾ*
*ਏਹੋ ਸੁਪਨਾ ਚਾੜ੍ਹੀ ਰਖਦਾ, ਸਾਨੂੰ ਸਦਾ ਖੁਮਾਰੀ।*
*ਮੰਨਦਾਂ, ਕੀਤੀ ਸੰਧੂਰੀ ਸੁਪਨਿਆਂ ਦੀ ਆਰਜ਼ੂ*
*ਸੁਪਨਿਆਂ ਦਾ ਰੰਗ ਗੂੜ੍ਹਾ, ਹੋਰ ਕਰ ਜਾਵਾਂਗਾ ਮੈਂ।*

ਮੇਰੀ ਹਰ ਕਵਿਤਾ ਤੇ ਲਿਖਿਆ ਹਰ ਹਰਫ ਇਨ੍ਹਾਂ ਹੀ ਉਕਤ ਸੁਪਨਿਆਂ ਦੀ ਪੂਰਤੀ ਲਈ ਲਿਖੀਦਾਂ ਰਿਹਾ ਹੈ। ਇਸ ਉਚੇਰੇ ਮਨੁੱਖੀ ਕਾਰਜ ਵਿੱਚ ਮੈਂ ਸਫ਼ਲ ਹੋਇਆ ਜਾਂ ਨਹੀਂ ਹੋਇਆ, ਇਸ ਬਾਰੇ ਮੇਰਾ ਕੋਈ ਦਾਅਵਾ ਨਹੀਂ ਹੈ। ਮੈਂ ਏਨਾ ਹੀ ਕਹਿ ਸਕਦਾ ਹਾਂ ਕਿ ਆਪਦੇ ਵਲੋਂ ਮੈਂ ਵਿੱਤੋਂ ਬਾਹਰੀ ਕੋਸ਼ਿਸ਼ ਕੀਤੀ ਹੈ।

*ਸਮਾਜਿਕ ਤਬਦੀਲੀ 'ਚ ਕਵਿਤਾ ਦਾ ਕਿੰਨਾ ਕੁ ਦਖਲ ਹੁੰਦਾ ਹੈ?*

ਹੁੰਦਲ : ਭਵਿੱਖ ਦੇ ਸੁਨਹਿਰੀ ਸੁਪਨੇ ਜਨ-ਸਮੂਹ ਦੀ ਦਖਲ-ਅੰਦਾਜ਼ੀ ਨਾਲ ਹੀ ਪੂਰੇ ਹੁੰਦੇ ਹਨ। ਇਸੇ ਕਾਰਨ ਮੇਰੀ ਰਚਨਾ ਪਾਠਕ ਤੇ ਸਰੋਤੇ ਨੂੰ ਸੰਘਰਸ਼ ਵਿੱਚ ਭਰੋਸਾ ਰੱਖਣ ਦੀ ਪ੍ਰੇਰਨਾ ਦਿੰਦੀ ਆਈ ਹੈ। ਸਮਾਜਿਕ-ਪਰਿਵਰਤਨ ਕਿਸੇ ਇਕੱਲੇ-ਕਾਰੇ ਸੂਰਮੇ, ਆਗੂ ਜਾਂ ਪ੍ਰਤਿਭਾ ਦਾ ਕੀਤਾ ਕ੍ਰਿਸ਼ਮਾ ਨਹੀਂ ਹੁੰਦਾ। ਇਹ ਆਮ ਲੋਕ ਹੀ ਹੁੰਦੇ ਹਨ, ਜੋ ਨਰੋਏ ਵਿਚਾਰਾਂ ਦੀ ਪਕੜ ਕਾਰਨ, ਜੁਝਾਰੂ ਲੀਡਰਸ਼ਿਪ ਅਧੀਨ, ਨਿਰੰਤਰ ਜੂਝਦੇ ਕ੍ਰਾਂਤੀ ਲਿਆਉਂਦੇ ਹਨ। ਕਵਿਤਾ ਇਸ ਕਾਰਜ ਵਿੱਚ ਆਗੂ ਰੋਲ ਨਹੀਂ ਨਿਭਾਉਂਦੀ, ਸਗੋਂ ਸਹਾਇਕ ਵਜੋਂ ਹੱਥ ਵਟਾਉਂਦੀ, ਪ੍ਰੇਰਿਤ ਕਰਦੀ ਤੇ ਪ੍ਰਭਾਵਿਤ ਕਰਦੀ ਆਈ ਹੈ। ਮੇਰੀ ਕਵਿਤਾ ਨੇ ਆਪਣੀਆਂ ਸੀਮਾਵਾਂ ਸਮੇਤ, ਇਹੀ ਨਿਮਾਣਾ ਜਿਹਾ ਕਾਰਜ ਨਿਭਾਇਆ ਹੈ ਤੇ ਇਹ ਮੇਰੀ ਸ਼ਰਮਿੰਦਗੀ ਦਾ ਨਹੀਂ, ਸਗੋਂ ਗੌਰਵ ਦਾ ਹੀ ਕਾਰਨ ਬਣੀ ਹੈ :

*ਜੇ ਕਵਿਤਾ ਨੇ ਕਾਤਿਲ ਅੱਜ ਪਛਾਣੇ ਨਾ*
*ਪੁੱਛਣਗੇ; "ਇਹ ਜਿਊਂਦੀ ਸੀ, ਜਾਂ ਮੋਈ ਸੀ"*

ਜੰਗਨਾਮਾ ਪੰਜਾਬ ਵਿਚਲਾ ਮੇਰਾ ਇੱਕ ਬੰਦ ਏਸੇ ਹੀ, ਕਲਾਤਮਿਕ ਤੇ ਸਮਾਜਿਕ ਜ਼ੁੰਮੇਵਾਰੀ ਵੱਲ ਸੰਕੇਤ ਕਰਦਾ ਹੈ :

*ਹੌਲੀ ਹੌਲੀ ਨਿਰਭੈ ਹੋ ਜਾਏ ਬੰਦਾ*
*ਦਰਦ ਹੱਸਦੇ ਹੱਸਦੇ ਸਹੀਦਾ ਏ।*
*ਕਹਿਣਾ ਪਵੇ ਜੇ ਕੁਫਰ ਦੀ ਰਾਤ ਕਾਲੀ*
*ਕੌੜਾ ਸੱਚ ਨਿਤਾਰ ਕੇ ਕਹੀਦਾ ਏ*
*ਕਾਲੀ ਰਾਤ ਜਗਾਈਦੇ ਜਦੋਂ ਦੀਵੇ*
*ਖਤਰਾ ਬਹੁਤ ਵਾਰੀ ਮੁੱਲ ਲਈਦਾ ਏ*
*ਸ਼ਾਹ ਮੁਹੰਮਦਾ, ਚੁੰਮੀਏ ਹੱਥ ਤੇਰੇ*
*ਸੁੱਚੇ ਸੁਖਨ ਨੂੰ ਦਗਾ ਨਾ ਦੇਈਦਾ ਏ।*

ਪਰ ਸਮਾਜਿਕ ਪਰਿਵਰਤਨ ਦੀ ਇਹ ਲੜਾਈ ਲੰਮੇਰੀ ਵੀ ਹੈ ਤੇ ਬਿਖੜੀ ਵੀ। ਇਹਦੇ ਲਈ ਕਈ ਕਲਮਾਂ, ਕਈ ਬੁਰਸ਼ ਤੇ ਅਣਗਿਣਤ ਹਥੌੜੀਆਂ, ਛੈਣੀਆਂ ਤੇ ਰੰਗਾਂ ਦੀ ਲੋੜ ਹੈ। ਇਹ ਮੇਰੇ ਵਰਗੇ ਕਿਸੇ ਇਕੱਲੇ ਕਾਰੇ ਕਵੀ ਦਾ ਕੰਮ ਨਹੀਂ ਹੈ। ਪਰ ਸੰਘਰਸ਼ ਦੀ ਗੱਲ ਨੂੰ ਨਿਰੰਤਰ ਤੋਰੀ ਰੱਖਿਆ ਹੈ। ਕਿਉਂਕਿ :

*ਸਾਡਾ ਯੁੱਧ, ਕੋਈ ਹੈ ਨਹੀਂ ਦਿਹਾੜੀ ਡੰਗ ਦਾ*
*ਅਸਾਂ ਸਿੱਝਣਾ ਲੁਟੇਰਿਆਂ ਹੈ ਸਾਰਿਆਂ ਦੇ ਨਾਲ।*

ਸੰਖੇਪ ਵਿਚ, ਸਿਰਜਣਾਤਮਿਕ ਤੌਰ 'ਤੇ ਬਦਲਦੇ ਪ੍ਰਸੰਗਾਂ ਅਤੇ ਪ੍ਰਸਿਥਤੀਆਂ ਵਿੱਚ ਮੈਂ ਪ੍ਰਗਤੀਵਾਦੀ ਸਾਹਿਤ-ਸਿਧਾਂਤਾਂ ਨੂੰ ਹਾਸ਼ੀਏ ਵੱਲ ਧੱਕੇ ਨਹੀਂ ਜਾਣ ਦਿੱਤਾ। ਏਸੇ ਗੱਲ ਵਿੱਚ ਮੇਰੀ ਅੰਸ਼ਕ ਮਾਤਰ ਸਫ਼ਲਤਾ ਦੇ ਰਾਜ਼ ਨੂੰ ਸਮਝਿਆ ਜਾ ਸਕਦਾ ਹੈ।

*ਆਪਣੀ ਸਮੁੱਚੀ ਕਾਵਿ-ਰਚਨਾ ਨੂੰ ਵੇਖਦੇ ਹੋਏ ਤੁਸੀਂ ਖ਼ੁਦ ਕਿਵੇਂ ਅਨੁਭਵ ਕਰਦੇ ਹੋ?*

ਹੁੰਦਲ : ਇਸ ਪ੍ਰਸ਼ਨ ਦਾ ਠੀਕ ਉਤਰ ਸ਼ਾਇਦ ਮੈਂ ਕਦੇ ਵੀ ਨਹੀਂ ਦੇ ਸਕਦਾ। ਹਰ ਚੰਗੀ ਤੋਂ ਚੰਗੀ ਰਚਨਾ ਕੁੱਝ ਦੇਰ ਲਈ ਸੰਤੁਸ਼ਟੀ ਦਿੰਦੀ ਹੈ ਤੇ ਫਿਰ ਛੇਤੀ ਹੀ, ਇਸ ਤੋਂ ਉਪਰਾਮ ਹੋ, ਨਵੀਂ ਰਚਨਾ ਕਰਨ ਲਈ ਉਤਸੁਕ ਜਾਂ ਪ੍ਰੇਰਿਤ ਹੋ ਜਾਈਦਾ ਹੈ। ਉਂਝ ਸਮੁੱਚੀ ਰਚਨਾ ਵੱਲ ਇੱਕ ਓਪਰੇ ਕਵੀ ਵਾਂਗ ਤੱਕਦਿਆਂ ਕੋਈ ਸ਼ਰਮਿੰਦਗੀ ਨਹੀਂ ਹੁੰਦੀ ਤੇ ਆਖੀਦਾ ਹੈ ਕਿ ਬਦਲਦੇ ਸਮਕਾਲੀ ਯਥਾਰਥ ਨੂੰ ਸਮਝਣ ਵਿੱਚ ਮੈਂ ਗੰਭੀਰ ਗਲਤੀਆਂ ਨਹੀਂ ਕੀਤੀਆਂ ਅਤੇ ਪ੍ਰਯੋਗਵਾਦ, ਨਕਸਲਵਾਦ, ਹਿੰਦ-ਚੀਨ ਜੰਗ, ਐਮਰਜੈਂਸੀ, ਪੰਜਾਬ ਸੰਕਟ ਤੇ ਵਿਸ਼ਵੀਕਰਨ ਦੇ ਵਰਤਾਰਿਆਂ ਨੂੰ ਸਮਝਣ ਤੇ ਪੇਸ਼ ਕਰਨ ਵੇਲੇ ਵੱਡੇ ਭੁਲੇਖੇ ਨਹੀਂ ਖਾਧੇ।

*ਖੜੋਤ ਦੀ ਅਵਸਥਾ ਕਵੀ ਲਈ ਕੀ ਹੁੰਦੀ ਹੈ?*

ਹੁੰਦਲ : ਕਵੀ ਵਾਰ ਸਮਾਜਿਕ ਰਾਜਸੀ ਹਾਲਾਤ ਏਨੀ ਤੇਜ਼ੀ ਨਾਲ ਬਦਲਦੇ ਹਨ ਕਿ ਕਵੀ ਨੂੰ ਸਮਝ ਨਹੀਂ ਆਉਂਦੇ। ਬਦਲਦੇ ਯਥਾਰਥ ਨੂੰ ਸਮਝਣ ਤੇ ਗ੍ਰਹਿਣ ਕਰਨ ਵਿੱਚ ਵਕਤ ਲੱਗਦਾ ਹੈ। ਪ੍ਰਤਿਭਾਸ਼ੀਲ ਕਵੀ ਗੱਲ ਨੂੰ ਛੇਤੀ ਪਕੜ ਲੈਂਦੇ ਹਨ। ਪਰ ਕਈ ਵਾਰ ਬਦਲਦੇ ਹਾਲਾਤ ਦੇ ਸਨਮੁੱਖ ਪ੍ਰਤਿਭਾ ਵੀ ਹਾਰ ਜਾਂਦੀ ਹੈ। ਮੈਕਸਿਮ ਗੋਰਕੀ ਨੂੰ ਰੂਸੀ ਕ੍ਰਾਂਤੀ (1917-18) ਸਾਲ ਭਰ ਸਮਝ ਨਹੀਂ ਸੀ ਆਈ। ਕਈ ਵਾਰ ਸਾਹਿਤ ਵਿੱਚ ਨਵੇਂ ਪ੍ਰਯੋਗ ਵੀ ਕਵੀ ਨੂੰ ਸਾਹਿਤ-ਧਾਰਾ ਨਾਲੋਂ ਪਿੱਛੇ ਛੱਡ ਜਾਂਦੇ ਹਨ। ਸਟਾਲਿਨ ਦੇ ਵਿਰੁਧ ਖੁਰੋਸ਼ਚੋਵ ਦੀ ਗੁਪਤ ਰਿਪੋਰਟ ਨੂੰ ਪੜ੍ਹ ਹਾਵਰਡ ਫਾਸਟ ਵਰਗੇ ਅਮਰੀਕੀ ਸਾਹਿਤ-ਚਿੰਤਕ ਤੇ ਲੇਖਕ ਵੀ ਬੌਂਦਲ ਗਏ ਸਨ। ਸਾਡੇ ਪੰਜਾਬ ਵਿੱਚ ਅਤਿਵਾਦ ਦੀ ਚੜ੍ਹਤ ਵੇਲੇ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੂੰ ਵੀ ਟਪਲਾ ਲੱਗ ਗਿਆ ਸੀ ਤੇ ਉਹ ਖਾਲਿਸਤਾਨ ਨੂੰ 'ਆਇਆ ਕਿ ਆਇਆ' ਸਮਝਣ ਲੱਗ ਪਏ ਸਨ। ਖੜੋਤ ਵਿਚਾਰਾਂ ਦੇ ਵਿਕਾਸ ਨਾ ਕਰਨ ਨਾਲ ਆਉਂਦੀ ਹੈ।

*ਚਿਰਾਗ ਦੇ ਸੰਪਾਦਕ ਹੋਣ ਦੇ ਕੀ ਅਰਥ ਹਨ?*

ਹੁੰਦਲ : ਪਰਚੇ ਨੂੰ ਵਕਤ ਸਿਰ ਕੱਢਣ, ਇਸ ਦੇ ਆਮਦਨ ਤੇ ਖ਼ਰਚੇ ਦਾ ਪ੍ਰਬੰਧ ਕਰਨਾ, ਸਥਾਪਿਤ ਪੱਧਰ ਨੂੰ ਕਾਇਮ ਰੱਖਣਾ, ਪਰਚੇ ਨੂੰ ਨਿਰੰਤਰ ਜਾਰੀ ਰੱਖਣਾ, ਸਾਹਿਤ ਚਿੰਤਕ ਕਲਾ, ਭਾਸ਼ਾ ਤੇ ਸਭਿਆਚਾਰ ਦੇ ਖੇਤਰ ਵਿੱਚ ਪੇਸ਼ ਆ ਰਹੀਆਂ ਅੰਤਰ ਰਾਸ਼ਟਰੀ ਤੇ ਰਾਸ਼ਟਰੀ ਚੁਣੌਤੀਆਂ ਨੂੰ ਸਵੀਕਾਰ ਕਰਨਾ ਤੇ ਨਜਿੱਠਣਾ, ਪੰਜਾਬੀ ਭਾਸ਼ਾ, ਸਾਹਿਤ ਤੇ ਹੋਰ ਕੋਮਲ-ਕਲਾਵਾਂ ਦੇ ਉਠਦੇ ਜਥੇਬੰਦਕ ਮਸਲਿਆਂ ਲਈ ਜਥੇਬੰਦਕ ਲਹਿਰ ਉਸਾਰਨਾ, ਸੰਸਾਰ ਸਾਹਿਤ ਦੀ ਪ੍ਰਗਤੀਵਾਦੀ ਜੁਝਾਰੂ ਪਰੰਪਰਾ ਦੀਆਂ ਕਲਾਤਮਿਕ ਪ੍ਰਾਪਤੀਆਂ ਨੂੰ ਪੇਸ਼ ਕਰਨਾ, ਨਰੋਈਆਂ ਸਮਾਜਵਾਦੀ, ਧਰਮ ਨਿਰਪੱਖ ਤੇ ਜਮਹੂਰੀ ਕਦਰਾਂ-ਕੀਮਤਾਂ ਨੂੰ ਪੇਸ਼ ਕਰਨਾ ਆਦਿ ਕਿੰਨੇ ਕਾਰਜ ਹਨ, ਜੋ ਸਰ-ਅੰਜਾਮ ਦੇਣੇ ਹੁੰਦੇ ਹਨ। ਇਹ ਕੰਮ ਇੱਕ ਟੀਮ ਹੀ ਕਰ ਸਕਦੀ ਹੈ। ਸੰਸਾਰ ਸਾਹਿਤ ਦੇ ਉਤਮ ਨਮੂਨੇ ਆਪਣੀ ਭਾਸ਼ਾ ਵਿੱਚ ਪੇਸ਼ ਕਰਨ ਅਤੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਨਵੀਂ ਪ੍ਰਤਿਭਾ ਨੂੰ ਪਛਾਨਣ ਵਰਗੇ ਅਨੇਕ ਕਾਰਜ ਹਨ, ਜੋ ਸਿਰੇ ਚਾੜ੍ਹਨੇ ਹੁੰਦੇ ਹਨ। ਜੇ ਇਹ ਕਾਰਜ ਸੰਪਾਦਕ ਆਪਣੀ ਸਹਿਯੋਗੀ ਟੀਮ ਦੇ ਮਿਲਵਰਤਨ ਨਾਲ ਸਿਰੇ ਚੜ੍ਹਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦਾ ਆਪਣਾ ਵੀ ਬਿੰਬ ਉਜਾਗਰ ਹੁੰਦਾ ਹੈ ਪਰ self-projection ਵਰਗੇ ਖ਼ਤਰਿਆਂ ਤੋਂ ਬਚਣ ਦੀ ਲੋੜ ਹੁੰਦੀ ਹੈ। ਮੈਂ ਵੀ ਕਦੇ ਕਦੇ ਇਸ ਉਲਾਰ ਦਾ ਦਾ ਸ਼ਿਕਾਰ ਹੋ ਜਾਂਦਾ ਹਾਂ।

*ਤੁਸੀਂ ਜੀਵਨ ਭਰ ਸਿਖਿਆ ਦੇ ਖੇਤਰ ਨਾਲ ਜੁੜੇ ਰਹੇ ਹੋ। ਓਦੋਂ ਦੀ ਪੜ੍ਹਾਈ ਤੇ ਹੁਣ ਦੀ ਪੜ੍ਹਾਈ ਵਿਚ ਕੀ ਅੰਤਰ ਹੈ?*

ਹੁੰਦਲ : ਉਸ ਸਮੇਂ ਦੀ ਪੜ੍ਹਾਈ ਤੇ ਹੁਣ ਦੀ ਪੜ੍ਹਾਈ ਵਿਚ ਬੜਾ ਵੱਡਾ ਅੰਤਰ ਹੈ। ਪਿਛਲੇ ਦੋ ਦਹਾਕਿਆਂ ਵਿਚ ਵਿਦਿਅਕ ਖੇਤਰ ਵਿਚ ਹੋਈਆਂ ਤਕਨੀਕੀ ਖੋਜਾਂ ਨੇ ਸਾਰਾ ਕੁੱਝ ਬਦਲ ਦਿਤਾ ਹੈ। ਜੀਵਨ ਦੇ ਉਦੇਸ਼ ਵੀ ਬਦਲ ਗਏ ਹਨ। ਹੁਣ ਪ੍ਰਾਈਵੇਟ ਸਕੂਲ ਪੈਸੇ ਕਮਾਉਣ ਦਾ ਵੰਡਾ ਸੋਮਾ ਬਣ ਗਏ ਹਨ। ਵਿਦਿਅਕ ਖੇਤਰ ਵਿਚ ਪੂੰਜੀ ਪ੍ਰਧਾਨ ਹੋ ਗਈ ਹੈ। ਉਸ ਸਮੇਂ ਟੀਚਰ ਤੇ ਵਿਦਿਆਰਥੀ ਦਾ ਰਿਸ਼ਤਾ ਸਵਾਰਥ ਮੁਕਤ ਤੇ ਲਗਨ ਵਾਲਾ ਸੀ। ਹੁਣ ਪ੍ਰਾਈਵੇਟ ਟਿਊਸ਼ਨ ਪ੍ਰਧਾਨ ਹੋ ਗਈ ਹੈ।

*ਕੀ ਕਾਰਨ ਹੈ ਕਿ ਸਿਖਿਆ ਸੁਧਾਰਕ ਜਾਂ ਸਿਖਿਆ ਸ਼ਾਸਤਰੀ ਵਜੋਂ ਤੁਹਾਡੀ ਭੂਮਿਕਾ ਕਿਤੇ ਨਜ਼ਰੀਂ ਨਹੀਂ ਪੈਂਦੀ, ਜਦਕਿ ਸਾਡਾ ਵਿਦਿਅਕ ਢਾਂਚਾ ਨੁਕਸਾਂ ਨਾਲ ਭਰਿਆ ਪਿਆ ਹੈ?*

ਹੁੰਦਲ : ਮੈਂ 1972 ਤੋਂ ਲੈ ਕੇ 1992 ਤੀਕ ਸੇਵਾ ਮੁਕਤ ਹੋਣ ਤੀਕ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਚ ਇਕ ਜ਼ਿਲ੍ਹੇ ਪੱਧਰ ਦੇ ਆਗੂ ਵਜੋਂ ਕੰਮ ਕਰਦਾ ਰਿਹਾ ਹਾਂ। ਉਸ ਸਮੇਂ ਸਾਡਾ ਮੁੱਖ ਉਦੇਸ਼ ਅਧਿਆਪਕ ਵਰਗ ਦੀਆਂ ਜੀਵਨ ਹਾਲਤਾਂ ਨੂੰ ਬਿਹਤਰ ਬਣਾਉਣਾ ਤੇ ਅਧਿਆਪਕਾਂ ਨੂੰ ਅਫ਼ਸਰਸ਼ਾਹੀ ਦੇ ਜਬਰ ਤੋਂ ਬਚਾਉਣਾ ਹੁੰਦਾ ਸੀ। ਬਾਅਦ ਵਿਚ ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਜਥੇਬੰਦਕ ਸਰਗਰਮੀਆਂ ਵਿਚ ਰੁੱਝ ਗਿਆ ਤੇ ਨਾਲ ਦੀ ਨਾਲ ਆਪਣੀਆਂ ਰਚਨਾਤਮਿਕ ਸਰਗਰਮੀਆਂ ਜਾਰੀ ਰੱਖੀਆਂ।

*ਤੁਹਾਡੇ ਵਿਦਿਅਕ ਜੀਵਨ ਨਾਲ ਸਬੰਧਤ ਕੋਈ ਅਹਿਮ ਘਟਨਾਵਾਂ?*

ਹੁੰਦਲ : ਬਹੁਤ ਸਾਰੀਆਂ ਘਟਨਾਵਾਂ ਹਨ, ਜਿਨ੍ਹਾਂ ਨੂੰ ਮੈਂ 'ਮਿਡਲਾਂ' ਦੇ ਗਰੁੱਪ ਦੇ ਰੂਪ ਵਿਚ ਆਪਣੀ ਵਾਰਤਕ ਪੁਸਤਕ 'ਮੋਤੀਆਂ ਵਰਗੇ ਅੱਖਰ' ਵਿਚ ਸ਼ਾਮਲ ਕਰ ਦਿਤਾ ਹੈ। ਸੰਘਰਸ਼ ਲੜਦਿਆਂ ਵੰਨ ਸੁਵੰਨੇ ਅਫ਼ਸਰਾਂ, ਆਗੂਆਂ ਤੇ ਆਮ ਅਧਿਆਪਕਾਂ ਨਾਲ ਵਾਹ ਪੈਂਦਾ ਰਿਹਾ ਹੈ। ਇਕ ਘਟਨਾ ਦਸੱਦਾਂ। ਇਕ ਵਾਰ ਧਾਲੀਵਾਲ ਬੇਟ ਹਾਈ ਸਕੂਲ ਦੇ ਹੈਡ ਮਾਸਟਰ ਨੇ ਜ਼ਿੰਦ ਵਿਚ ਆ ਕੇ ਆਪਣੇ ਸਟਾਫ਼ ਦੇ ਕੁੱਝ ਮੈਂਬਰਾਂ ਦੀਆਂ ਵਾਰਸ਼ਿਕ ਗੁਪਤ ਰੀਪੋਰਟਾਂ ਖ਼ਰਾਬ ਕਰ ਦਿਤੀਆਂ। ਅਸੀਂ ਉਸ ਨੂੰ ਇਹ ਰੀਪੋਰਟਾਂ ਠੀਕ ਕਰਨ ਦਾ ਨੋਟਿਸ ਦਿਤਾ ਤੇ ਪਹਿਲਾਂ ਸਕੂਲ ਦੇ ਸਾਹਮਣੇ ਤੇ ਫਿਰ ਕਪੂਰਥਲੇ ਉਸ ਦੇ ਘਰ ਮੂਹਰੇ ਧਰਨਾ ਦਿਤਾ। ਧਰਨੇ ਦੀਆਂ ਖ਼ਬਰਾਂ ਪੜ੍ਹ ਸੁਣ ਕੇ, ਕਈ ਹੋਰ ਮੁੱਖ ਅਧਿਆਪਕਾਂ ਨੇ ਆਪਣੀਆਂ ਗਲਤ ਰੀਪੋਰਟਾਂ ਖ਼ੁਦ ਬ ਖ਼ੁਦ ਹੀ ਠੀਕ ਕਰ ਦਿਤੀਆਂ। ਇੰਝ ਸੰਘਰਸ਼ ਦੇ ਭੈਅ ਨਾਲ ਕਈ ਮਸਲੇ ਸੌਖੇ ਹੀ ਠੀਕ ਹੋ ਜਾਂਦੇ ਸਨ।

*ਤੁਹਾਡੇ ਸੱਤਾ ਵਿਰੋਧੀ ਸੰਘਰਸ਼ ਦੇ ਪ੍ਰਮੁੱਖ ਪ੍ਰੇਰਨਾ ਸਰੋਤ ਕੌਣ ਰਹੇ ਹਨ?*

ਹੁੰਦਲ : ਮੇਰਾ ਪਹਿਲਾ ਪ੍ਰੇਰਨਾ ਸਰੋਤ ਤਾਂ ਮੇਰੇ ਵਿਰਾਸਤੀ ਸ਼ਹੀਦ ਹੋਏ ਦੋਵੇਂ ਤਾਏ ਰਹੇ ਹਨ। ਨਾਲ ਦੀ ਨਾਲ ਪੰਜਾਬ ਦਾ ਜੁਝਾਰੂ ਸਿੱਖ ਇਤਿਹਾਸ ਅਤੇ ਤੀਸਰਾ ਤੇ ਸਭ ਤੋਂ ਪ੍ਰਭਾਵਸ਼ਾਲੀ ਮਾਰਕਸਵਾਦੀ ਵਿਸ਼ਵ ਫ਼ਲਸਫ਼ਾ ਹੈ। ਇਸ ਦੇ ਨਾਲ ਨਾਲ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਜੁਝਾਰੂ ਲੀਡਰਸ਼ਿਪ ਸੀ, ਜਿਸ ਵਿਚ ਕੰਮ ਕਰਦਿਆਂ ਮੈਂ ਟਰੇਡ ਯੂਨੀਅਨ ਦੇ ਸਿਧਾਂਤਾਂ ਦੀ ਸਿਖਿਆ ਲਈ। ਇਨ੍ਹਾਂ ਸਾਰੇ ਹੀ ਕਾਰਨਾਂ ਨੇ ਰਲ ਮਿਲ ਕੇ ਮੇਰੀ ਚੇਤਨਾ ਨੂੰ ਪਰਪੱਕ ਕੀਤਾ ਹੈ।

*ਤੁਸੀਂ ਪੁਲਿਸ ਜਬਰ ਦਾ ਟਾਕਰਾ ਕੀਤਾ, ਗ੍ਰਿਫ਼ਤਾਰੀਆਂ ਦਿਤੀਆਂ, ਜੇਲ੍ਹਾਂ ਕੱਟੀਆਂ ਪਰ ਸਾਹਿਤਕ ਜਗਤ ਵਿਚ ਇਸ ਸੂਰਮਗਤੀ ਦਾ ਸਿਹਰਾ ਕੁੱਝ ਨਕਸਲੀ ਕਵੀਆਂ ਸਿਰ ਹੀ ਬੰਨ੍ਹਿਆ ਜਾਂਦਾ ਹੈ। ਨਕਸਲੀ ਕਵੀ ਵੀ ਉਹ ਜਿਹੜੇ ਮਗਰੋਂ ਛੇਤੀ ਹੀ ਆਪਣੀ ਪ੍ਰਤੀਬੱਧਤਾ ਨੂੰ ਤਿਲਾਂਜਲੀ ਦੇ ਗਏ। ਕੀ ਤੁਹਾਨੂੰ ਲਗਦਾ ਹੈ ਕਿ ਇਹ ਸਾਰਾ ਵਿਹਾਰ ਸਿਰੇ ਦਾ ਪੱਖਪਾਤੀ ਅਤੇ ਉਲਾਰੂ ਹੈ?*

ਹੁੰਦਲ : ਮੈਂ ਇਸ ਬਾਰੇ ਕਦੇ ਇਸ ਢੰਗ ਨਾਲ ਸੋਚਿਆ ਨਹੀਂ। ਨਕਸਲੀਆਂ ਦਾ ਆਧਾਰ, ਸੰਭਵ ਹੈ, ਰਾਜਸੀ ਹੋਵੇ ਤੇ ਉਹ ਆਪਣੇ ਹੀ ਧੜੇ ਦੀ ਮਹਿਮਾ ਗਾਉਣ ਦੇ ਚਾਹਵਾਨ ਹੋਣ। ਮੇਰੇ ਸਾਹਿਤਕ ਸਿਰਜਣਾਤਮਕ ਕਾਰਜ ਵਿਚ, ਨਿਰੰਤਰਤਾ ਤੇ ਰਾਜਨੀਤਿਕ ਪ੍ਰਤੀਬੱਧਤਾ ਹੈ। ਹੁਣ ਵੀ ਜਦੋਂ ਕਦੇ, ਸਾਂਝੇ ਰਾਜਸੀ ਜਾਂ ਸਾਹਿਤਕ ਸਮਾਗਮਾਂ ਵਿਚ ਮੁਲਾਕਾਤ ਹੁੰਦੀ ਹੈ ਤਾਂ ਮੈਂ ਮਖੌਲ ਵਜੋਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਤੁਹਾਡੀ ਸੂਚੀ ਵਿਚ ਮੇਰਾ ਨਾਂ ਵੀ ਸ਼ਾਮਲ ਹੈ ਜਾਂ ਨਹੀਂ? ਤਾਂ ਉਹ ਸ਼ਰਮਿੰਦੇ ਹੋਏ ਆਖਦੇ ਹਨ ਕਿ 'ਹਾਂ ਹੈ'। ਇਸ ਵਰਤਾਰੇ ਦਾ ਅਸਲ ਕਾਰਨ ਇਹ ਹੈ ਕਿ ਮੁਢਲੇ ਰਾਜਸੀ ਪ੍ਰਭਾਵਾਂ ਤੋਂ ਬਾਅਦ ਮੈਂ 1978-79 ਵਿਚ ਸੀ.ਪੀ.ਆਈ. (ਐਮ) ਨਾਲ ਰਾਜਸੀ ਤੌਰ 'ਤੇ ਜੁੜ ਚੁੱਕਾ ਸੀ ਤੇ ਮੈਂ ਰਾਜਸੀ ਤੌਰ 'ਤੇ 1978 ਦੇ ਬੇਰੁਜ਼ਗਾਰ ਅਧਿਆਪਕਾਂ ਦੇ ਚੰਡੀਗੜ੍ਹ ਵਾਲੇ ਸੰਘਰਸ਼ ਦੌਰਾਨ ਚੰਡੀਗੜ੍ਹ 'ਚ ਗ੍ਰਿਫ਼ਤਾਰ ਰਹਿਣ ਸਮੇਂ ਅਜਿਹੀਆਂ ਕਵਿਤਾਵਾਂ ਲਿਖੀਆਂ ਸਨ, ਜੋ ਨਕਸਲਵਾਦੀਆਂ ਦੀ ਮਾਅਰਕੇਬਾਜ਼ ਸਿਆਸੀ ਸੇਧ ਦੇ ਉਲਟ ਸਨ। ਐਪਰ ਮੈਂ ਉਨ੍ਹਾਂ ਦੇ ਇਸ ਹੱਠੀ ਵਿਹਾਰ ਤੇ ਰਾਜਨੀਤਕ ਸੰਕੀਰਣ ਪਹੁੰਚ ਬਾਰੇ ਕਦੇ ਗਿਲਾ ਸ਼ਿਕਵਾ ਨਹੀਂ ਕੀਤਾ। ਉਨ੍ਹਾਂ ਦੀ ਮੇਰੇ ਪ੍ਰਤੀ ਪਹੁੰਚ ਅਜੇ ਵੀ ਉਹੀ ਹੈ ਤੇ ਮੈਨੂੰ ਇਸ ਦਾ ਅਫ਼ਸੋਸ ਵੀ ਕੋਈ ਨਹੀਂ ਹੈ। ਸਾਹਿਤ ਵਿਚ ਮੇਰਾ ਸਥਾਨ, ਮੇਰੀ ਰਚਨਾ ਦੇ ਆਧਾਰ ਉਤੇ ਨਿਸ਼ਚਿਤ ਹੋਣਾ ਹੈ, ਨਾ ਕਿ ਕਿਸੇ ਦੀ ਸਿਫ਼ਾਰਸ਼ ਜਾਂ ਕ੍ਰਿਪਾਲਤਾ ਨਾਲ।

*ਤੁਸੀਂ ਵਿਰੋਧ ਦੀ ਲਹਿਰ ਵਿਚ ਵਧੇਰੇ ਕਰ ਕੇ ਅਧਿਆਪਕ ਵਰਗ, ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਜਮਹੂਰੀ ਅਧਿਆਪਕਾਂ ਦੀ ਰਖਵਾਲੀ ਤੇ ਬਹਾਲੀ ਦੇ ਮੰਚਾਂ ਉਤੇ ਸੰਘਰਸ਼ ਕਰਦੇ ਰਹੇ ਹੋ। ਕੀ ਇਨ੍ਹਾਂ ਮੰਚਾਂ ਤੋਂ ਤੁਹਾਡੀ ਦੇਣ ਦਾ ਯੋਗ ਮੁਲਾਂਕਣ ਕੀਤਾ ਗਿਆ ਹੈ?*

ਹੁੰਦਲ : ਮੈਂ ਇਸ ਬਾਰੇ ਕਦੇ ਇਸ ਦ੍ਰਿਸ਼ਟੀਕੋਣ ਤੋਂ ਸੋਚਿਆ ਨਹੀਂ ਹੈ। ਉਂਝ ਕੇਂਦਰੀ ਪੰਜਾਬੀ ਲੇਖਕ ਸਭਾ ਨੇ 2008 ਵਿਚ ਮੈਨੂੰ ਸਭਾ ਦੀਆਂ ਸਰਗਰਮੀਆਂ ਕਾਰਨ ਗਿਆਨੀ ਹੀਰਾ ਸਿੰਘ ਦਰਦ ਪੁਰਸਕਾਰ ਨਾਲ ਸਨਮਾਨਤ ਕੀਤਾ ਸੀ। ਗੌ.ਟੀ.ਯੂ. ਵਿਚ ਅਜਿਹੀ ਕੋਈ ਪ੍ਰੰਪਰਾ ਨਹੀਂ ਹੈ ਪਰ ਮੁੱਖ ਗੱਲ ਇਹ ਹੈ ਕਿ ਮੈਂ ਸਨਮਾਨਤ ਹੋਣ ਲਈ ਕਦੇ ਖ਼ੁਦ ਜਾ ਕੇ ਅਜਿਹੀ ਤ੍ਰਿਸ਼ਨਾ ਦਾ ਪ੍ਰਗਟਾਵਾ ਵੀ ਨਹੀਂ ਕੀਤਾ।

*ਕੀ ਤੁਹਾਡੇ ਅੰਦਰਲਾ ਲੇਖਕ ਸੰਗਰਾਮੀ ਬਣਿਆ, ਜਾਂ ਕੋਈ ਸੰਗਰਾਮੀ ਸੀ, ਜੋ ਤੁਹਾਡੇ ਅੰਦਰ ਲੇਖਕ ਹੋ ਨਿਬੜਿਆ?*

ਹੁੰਦਲ : ਇਸ ਬਾਰੇ ਮੈਂ ਸਪੱਸ਼ਟ ਭਾਂਤ ਤਾਂ ਨਹੀਂ ਕਹਿ ਸਕਦਾ। ਲਿਖਣ ਮੈਂ ਪਹਿਲਾਂ ਲੱਗਾ, ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਮੇਰਾ ਹੌਲੀ ਹੌਲੀ ਵਿਕਸਿਤ ਹੋਇਆ ਪਰ ਹੈਰਾਨੀ ਹੈ ਕਿ ਮੈਂ ਤਾਂ ਆਰੰਭ ਤੋਂ ਹੀ ਪ੍ਰਗਤੀਵਾਦੀ ਸਾਹਿਤਕ ਲਹਿਰ ਦੇ ਸਿੱਧੇ ਪ੍ਰਭਾਵ ਹੇਠ ਲਿਖਣ ਲੱਗਾ ਸੀ।

*ਸੰਗਰਾਮੀ ਤੇ ਸਾਹਿਤਕਾਰ ਦਾ ਕਿਸੇ ਇਕ ਵਿਅਕਤੀ ਵਿਚ ਸੰਯੋਗ ਸਾਹਿਤ ਪੱਖੋਂ ਕੀ ਮਹੱਤਵ ਰੱਖਦਾ ਹੈ? ਆਪਣੇ ਨਿਜੀ ਅਨੁਭਵ ਦੇ ਆਧਾਰ 'ਤੇ ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?*

ਹੁੰਦਲ : ਸਾਹਿਤਕਾਰੀ ਕਿਸੇ ਲੇਖਕ ਦੇ ਸੰਗਰਾਮੀ ਹੋਣ ਤੋਂ ਬਿਨਾਂ ਵੀ ਕੀਤੀ ਜਾ ਸਕਦੀ ਹੈ। ਐਪਰ ਕਿਸੇ ਲੇਖਕ ਦਾ ਸਾਰਾ ਤੇ ਸਮੁੱਚਾ ਸਾਹਿਤ ਕਲਪਨਾ ਦੇ ਆਧਾਰ ਉਤੇ ਤਾਂ ਰਚਿਆ ਨਹੀਂ ਜਾ ਸਕਦਾ। ਉਚੇਰੇ ਮਨੁੱਖੀ ਆਦਰਸ਼ਾਂ, ਜਿਵੇਂ ਅਮਨ, ਸਮਾਜਕ ਇਨਸਾਫ਼, ਬਰਾਬਰੀ ਤੇ ਸਾਂਝੀਵਾਲਤਾ ਦੇ ਉਚੇ ਸੁੱਚੇ ਆਦਰਸ਼ਾਂ, ਪ੍ਰਤੀ ਸਮਰਪਤ ਹੋਣ ਨਾਲ, ਲੇਖਕ ਦੇ ਦ੍ਰਿਸ਼ਟੀਕੋਣ ਅਤੇ ਰਚੇ ਜਾ ਰਹੇ ਸਾਹਿਤ ਉਤੇ ਇਸ ਦਾ ਪ੍ਰਭਾਵ ਪੈਣਾ ਬਿਲਕੁਲ ਕੁਦਰਤੀ ਅਤੇ ਸਹਿਜ ਹੁੰਦਾ ਹੈ। ਜਿਸ ਤਰ੍ਹਾਂ ਦੀ ਸਮਾਜਕ ਰਾਜਸੀ ਜ਼ਿੰਦਗੀ ਲੇਖਕ ਜੀਊ ਰਿਹਾ ਹੈ, ਉਸੇ ਨੂੰ ਹੀ ਉਸ ਨੇ ਆਪਣੇ ਰਚਨਾਤਮਿਕ ਸਾਹਿਤ ਵਿਚ ਪੇਸ਼ ਕਰਨਾ ਹੁੰਦਾ ਹੈ। ਮੁੱਖ ਪ੍ਰਸ਼ਨ ਤਾਂ ਇਹ ਹੈ ਕਿ ਜਿੰਨੇ ਵੱਡੇ ਰਾਜਸੀ ਜਾਂ ਸਮਾਜਕ ਖੇਤਰ ਵਿਚ ਲੇਖਕ ਵਿਚਰਦਾ ਹੈ, ਉਤਨਾ ਹੀ ਉਸ ਦਾ ਰਚਨਾਤਮਕ ਖੇਤਰ ਵਿਸ਼ਾਲ ਤੇ ਡੂੰਘਾ ਹੋਵੇਗਾ।



ਨਸਰੀਨ ਅਜਮ ਭਟੀ, ਪ. ਆਸਕ ਰਹੀਲ, ਪਵੀਨ ਮਲਿਕ ਤ ਹਰ ਸਜਣ ਪਿਡ ਫਤ ਚਕ ਵਿਚ ਹਦਲ ਪਰਿਵਾਰ ਨਾਲ

*ਤੁਹਾਡਾ ਕਥਨ ਹੈ ਕਿ ਸਾਹਿਤਕਾਰੀ ਅਭਿਆਸ ਨਾਲ ਆਉਂਦੀ ਹੈ। ਤੁਹਾਡਾ ਅਭਿਆਸ ਕਿਸ ਤਰ੍ਹਾਂ ਦਾ ਰਿਹਾ ਹੈ?*

ਹੁੰਦਲ : ਸ਼ਾਇਦ ਇਹ ਕਥਨ ਕਵੀ ਗੇਟੇ ਦਾ ਹੈ ਕਿ ਸਾਹਿਤਕ ਕ੍ਰਿਤ 99 ਫ਼ੀ ਸਦੀ ਮੁੜਕਾ ਅਥਵਾ ਮਿਹਨਤ ਹੁੰਦੀ ਹੈ ਤੇ 1 ਫ਼ੀ ਸਦੀ ਪ੍ਰਤਿਭਾ ਦੀ ਉਪਜ ਹੁੰਦੀ ਹੈ। ਮੈਂ ਇਹ ਮੰਨ ਕੇ ਤੁਰਦਾ ਹਾਂ ਕਿ ਲਿਖਣ ਕਲਾ ਜਾਂ ਕਲਾ ਦੇ ਖੇਤਰਾਂ ਵਿਚ ਪ੍ਰਤਿਭਾ ਦੀ ਹੋਂਦ ਮੁਢਲੀ ਗੱਲ ਮੰਨੀ ਜਾਂਦੀ ਹੈ ਪਰ ਨਿਰੰਤਰ ਰਿਆਜ਼, ਅਭਿਆਸ ਤੇ ਅਧਿਐਨ ਨਾਲ ਹੀ, ਇਹ ਪ੍ਰਤਿਭਾ ਵਿਕਸਿਤ ਹੁੰਦੀ ਹੈ। ਹਰ ਮਨੁੱਖ ਵਿਚ ਕੁੱਝ ਨਾ ਕੁੱਝ ਵਿਸ਼ੇਸ਼ ਰੁਚੀ ਤਾਂ ਹੁੰਦੀ ਹੈ, ਭਾਵੇਂ ਇਸ ਵਿਸ਼ੇਸ਼ ਰੁਚੀ ਨੂੰ ਵਿਕਸਿਤ ਹੋਣ ਦਾ ਮੌਕਾ ਮਿਲਦਾ ਹੈ ਜਾਂ ਨਹੀਂ। (Practice makes a man perfect) ਅਰਥਾਤ ਅਭਿਆਸ ਹੀ ਮਨੁੱਖ ਨੂੰ ਸੰਪੂਰਨਤਾ ਜਾਂ ਪਰਪੱਕਤਾ ਪ੍ਰਦਾਨ ਕਰਦਾ ਹੈ।

ਜੇ ਮੈਂ ਨਿੱਜੀ ਤਜ਼ਰਬੇ ਦੇ ਆਧਾਰ ਉਤੇ ਗੱਲ ਕਰਾਂ ਤਾਂ ਕਹਿ ਸਕਦਾ ਹਾਂ ਕਿ ਮੈਂ ਬੀ.ਏ. ਪਾਸ ਕਰਨ ਤੀਕ ਕੁੱਝ ਨਹੀਂ ਲਿਖਿਆ ਸੀ। ਹਾਂ ਬੀ.ਏ. ਤੀਕ ਮੈਨੂੰ ਪੜ੍ਹਨ ਤੇ ਸੋਚਣ ਵਿਚਾਰਨ ਦਾ ਸ਼ੌਕ ਜਾਂ ਚੇਟਕ ਪੈਦਾ ਹੋ ਚੁੱਕੀ ਸੀ। ਲਿਖਣਾ ਮੈਂ 1957-58 ਵਿਚ ਬੀ.ਟੀ. ਕਰਦਿਆਂ, ਫਗਵਾੜੇ ਰਹਿੰਦਿਆਂ ਸਿਖਿਆ। ਮੈਂ ਅਜੇ ਵੀ ਇਸ ਗੱਲ ਦਾ ਧਾਰਨੀ ਹਾਂ ਕਿ ਮੈਂ ਕੋਈ ਜਮਾਂਦਰੂ ਲੇਖਕ ਨਹੀਂ ਹਾਂ। ਜੋ ਵੀ ਲਿਖਿਆ ਹੈ, ਇਹ ਸੰਘਰਸ਼ਾਂ, ਅਧਿਐਨ ਤੇ ਅਭਿਆਸ ਦਾ ਸਿੱਟਾ ਹੈ।

*ਤੁਹਾਡੀ ਕਲਮ ਆਰੰਭ ਤੋਂ ਹੀ ਸਮਾਜਕ ਸਰੋਕਾਰਾਂ ਨਾਲ ਜੁੜੀ ਆ ਰਹੀ ਹੈ। ਤੁਸੀਂ ਅੰਤਰਮਨ ਦੀ ਕੋਈ ਗਾਥਾ ਬਿਆਨ ਕਰਨ ਲਈ ਕਲਮ ਨਹੀਂ ਚਲਾਈ। ਜੇਕਰ ਕੋਈ ਅਜਿਹੀ ਗਾਥਾ ਸੀ ਵੀ, ਤਾਂ ਹੁਣ ਕੀ ਉਹ ਪਾਠਕਾਂ ਨਾਲ ਸਾਂਝੀ ਕਰਨੀ ਚਾਹੋਗੇ?*

ਹੁੰਦਲ : ਭਾਈ! ਅਜਿਹੀ ਕੋਈ ਅੰਦਰੂਨੀ ਕਹਾਣੀ ਜਾਂ ਗਾਥਾ ਨਹੀਂ ਸੀ। ਮੈਂ ਤਾਂ ਆਲੇ ਦੁਆਲੇ ਦੇ ਨਿਜੀ ਅਨੁਭਵ ਨੂੰ ਹੀ ਬਿਆਨ ਕਰਨ ਲਈ ਲਿਖਣਾ ਅਰੰਭ ਕੀਤਾ ਸੀ। ਹੌਲੀ ਹੌਲੀ ਅਧਿਐਨ, ਅਭਿਆਸ ਤੇ ਸੰਘਰਸ਼ਾਂ ਦੇ ਅਨੁਭਵ ਦੇ ਆਸਰੇ ਗੱਲ ਅੱਗੇ ਤੋਂ ਅੱਗੇ ਤੁਰਦੀ ਗਈ। ਮੇਰੇ ਵਿਕਾਸ ਵਿਚ, ਜਲੰਧਰ ਦੇ ਮੇਰੇ ਸਾਹਿਤਕ ਤੇ ਰਾਜਸੀ ਦੋਸਤਾਂ ਮਿੱਤਰਾਂ ਦਾ ਵੀ ਵੱਡਾ ਹੱਥ ਹੈ, ਖਾਸ ਤੌਰ 'ਤੇ ਸਿਰਜਣਾ ਸਰਕਲ ਦਾ। ਜਲੰਧਰ ਸ਼ਹਿਰ ਨਾਲ ਮੇਰੀ ਨੇੜਤਾ ਨੇ ਮੇਰੇ ਵਿਕਾਸ ਵਿਚ ਵੱਡਾ ਹਿੱਸਾ ਪਾਇਆ ਹੈ ਤੇ ਇਥੋਂ ਦੀ ਪੰਜਾਬ ਬੁੱਕ ਸੈਂਟਰ ਦੀ ਰੂਸੀ ਕਵਿਤਾਵਾਂ ਦੀ ਦੁਕਾਨ ਨੇ ਵੀ ਤੇ ਇਸ ਦੁਕਾਨ ਦਾ ਅੱਗੇ ਤੋਂ ਅਗੇਰੇ ਅਕਤੂਬਰ ਇਨਕਲਾਬ ਨਾਲ ਜਾ ਕੇ ਸੰਘਰਸ਼ ਜੁੜ ਜਾਂਦਾ ਹੈ।

*ਹੁਣ ਤੀਕ ਤੁਸੀਂ ਪ੍ਰਗਤੀਵਾਦੀ ਲੇਖਕ ਵਜੋਂ ਹੀ ਜਾਣੇ ਜਾਂਦੇ ਤੇ ਵਿਚਾਰੇ ਜਾਂਦੇ ਹੋ, ਜਦਕਿ ਸਮਝਿਆ ਇਹ ਜਾ ਰਿਹਾ ਹੈ ਕਿ ਪ੍ਰਗਤੀਵਾਦ ਦਾ ਜੁਗ ਬੀਤ ਚੁੱਕਾ ਹੈ?*

ਹੁੰਦਲ : ਜਦ ਤੀਕ ਵਿਸ਼ਵ ਵਿਚ ਬੇਇਨਸਾਫ਼ੀ ਕਾਣੀ ਵੰਡ, ਜੰਗਾਂ ਤੇ ਭੁੱਖ ਮਰੀ ਦੇ ਨਾਲ ਨਾਲ ਬੇਰੁਜ਼ਗਾਰੀ ਹੈ, ਪ੍ਰਗਤੀਵਾਦੀ ਜੀਵਨ-ਦ੍ਰਿਸ਼ਟੀਕੋਣ ਜ਼ਿੰਦਾ ਰਹੇਗਾ। ਚਾਹੇ ਇਸ ਨੂੰ ਕੋਈ ਹੋਰ ਨਾਂ ਦੇ ਲਵੋ। ਜ਼ਿੰਦਗੀ ਦੀਆਂ ਪੇਸ਼ ਸਮੱਸਿਆਵਾਂ ਨੂੰ ਵੇਖਣ, ਸਮਝਣ ਤੇ ਪੇਸ਼ ਕਰਨ ਦਾ ਕੋਈ ਢੰਗ ਤਾਂ ਹੁੰਦਾ ਹੀ ਹੈ ਤੇ ਹਰ ਲੇਖਕ ਦਾ ਇਹ ਢੰਗ ਤਰੀਕਾ ਆਪਣਾ ਆਪਣਾ ਹੋ ਸਕਦਾ ਹੈ। ਉਸ ਉਤੇ ਜਮਹੂਰੀ ਰਾਜ ਪ੍ਰਬੰਧ ਵਿਚ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ।

*ਤੁਹਾਡੀ ਕਵਿਤਾ ਦੇ ਸੁਹਜਾਤਮਿਕ ਪੱਖ ਉਤੇ ਤੁਹਾਡੀਆਂ ਸਿਆਸੀ ਜਾਂ ਨੀਮ ਸਿਆਸੀ ਗਤੀਵਿਧੀਆਂ ਭਾਰੂ ਤਾਂ ਨਹੀਂ ਹੋ ਗਈਆਂ ਜਾਂ ਤੁਹਾਨੂੰ ਕੋਈ ਅਜਿਹਾ ਖਦਸ਼ਾ ਅਨੁਭਵ ਹੋਇਆ ਹੋਵੇ?*

ਹੁੰਦਲ : ਮੇਰੇ ਕਾਵਿ ਸਫ਼ਰ ਦੇ ਮੁਢਲੇ ਦੌਰ ਵਿਚ, ਅਥਵਾ 'ਕਾਲੇ ਦਿਨ' ਕਾਵਿ ਸੰਗ੍ਰਹਿ ਤੋਂ ਪਹਿਲਾਂ, ਕੁੱਝ ਆਲੋਚਕਾਂ ਨੇ ਮੇਰੀ ਕਵਿਤਾ ਦੇ ਸੁਹਜਾਤਮਿਕ ਪੱਖ ਉਤੇ ਕੁੱਝ ਕਿੰਤੂ ਪ੍ਰੰਤੂ ਕੀਤੇ ਸਨ। ਮੈਂ ਇਸ ਬਾਰੇ ਕੁੱਝ ਸਾਵਧਾਨ ਵੀ ਹੋ ਗਿਆ ਸੀ। ਬਾਅਦ ਦੀ ਕਾਵਿ ਸਿਰਜਣਾ ਵੇਲੇ ਮੈਂ ਕਾਵਿ ਦੇ ਰੂਪਕ ਅਥਵਾ ਸੁਹਜਾਤਮਿਕ ਪੱਖ ਵੱਲ ਉਚੇਚਾ ਧਿਆਨ ਦੇਣਾ ਸ਼ੁਰੂ ਕਰ ਦਿਤਾ ਸੀ। ਪਰ ਮੈਂ ਇਹ ਵੀ ਅਨੁਭਵ ਕੀਤਾ ਹੈ ਕਿ ਜਿਹੜੇ ਆਲੋਚਕ ਮੇਰੇ ਰਾਜਸੀ ਦ੍ਰਿਸ਼ਟੀਕੋਣ ਨਾਲ ਸਹਿਮਤ ਨਹੀਂ ਹਨ, ਉਨ੍ਹਾਂ ਨੇ ਮੇਰੀ ਕਵਿਤਾ ਉਤੇ ਰਾਜਸੀ ਪ੍ਰਚਾਰ ਦੇ ਦੋਸ਼ ਲਾਈ ਹੀ ਜਾਣੇ ਹਨ, ਭਾਵੇਂ ਮੈਂ ਕਲਾ ਪੱਖੋਂ ਕਿੰਨਾ ਵੀ ਸੁਚੇਤ ਹੋਵਾਂ। ਮੈਂ ਇਸ ਬਾਰੇ ਇਕ ਸ਼ਿਅਰ ਵੀ ਲਿਖਿਆ ਸੀ।

*ਤੂੰ ਭਾਵੇਂ ਲੱਖ ਸੁਹਜ ਸਿਰਜ ਲੈ, ਉਸ ਨੂੰ ਨਹੀਂ ਪਸੰਦ ਆਉਣੇ।*
*ਸੱਚੇ, ਸੁੱਚੇ ਜਜ਼ਬੇ ਤੇਰੇ, ਲੱਗਣੇ ਨੇ ਪ੍ਰਚਾਰ ਜਹੇ।*

*ਤੁਸੀਂ ਗ਼ਜ਼ਲ, ਬੈਂਤ, ਕਾਫ਼ੀ, ਗੀਤ ਆਦਿ ਕਾਵਿ ਰੂਪਾਂ ਦਾ ਕਾਫ਼ੀ ਪ੍ਰਯੋਗ ਕੀਤਾ ਹੈ। ਬੰਦਿਸ਼ ਵਾਲੇ ਕਾਵਿ ਰੂਪਾਂ ਦੀ ਵਰਤੋਂ ਵਿਚ ਤੁਹਾਨੂੰ ਕਿਹੜੀ ਖ਼ੂਬੀ ਵਿਖਾਲੀ ਦਿਤੀ ਹੈ?*


ਹਰਭਜਨ ਸਿਘ ਹਦਲ, ਪ੍ਰਿ. ਪੀਤਮ ਸਿਘ ਨਾਲ ਜਲੰਧਰ ਵਿਚ

ਹੁੰਦਲ : ਛੰਦ-ਬੱਧ ਤੇ ਲੈਅ ਤਾਲ ਵਾਲੀ ਕਵਿਤਾ ਦਾ ਪ੍ਰਭਾਵ ਖੇਤਰ ਜ਼ਿਆਦਾ ਡੂੰਘਾ ਹੁੰਦਾ ਹੈ। ਇਹ ਹੌਲੀ ਹੌਲੀ ਕੰਠ ਹੋ ਜਾਂਦੀ ਹੈ ਤੇ ਪਾਠਕਾਂ ਦੇ ਅਵਚੇਤਨ ਮਨ ਦਾ ਭਾਗ ਬਣ ਜਾਂਦੀ ਹੈ। ਮੈਂ ਭਾਵੇਂ ਖੁਲ੍ਹੀ ਕਵਿਤਾ ਵੀ ਲਿਖੀ ਹੈ, ਪਰ ਮੈਂ ਸਮਝਦਾ ਹਾਂ ਕਿ ਛੰਦ ਬੱਧ ਕਵਿਤਾ ਆਮ ਪਾਠਕ ਤੀਕ ਚਲ ਜਾਂਦੀ ਹੈ। ਸਾਡੀ ਆਜ਼ਾਦ ਨਜ਼ਮ ਦਾ ਸਾਹਿਤ ਸਰੂਪ ਏਨਾ ਵਿਅਕਤੀਵਾਦੀ ਹੁੰਦਾ ਜਾ ਰਿਹਾ ਹੈ ਕਿ ਇਹ ਆਮ ਤੇ ਸਾਧਾਰਨ ਪਾਠਕ ਜਾਂ ਸਰੋਤੇ ਨਾਲੋਂ ਦਿਨੋਂ ਦਿਨ ਦੂਰ ਹੁੰਦੀ ਜਾਂਦੀ ਹੈ। ਉਂਝ ਮੈਂ ਇਹ ਵੀ ਮੰਨਦਾ ਹਾਂ ਕਿ ਸਾਡੀ ਸਮੁੱਚੀ ਕਵਿਤਾ ਆਮ ਪਾਠਕਾਂ ਤੋਂ ਦੁਰਾਡੀ ਚਲੇ ਗਈ ਹੈ ਪਰ ਮੈਂ ਨਿੰਜੀ ਤੌਰ 'ਤੇ ਆਪਣੀਆਂ ਕੋਸ਼ਿਸ਼ਾਂ ਤਿਆਗੀਆਂ ਨਹੀਂ ਹਨ। ਬੈਂਤ ਛੰਦ ਤਾਂ ਹੀਰ ਵਾਰਿਸ ਸ਼ਾਹ ਦੀ ਹਰਮਨ ਪਿਆਰਤਾ ਕਾਰਨ, ਲੋਕਾਂ ਦੇ ਅਵਚੇਤਨ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ।

*ਪ੍ਰਯੋਗਸ਼ੀਲ ਝੁਕਾਅ ਦੇ ਆਰੰਭ ਸਮੇਂ ਤੁਹਾਡੇ ਹੋਰ ਸਮਕਾਲੀ ਕਵੀ ਸ.ਸ. ਮੀਸ਼ਾ ਤੇ ਡਾ. ਜਗਤਾਰ, ਇਸ ਲਹਿਰ ਦੇ ਪ੍ਰਭਾਵ ਹੇਠ ਆ ਗਏ ਸਨ ਪਰ ਤੁਸੀਂ ਇਸ ਦਾ ਪ੍ਰਭਾਵ ਕਬੂਲਦੇ ਕਬੂਲਦੇ ਬਚ ਗਏ। ਇਹ ਸਾਰਾ ਕੁੱਝ ਕਿਵੇਂ ਸੰਭਵ ਹੋਇਆ?*

ਹੁੰਦਲ : ਮੇਰੀ ਰਚਨਾ ਦਾ ਆਰੰਭਕ ਕਾਲ 1958-59 ਦੇ ਸਾਲ ਸਨ। ਮੈਂ ਆਪਣੀ ਸ਼ੁਰੂਆਤ ਛੰਦ ਬੱਧ ਕਵਿਤਾ ਨਾਲ ਕੀਤੀ ਸੀ, ਪਰ ਅਜੇ ਤੀਕ ਮੇਰਾ ਕੋਈ ਕਾਵਿ ਸੰਗ੍ਰਹਿ ਛਪਿਆ ਨਹੀਂ ਸੀ। ਪ੍ਰਯੋਗਵਾਦ ਦਾ ਰੌਲਾ-ਗੌਲਾ ਟੀ.ਐਸ. ਈਲੀਅਟ ਦੀ 'ਚੋਣਵੀਂ ਵਾਰਤਕ' ਦੀ ਪੁਸਤਕ ਪੜ੍ਹ ਕੇ ਆਰੰਭ ਹੋਇਆ ਸੀ। ਅਸੀਂ ਮਿੱਤਰਾਂ ਦੀ ਟੋਲੀ ਸਾਹਮਣੇ ਇਹ ਸਵਾਲ ਆਣ ਖਲੋਤਾ ਕਿ ਕਵਿਤਾ ਵਿਚ ਪ੍ਰਯੋਗਾਂ ਬਾਰੇ ਸਾਡੀ ਪਹੁੰਚ ਕੀ ਹੋਵੇ। ਇਨ੍ਹਾਂ ਹੀ ਦਿਨਾਂ ਵਿਚ ਆਸਟਰੇਲੀਆ ਦੇ ਮਾਰਕਸਵਾਦੀ ਚਿੰਤਕ ਅਰਨੈਸਟ ਫਿਸ਼ਰ ਦੀ ਸੰਸਾਰ ਪ੍ਰਸਿੱਧ ਪੁਸਤਕ 'The Necessity of Art' ਜਲੰਧਰ ਵਿਚ ਪਹੁੰਚ ਗਈ। ਉਸ ਦੇ ਪੜ੍ਹਨ ਨਾਲ ਮੇਰੇ ਸਾਰੇ ਸ਼ੰਕੇ ਦੂਰ ਹੋ ਗਏ। ਪ੍ਰਯੋਗ ਬਾਰੇ ਉਸ ਨੇ ਲਿਖਿਆ ਸੀ,

"ਇਹ ਸਪੱਸ਼ਟ ਹੈ ਕਿ ਉਸ ਸਮੇਂ ਖੋਟੇ ਪ੍ਰਯੋਗਾਂ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ, ਜਦੋਂ ਕਿ ਸਭ ਤੋਂ ਮਹੱਤਵਪੂਰਣ ਗੱਲ ਇਹ ਹੁੰਦੀ ਹੈ ਕਿ ਮਨੁੱਖਤਾ ਨੂੰ ਉਹ ਘੱਟਾ ਆਪਣੀਆਂ ਅੱਖਾਂ ਵਿੱਚ ਮਲ ਕੇ ਬਾਹਰ ਕੱਢਣ ਦੀ ਲੋੜ ਹੈ, ਜਿਹੜਾ ਉਸ ਦੀਆਂ ਅੱਖਾਂ ਵਿੱਚ ਪਾਇਆ ਜਾ ਰਿਹਾ ਹੈ। ਇਹ ਵੀ ਬਰਾਬਰ ਦਾ ਸੱਚ ਹੈ ਕਿ ਅਸੀਂ ਬੀਤੇ ਦੀਆਂ ਗੱਲਾਂ ਵਲ ਪਰਤ ਨਹੀਂ ਸਕਦੇ ਸਗੋਂ ਸਾਨੂੰ ਸੱਚੇ ਪ੍ਰਯੋਗਾਂ ਵਲ ਵਧਣਾ ਚਾਹੀਦਾ ਹੈ। ਸਾਡੇ ਆਲੇ ਦੁਆਲੇ ਕਿੰਨੀਆਂ ਖੋਜਾਂ ਹੋ ਰਹੀਆਂ ਹਨ। ਪੁਰਾਣੇ ਸਾਧਨਾਂ ਨਾਲ ਕਲਾਕਾਰ ਇਨ੍ਹਾਂ ਨੂੰ ਕਿਵੇਂ ਪੇਸ਼ ਕਰ ਸਕਦੇ ਹਨ।" (ਪੰਨਾ ਨੰਬਰ 113-114)

ਇੰਝ ਮੇਰੇ ਲਈ ਇਹ ਗੱਲ ਤਾਂ ਸਪੱਸ਼ਟ ਹੋ ਗਈ ਕਿ ਪ੍ਰਯੋਗ ਕਰਨੇ, ਬੁਰੀ ਗੱਲ ਨਹੀਂ, ਪਰ ਇਹ ਸਾਰਥਕ ਹੋਣ ਤੇ ਰਚਿਤ ਸਾਹਿਤ ਨੂੰ ਲੋਕਾਂ ਨਾਲੋਂ ਤੋੜਨ ਦੀ ਥਾਂ ਜੋੜਨ ਦਾ ਕੰਮ ਕਰਨ। ਸਿੱਟੇ ਵਜੋਂ ਮੈਂ ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਮਾਰਗ' (1965) ਦੇ ਅੰਤਲੇ ਪੰਨਿਆਂ ਵਿਚ ਦੋ ਤਿੰਨ ਅਜਿਹੀਆਂ ਕਵਿਤਾਵਾਂ ਸ਼ਾਮਿਲ ਕੀਤੀਆਂ ਸਨ, ਜਿਨ੍ਹਾਂ ਨੂੰ ਨਵੇਂ ਸਾਰਥਕ ਕਾਵਿ ਪ੍ਰਯੋਗ ਕਿਹਾ ਜਾ ਸਕਦਾ ਹੈ। ਇਨ੍ਹਾਂ ਕਵਿਤਾਵਾਂ ਦੇ ਨਾਂ ਹਨ 'ਸਾਡੇ ਵੇਲੇ', 'ਤਿੰਨ ਕਵਿਤਾਵਾਂ' ਅਤੇ 'ਚੁੱਪ ਕਾਲੀ' ਹਨ।

*ਤਿੰਨ ਕਵਿਤਾਵਾਂ ਲਿਖ ਕੇ ਗੋਰੀ*
*ਘਰ ਮੁੜਿਆ ਹਾਂ।*
*ਇਕ ਕਵਿਤਾ ਹੈ, ਮੇਰੇ ਪਿੰਡ ਦੇ ਸੋਹਣ ਸਿੰਘ ਦੀ*
*ਜਿਸ ਨੂੰ ਵਿਰਸੇ ਵਿਚੋਂ ਗੋਰੀ*
*ਇਕ ਫ਼ਿਕਰਾਂ ਦੀ ਪੰਡ ਮਿਲੀ ਹੈ।*

*ਆਪ ਆਪਣੀ ਹੁਣ ਤੀਕ ਦੀ ਸਾਹਿਤਕ ਪ੍ਰਾਪਤੀ ਤੇ ਕਿੰਨੇ ਕੁ ਸੰਤੁਸ਼ਟ ਹੋ?*

ਹੁੰਦਲ : ਇਸ ਪ੍ਰਸ਼ਨ ਦਾ ਮੈਂ ਖ਼ੁਦ ਕੋਈ ਜਵਾਬ ਨਹੀਂ ਦੇਣਾ ਚਾਹੁੰਦਾ। ਮੈਂ ਅੱਜ ਤਕ ਜੋ ਵੀ ਲਿਖਿਆ ਹੈ, ਉਸ ਬਾਰੇ ਪਾਠਕ ਮੇਰੇ ਨਾਲੋਂ ਬਿਹਤਰ ਜਾਣਦੇ ਹਨ। ਮੇਰਾ ਕੰਮ ਲਿਖੀ ਜਾਣਾ ਹੈ। ਸਫ਼ਲਤਾ, ਅਸਫ਼ਲਤਾ ਦੇ ਨਿਰਣੇ ਕਰਨੇ ਪਾਠਕਾਂ ਤੇ ਆਲੋਚਕਾਂ ਦਾ ਕੰਮ ਹੁੰਦਾ ਹੈ।

*ਤੁਸੀਂ ਪਿਛਲੇ ਕੁੱਝ ਸਮੇਂ ਤੋਂ ਵਿਸ਼ਵ ਪ੍ਰਸਿੱਧ ਕਲਾਕਾਰਾਂ ਤੇ ਕਵੀਆਂ ਬਾਰੇ ਬੜੇ ਵਿਸਤ੍ਰਿਤ ਤੇ ਜਾਣਕਾਰੀ ਭਰਪੂਰ ਲੇਖ ਲਿਖ ਰਹੇ ਹੋ। ਇਨ੍ਹਾਂ ਬਾਰੇ ਪਾਠਕਾਂ ਦਾ ਕੀ ਹੁੰਗਾਰਾ ਹੈ?*

ਹੁੰਦਲ : ਇਨ੍ਹਾਂ ਲੇਖਾਂ ਦੀ ਕਿਤਾਬ 'ਸਿਤਾਰਿਆਂ ਦੀ ਸੱਥ' ਛਪਾਈ ਅਧੀਨ ਹੈ। ਉਸ ਦੇ ਪਾਠਕਾਂ ਤੀਕ ਪਹੁੰਚਣ ਉਤੇ ਹੀ ਉਨ੍ਹਾਂ ਦੀ ਰਾਏ ਬਾਰੇ ਮੈਂ ਕੋਈ ਤਸੱਲੀਬਖ਼ਸ਼ ਉਤਰ ਦੇ ਸਕਾਂਗਾ।

*ਤੁਹਾਡਾ ਰਚਿਆ ਸਾਹਿਤ ਵਿਚਾਰਧਾਰਾ ਅਤੇ ਅਨੁਭਵ ਪੱਖੋਂ ਇਕੋ ਭਾਂਤ ਦਾ ਹੈ। ਕੀ ਅਜਿਹਾ ਹੋਣ ਨਾਲ ਲਿਖਤ ਦਾ ਦਾਇਰਾ ਸੁੰਗੜ ਨਹੀਂ ਜਾਂਦਾ?*

ਹੁੰਦਲ : ਮੈਂ ਨਹੀਂ ਜਾਣਦਾ ਕਿ ਮੇਰਾ ਰਚਿਆ ਸਾਹਿਤ ਤੁਸੀਂ ਕਿੰਨਾ ਕੁ ਪੜ੍ਹਿਆ ਹੈ। ਮੈਂ ਕਵਿਤਾ, ਵਾਰਤਕ, ਯਾਦਾਂ ਤੇ ਵਿਸ਼ਵ ਕਵਿਤਾ ਦੇ ਅਨੁਵਾਦ ਤੋਂ ਬਿਨਾਂ ਸਵੈ-ਜੀਵਨੀ ਅਤੇ ਜੀਵਨੀਆਂ ਵੀ ਲਿਖੀਆਂ ਹਨ। ਮੇਰੀਆਂ ਸਮੁੱਚੀਆਂ ਕਿਤਾਬਾਂ ਪੜ੍ਹ ਕੇ ਹੀ ਇਸ ਬਾਰੇ ਕੁੱਝ ਕਿਹਾ ਜਾ ਸਕਦਾ ਹੈ, ਜਿਥੋਂ ਤਕ ਵਿਚਾਰਧਾਰਾ ਦਾ ਸਬੰਧ ਹੈ, ਉਹ ਤਾਂ ਬਦਲਣ ਦਾ ਸਵਾਲ ਹੀ ਨਹੀਂ ਉਠਦਾ। ਇਹ ਤਾਂ ਹੁਣ 'ਕੇਸਾਂ ਸਵਾਸਾਂ ਨਾਲ ਹੀ ਨਿਭੇਗੀ।'

*ਤੁਹਾਡੀਆਂ ਸਾਹਿਤਕ ਸਗਰਮੀਆਂ ਵਿਚ ਆਮ ਕਰ ਕੇ, ਤੁਹਾਡੇ ਹਮ ਖਿਆਲੀ ਸਾਥੀ ਹੀ ਹੁੰਦੇ ਹਨ। ਕੀ ਇੰਝ ਦਾਇਰਾ ਸੀਮਤ ਨਹੀਂ ਹੋ ਜਾਂਦਾ?*

ਹੁੰਦਲ : ਮੈਂ ਪੰਜ ਸੱਤ ਸਾਲ ਤੋਂ ਬੁਢਾਪੇ ਕਾਰਨ ਆਪਣੀਆਂ ਸਰਗਰਮੀਆਂ ਬਹੁਤ ਹੀ ਸੀਮਤ ਕਰ ਦਿਤੀਆਂ ਹਨ। ਉਂਝ ਵੀ ਹਰ ਮਨੁੱਖ ਆਪਣੇ ਮਨ ਪਸੰਦ ਮਾਹੌਲ ਵਿਚ ਹੀ ਖੁਲ੍ਹ ਕੇ ਗੱਲ ਕਰ ਸਕਦਾ ਹੈ। ਮੇਰਾ ਵੀ ਇਹੀ ਹਾਲ ਹੈ।

*ਤੁਸੀਂ ਪਾਕਿਸਤਾਨੀ ਪੰਜਾਬੀ ਲੇਖਕਾਂ ਨਾਲ ਚੰਗਾ ਸੰਪਰਕ ਬਣਾਇਆ ਹੋਇਆ ਹੈ। ਕੀ ਏਧਰਲਾ ਸਾਹਿਤਕ ਮਾਹੌਲ ਤੁਹਾਨੂੰ ਰਾਸ ਨਹੀਂ ਆ ਰਿਹਾ?*

ਹੁੰਦਲ : ਤੁਹਾਡਾ ਇਹ ਸਵਾਲ ਮੈਨੂੰ ਠੀਕ ਨਹੀਂ ਲਗਿਆ। ਮੈਂ ਪੰਜੀ ਸੱਤੀਂ ਸਾਲੀਂ ਪੰਜ ਚਾਰ ਦਿਨਾਂ ਲਈ ਗੁਰਦਵਾਰਿਆਂ ਦੀ ਯਾਤਰਾ ਦੇ ਬਹਾਨੇ, ਪਾਕਿਸਤਾਨ ਜਾਂਦਾ ਹਾਂ। ਜੋ ਕਿਤਾਬਾਂ ਉਹ ਤੋਹਫ਼ੇ ਵਜੋਂ ਦਿੰਦੇ ਹਨ। ਉਨ੍ਹਾਂ ਵਿਚੋਂ ਕੁਝ ਨਾ ਕੁੱਝ ਚੁਣ ਕੇ ਤੇ ਲਿਪੀ ਬਦਲ ਕੇ ਚਿਰਾਗ ਤਿਮਾਹੀ ਵਿਚ ਛਾਪ ਲੈਂਦਾ ਹਾਂ। ਉਹ ਵੀ ਸਾਡੇ ਹੀ ਭੈਣ ਭਰਾ ਹਨ, ਜੋ ਪੰਜਾਬੀ ਨੂੰ ਸ਼ਾਹਮੁਖੀ ਲਿਪੀ ਵਿਚ ਲਿਖ ਰਹੇ ਹਨ। ਸਾਡਾ ਉਨ੍ਹਾਂ ਨਾਲ ਸੰਪਰਕ ਹੁਣ ਨਾਲੋਂ ਕਿਤੇ ਵੱਧ ਹੋਣਾ ਚਾਹੀਦਾ ਹੈ। ਪਰ 'ਹਾਕਮਾਂ ਦੀ ਗੱਲ ਹਾਕਮ ਜਾਣਦੈ।' ਮੈਂ ਹੁਣ ਤੀਕ ਬਾਬਾ ਨਜ਼ਮੀ, ਸਾਈਂ ਅਖਤਰ ਲਾਹੌਰੀ ਅਤੇ ਹਬੀਬ ਜਾਲਿਬ ਦੀ ਪੰਜਾਬੀ ਕਵਿਤਾ ਨੂੰ ਗੁਰਮੁਖੀ ਲਿਪੀ ਵਿਚ ਤਬਦੀਲ ਕੀਤਾ ਹੈ। ਨਾਲ ਹੀ ਲਹਿੰਦੇ ਪੰਜਾਬ ਦੀ ਧਰਤੀ ਮੇਰੀ ਜਨਮ ਭੂਮੀ ਹੈ। ਮੈਨੂੰ ਕਈ ਵਿਰੋਧਾਂ ਦੇ ਬਾਵਜੂਦ ਉਸ ਧਰਤੀ ਨਾਲ ਮੋਹ ਹੈ।

*ਸਾਹਿਤਕ ਖੇਤਰ ਵਿਚ ਤੁਹਾਡਾ ਬਿੰਬ ਇਕ ਖਰ੍ਹਵੇ ਇਨਸਾਨ ਦਾ ਹੈ। ਕੀ ਇਹ ਸੱਚ ਹੈ? ਜਾਂ ਕੀ ਤੁਹਾਡੀ ਸਾਫ਼ਗੋਈ ਦੇ ਗਲਤ ਅਰਥ ਲਏ ਜਾ ਰਹੇ ਹਨ?*

ਹੁੰਦਲ : ਮੈਂ ਆਪਣੇ ਸੁਭਾਅ ਬਾਰੇ ਵੀ ਕੁੱਝ ਨਹੀਂ ਕਹਿਣਾ ਚਾਹੁੰਦਾ। ਮੈਂ ਕੀ ਹਾਂ, ਇਸ ਬਾਰੇ ਤੁਸੀਂ ਤੇ ਮੇਰੇ ਹੋਰ ਦੋਸਤ ਚੰਗੀ ਤਰ੍ਹਾਂ ਜਾਣਦੇ ਹੋ। ਮੈਨੂੰ ਆਪਣੇ ਵਿਚਲੇ ਇਕ ਨੁਕਸ ਦਾ ਤਾਂ ਪੱਕਾ ਪਤਾ ਹੈ ਕਿ ਮੈਂ ਸੱਚੀ ਗੱਲ ਮੂੰਹ ਉਤੇ ਕਹਿ ਦਿੰਦਾ ਹਾਂ। ਇਹ ਗੱਲ ਅਜੋਕੇ ਸਮੇਂ ਵਿਚ ਠੀਕ ਹੈ ਜਾਂ ਗਲਤ, ਪਾਠਕਾਂ ਨੇ ਖੁਦ ਨਿਰਣਾ ਕਰਨਾ ਹੈ।

*ਆਪਣੀਆਂ ਕਵਿਤਾਵਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਨ ਦੀ ਗੱਲ ਤੁਹਾਨੂੰ ਕਿੱਥੋਂ ਸੁੱਝੀ ਤੇ ਇਸ ਉੱਦਮ ਦੇ ਕੀ ਨਤੀਜੇ ਨਿਕਲੇ ਹਨ?*

ਹੁੰਦਲ: ਮੈਂ ਇੱਕ ਵਾਰ (1968) ਵਿੱਚ ਪ੍ਰਗਤੀਵਾਦੀ ਲੇਖਕ ਸੰਘ ਦੇ ਦਿੱਲੀ ਅਜਲਾਸ ਵਿੱਚ ਸ਼ਾਮਲ ਹੋਣ ਲਈ ਗਿਆ ਸੀ। ਬਾਅਦ ਵਿੱਚ ਇਸੇ ਸੰਘ ਦੇ (1986) ਵਿੱਚ ਲਖਨਊ, ਸਮਾਗਮ ਵਿਚ ਸ਼ਾਮਲ ਹੋਣ ਲਈ ਵੀ ਗਿਆ ਸੀ, ਜਿੱਥੇ ਕਈ ਲੇਖਕਾਂ ਨੂੰ ਆਪਣੀਆਂ ਨਜ਼ਮਾਂ ਨੂੰ ਦੁਪੱਤਰੀਆਂ ਦੀ ਸ਼ਕਲ ਵਿਚ ਅਨੁਵਾਦ ਕਰਕੇ ਵੰਡਦੇ ਵੇਖਿਆ ਸੀ। ਇੱਕ ਦੁਪੱਤਰੀ ਤੋਂ ਮੈਂ ਪ੍ਰਸਿੱਧ ਮਰਾਠੀ ਕਵੀ ਨਾਰਾਇਣ ਸੁਰਵੇ ਦੀਆਂ ਕੁੱਝ ਕਵਿਤਾਵਾਂ 'ਸਿਰਜਣਾ' ਲਈ ਅਨੁਵਾਦ ਕੀਤੀਆਂ ਸਨ। ਮੇਰੇ ਮਨ ਵਿੱਚ ਵੀ ਤਾਂਘ ਰਹਿੰਦੀ ਸੀ ਕਿ ਕਿਤੇ ਮੇਰੀਆਂ ਵੀ ਕਵਿਤਾਵਾਂ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛੱਪਣ। ਫਿਰ ਜਦੋਂ ਮੈਂ ਜਨਵਾਦੀ ਲੇਖਕ ਸੰਘ ਦੇ ਭੂਪਾਲ ਸਮਾਗਮ ਵਿੱਚ ਸ਼ਾਮਲ ਹੋਣ ਲਈ



ਗਿਆ ਤਾਂ ਤਿਆਰੀ ਵਜੋਂ ਮੈਂ ਆਪਣੀਆਂ ਕੁੱਝ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ ਕੀਤਾ ਤੇ ਫੋਟੋ ਕਾਪੀ ਕਰ ਕੇ ਨਾਲ ਲੈ ਗਿਆ। ਮੇਰਾ ਝਕ ਲਹਿ ਗਿਆ ਤੇ ਇਹ ਕਵਿਤਾਵਾਂ ਵੰਡਣ ਉਤੇ ਕਈ ਭਾਸ਼ਾਵਾਂ ਵਿਚ ਛਪੀਆਂ।

*ਕੀ ਕਵਿਤਾ ਦੀ ਆਮਦ ਦਾ ਕੋਈ ਖਾਸ ਸਮਾਂ ਹੁੰਦਾ ਵਾ?*
ਹੁੰਦਲ : ਕਵਿਤਾਵਾਂ ਦੇ ਚੋਜ ਤੇ ਰਹੱਸ ਨਿਰਾਲੇ ਹਨ। ਇਹਦਾ ਕੋਈ ਸਮਾਂ ਨਿਯਤ ਨਹੀਂ ਹੈ। ਜਦੋਂ ਆਉਂਦੀ ਹੈ, ਤਾਂ ਹੱਥਾਂ-ਪੈਰਾਂ ਦੀ ਪਾ ਦਿੰਦੀ ਹੈ, ਤੁਸੀਂ ਝੱਟ ਕਾਗਜ਼ ਤੇ ਕਲਮ ਲੱਭਣ ਲੱਗਦੇ ਹੋ। ਜੇ ਇਹ ਦੋਵੇਂ ਚੀਜ਼ਾਂ ਨਾ ਮਿਲਣ, ਤਾਂ ਇਸ ਦੇ ਝਲਕਾਰੇ ਅਜਾਂਈ ਚਲੇ ਜਾਂਦੇ ਹਨ। ਦੁਬਾਰਾ ਯਾਦ ਕੀਤਿਆਂ, ਯਾਦ ਨਹੀਂ ਆਉਂਦੇ। ਮੇਰੀਆਂ ਸਤਰਾਂ ਹਨ :

*ਕਦੇ ਕਦੇ ਉਹ*
*ਨਿੱਕੀ ਕਿਸੇ ਨਗੇਣੀ ਗੱਲ 'ਤੇ*
*ਵੱਟ ਜਿਹਾ ਖਾ ਜਾਂਦੀ*
*ਫਿਰ ਡਾਢਾ ਕਲਪਾਂਦੀ*

*ਮੈਂ ਹੀ ਜਾਣਾ*
*ਕਦੋਂ ਉਸ ਨੇ ਫੇਰਾ ਪਾਉਣਾ*
*ਕਿੰਨਾ ਕੁ ਤੜਪਾਉਣਾ*
*ਤੁਰੇ ਜਾਂਦਿਆਂ ਘੇਰ ਖਲੋਣਾ*
*ਵਿਛ ਵਿਛ ਜਾਣਾ।*

*ਘਰ ਵਿੱਚ ਜਾਂ ਪਿੰਡ ਵਿੱਚ ਕਵੀ ਹੋਣ ਦਾ ਕੀ ਅਰਥ ਹੈ?*
ਹੁੰਦਲ : ਘਰ ਵਿਚ ਜਾਂ ਪਿੰਡ ਵਿਚ ਕਵੀ ਹੋਣ ਦਾ ਕੋਈ ਅਰਥ ਜਾਂ ਮਹੱਤਵ ਨਹੀਂ। ਜਦ ਕਿਸੇ ਨੇ ਮੇਰੀ ਕਵਿਤਾ ਪੜ੍ਹਨੀ ਜਾਂ ਸੁਣਨੀ ਨਹੀਂ, ਤਾਂ ਲੇਖਕ-ਪਾਠਕ ਦਾ ਰਿਸ਼ਤਾ ਕੀ ਤੇ ਕਿੰਝ ਬਣੇਗਾ। ਘਰ ਵਿੱਚ ਮੈਂ ਓਨਾ ਚਿਰ ਹੀ ਲੇਖਕ ਹਾਂ ਜਦ ਪੜ੍ਹ ਜਾਂ ਲਿਖ ਰਿਹਾ ਹੁੰਦਾ ਹਾਂ। ਬਾਕੀ ਸਾਰਾ ਦਿਨ ਘਰੇਲੂ ਬੰਦੇ ਦੀਆਂ, ਜ਼ੁੰਮੇਵਾਰੀਆਂ ਨਿਭਾਉਂਦਾ ਹਾਂ। ਨਾ ਨਿਭਾਵਾਂ ਤਾਂ ਵਿਹਲੜ ਜਾਂ ਨਖੱਟੂ ਸਮਝਿਆ ਜਾਵਾਂਗਾ। ਘਰ ਤੋਂ ਬਾਹਰ ਪਿੰਡ ਵਿੱਚ ਕਵਿਤਾ ਦੀ ਨਹੀਂ, ਬੰਦੇ ਦੇ ਗੁਣਾਂ, ਔਗੁਣਾਂ ਦੀ ਕਦਰ ਹੁੰਦੀ ਹੈ। ਮੇਰਾ ਇਕ ਸ਼ਿਅਰ ਹੈ :

*ਚੱਤੇ ਪਹਿਰ ਦੀ ਮਗਜ-ਖਪਾਈ, ਪੁੱਛੇ ਮੈਨੂੰ ਮਾਂ ਬੁੱਢੀ*
*ਦੱਸ ਪੁੱਤਰ, ਕੀ ਮਿਲਦਾ ਤੈਨੂੰ ਛਪ ਗਈਆਂ ਕਵਿਤਾਵਾਂ ਦਾ।*

ਪਿੰਡ ਵਿੱਚ ਮੈਨੂੰ ਆਮ ਲੋਕ ਸੱਚੀ ਗੱਲ ਨਿਰਭੈ ਹੋ ਕੇ ਮੂੰਹ 'ਤੇ ਕਹਿਣ ਵਾਲਾ ਵਿਅਕਤੀ ਸਮਝਦੇ ਹਨ ਤੇ ਘਰ ਵਾਲਿਆਂ ਲਈ ਇਹੀ ਮੇਰਾ ਸਭ ਤੋਂ ਵੱਡਾ ਨੁਕਸ ਹੈ।

*ਸਾਹਿਤਿਕ-ਵਿਰੋਧੀਆਂ ਜਾਂ ਦੁਸ਼ਮਣਾਂ ਬਾਰੇ ਕੋਈ ਗੱਲ ਕਰੋ?*
ਹੁੰਦਲ: ਮੇਰਾ ਇੱਕ ਸ਼ਿਅਰ ਹੈ :

*ਸਾਡੇ ਉਤੇ ਨਜ਼ਰ ਸਵੱਲੀ, ਮੁੱਢੋਂ ਰਹੀ ਰਕੀਬਾਂ ਦੀ*
*ਸਾਡੇ ਉਤੇ ਯਾਦ ਨਹੀਂ ਕਿ ਹੋਇਆ ਕਿੰਨਵਾਂ ਹੱਲਾ ਸੀ*

ਸਾਹਿਤ ਵਿੱਚ ਮੇਰਾ ਕੋਈ ਨਿੱਜੀ ਦੁਸ਼ਮਣ ਨਹੀਂ ਹੈ। ਜੇ ਤੁਹਾਡਾ ਕੋਈ ਵਿਰੋਧੀ ਵਧੀਆ ਰਚਨਾ ਕਰਦਾ ਹੈ, ਤਾਂ ਤੁਸੀਂ ਉਸ ਨੂੰ ਮਾੜੀ ਕਿਰਤ ਕਿਵੇਂ ਕਹਿ ਸਕਦੇ ਹੋ। ਮੈਂ ਆਪਣੇ ਵਿਰੋਧੀਆਂ ਦੇ ਗੁਣਾਂ ਦੀ ਕਦਰ ਕਰਦਾ ਹਾਂ। ਪਰ ਜੇ ਕਿਸੇ ਦੇ ਆਪਣੇ ਪੱਲੇ ਹੀ ਕੁੱਝ ਨਹੀਂ ਤੇ ਤੁਹਾਨੂੰ ਸਿੰਗ ਜਾਂ ਠੁੱਡ ਮਾਰਨ ਨੂੰ ਆਵੇ, ਤਾਂ ਉਸ ਦਾ ਜਵਾਬ ਦੇਣਾ ਬਣਦਾ ਹੈ। ਮੇਰੇ ਕੁੱਝ ਸਿਆਸੀ ਵਿਰੋਧੀ ਵੀ ਹਨ। ਜੇ ਮੇਰੇ ਕੰਮ, ਰਚਨਾ, ਜਾਂ ਸ਼ਖ਼ਸੀਅਤ ਵਿੱਚ ਕੋਈ ਨੁਕਸ ਜਾਂ ਔਗੁਣ ਹੈ, ਤਾਂ ਉਸ ਬਾਰੇ ਵਿਰੋਧੀਆਂ ਦੇ ਹਮਲੇ ਜਰਨੇ ਪੈਣਗੇ। ਪਰ ਮੇਰੇ ਵਿਰੋਧੀ ਮੈਥੋਂ ਵੱਡੇ ਜਾਂ ਚੰਗੇਰੇ ਲੇਖਕ ਨਹੀਂ ਹਨ, ਇਸ ਲਈ ਮੇਰੇ ਉਤੇ ਕੀਤੇ ਹਮਲੇ ਅਕਸਰ ਠੁੱਸ ਹੋ ਜਾਂਦੇ ਹਨ। ਮੇਰਾ ਅਕੀਦਾ ਹੈ :

*ਬਾਦੇ-ਮੁਖ਼ਾਲਫ਼ ਸੇ ਨਾ ਘਬਰਾ, ਐ ਉਕਾਬ*
*ਯੇ ਤੋ ਆਤੀ ਹੈ, ਤੁਝੇ ਊਂਚਾ ਉੜਾਨੇ ਕੇ ਲੀਏ।*

ਵਿਰੋਧੀ ਨੂੰ ਨਿੱਜੀ ਦੁਸ਼ਮਣ ਨਹੀਂ ਸਮਝਣਾ ਚਾਹੀਦਾ। ਵਿਚਾਰਾਂ ਦੇ ਟਕਰਾਅ ਵਿੱਚੋਂ ਹੀ ਨਵਾਂ ਖ਼ਿਆਲ ਸੁਝਦਾ ਹੈ :

*ਮੇਰੇ ਵਿੱਚ ਨੁਕਸ ਇੱਕੋ ਹੈ*
*ਮੈਂ ਯਾਰਾਂ ਦੀ ਨਹੀਂ*
*ਦੁਸ਼ਮਣਾਂ ਦੀ ਕਦਰ ਕਰਦਾ ਹਾਂ*
*ਇਹ ਦੁਸ਼ਮਣ ਨੇ*
*ਜੋ ਤੜਪਾਉਂਦੇ ਨੇ*
*ਸਤਾਉਂਦੇ ਨੇ*
*ਪਰ ਨੀਂਦਰ 'ਚੋਂ ਜਗਾਉਂਦੇ ਨੇ।*

ਹਰ ਲੇਖਕ ਨੇ ਆਪਣੀ ਲਿਖਤ, ਪ੍ਰਤਿਭਾ ਤੇ ਗੁਣਾਂ ਨਾਲ ਸਾਹਿਤ ਵਿੱਚ ਆਪਣੀ ਥਾਂ ਬਣਾਉਣੀ ਹੈ। ਸਾਹਿਤ ਕੋਈ ਗੰਡੂ ਭਲਵਾਨ ਨਹੀਂ ਹੁੰਦਾ। ਹਰੇਕ ਲੇਖਕ ਦੀ ਪ੍ਰਤਿਭਾ ਨੇ ਵੱਖਰਾ ਰੰਗ ਸਿਰਜਣਾ ਹੈ, ਤੇ ਹਰ ਲੇਖਕ ਲਈ, ਸਾਹਿਤ ਵਿੱਚ ਵਿਕਾਸ ਕਰਨ ਤੇ ਮੌਲਣ ਲਈ ਬਥੇਰੀ ਸਪੇਸ ਹੈ। ਏਸੇ ਸਮਝ ਕਾਰਨ ਮੈਨੂੰ ਕਦੇ ਕਿਸੇ ਨਾਲ ਈਰਖਾ ਨਹੀਂ ਹੋਈ।

*ਤੁਸੀਂ ਦੇਸ਼ ਵੰਡ ਤੋਂ ਹੁਣ ਤੀਕ ਫੱਤੂ ਚੱਕ ਵਿਚ ਹੀ ਰਹਿ ਰਹੇ ਹੋ। ਹਰੀ ਕ੍ਰਾਂਤੀ ਦੀ ਚੜ੍ਹਤ ਤੋਂ ਲੈ ਕੇ, ਇਸ ਦੇ ਪਤਨ ਤੀਕ ਦੇ ਤੁਸੀਂ ਚਸ਼ਮਦੀਦ ਗਵਾਹ ਹੋ। ਇਸ ਬਾਰੇ ਕੋਈ ਟਿੱਪਣੀ?*
ਹੁੰਦਲ : ਇਹ ਲੰਮੀ ਕਹਾਣੀ ਹੈ। ਸੰਖੇਪ ਇੰਝ ਹੈ। ਪਾਕਿਸਤਾਨ ਤੋਂ ਆਏ ਮੁਰੱਬੇ ਹੁਣ ਵੰਡ ਵੰਡਾ ਕੇ, ਵਿਘੇ ਤੇ ਕਨਾਲਾਂ ਰਹਿ ਗਏ ਹਨ। ਬਾਹਰਲੀ ਕਮਾਈ ਨਾਲ ਮਸਾਂ ਭੈਣ ਭਰਾਵਾਂ ਦੇ ਵਿਆਹ ਹੀ ਸਿਰੇ ਚੜ੍ਹਦੇ ਹਨ। ਖੇਤੀ ਦੇ ਖ਼ਰਚੇ ਬਹੁਤ ਵੱਧ ਗਏ ਹਨ। ਬੈਂਕਾਂ ਦੀਆਂ 'ਲਿਮਟਾਂ' ਨੇ ਬਹੁਤੇ ਖ਼ਰਚੇ ਕਰ ਦਿਤੇ ਹਨ। ਵਿਦਿਆ, ਸਿਹਤ ਤੇ ਸਫ਼ਰ ਬਹੁਤੇ ਮਹਿੰਗੇ ਹੋ ਗਏ ਹਨ। ਫ਼ਰੇਬ, ਈਰਖਾ, ਬਾਹਰਲਾ ਵਿਖਾਵਾ ਤੇ ਕਪਟ ਵਧ ਰਹੇ ਹਨ। ਸਾਂਝਾ ਪੇਂਡੂ ਭਾਈਚਾਰਾ ਤਿੜਕ ਗਿਆ ਹੈ। ਉਂਞ ਪਿੰਡਾਂ ਵਿਚ ਤਿੰਨ ਮੰਜ਼ਲੇ ਮਕਾਨਾਂ ਦੀ ਗਿਣਤੀ ਵਧਦੀ ਜਾਂਦੀ ਹੈ। ਹਰ ਗਰੀਬ ਤੋਂ ਗਰੀਬ ਘਰ, ਆਪਣੇ ਲੜਕੇ ਨੂੰ ਕਿਸੇ ਬਾਹਰਲੇ ਦੇਸ਼ ਭੇਜਣਾ ਚਾਹੁੰਦਾ ਹੈ। ਲੜਾਈਆਂ ਘਟੀਆਂ ਹਨ, ਈਰਖਾ ਵਧੀ ਹੈ। ਕਿਸ਼ਤਾਂ ਉਤੇ ਲਏ ਮੋਟਰ ਸਾਈਕਲ ਗਲੀਆਂ ਤੇ ਸੜਕਾਂ ਉਤੇ ਧੂੜਾ ਉਡਾਉਂਦੇ ਫਿਰਦੇ ਹਨ। ਪਿੰਡ, ਵੇਖਣ ਨੂੰ ਤਰੱਕੀ ਕਰ ਰਹੇ ਹਨ। ਕੇਵਲ ਇਨਸਾਨ ਹੀ ਪ੍ਰੇਸ਼ਾਨ ਵਿਖਾਈ ਦਿੰਦਾ ਹੈ।

*ਕੁੱਝ ਹੋਰ ਦਾਈਏ ਵੀ ਹੋਣਗੇ ਜਿਹੜੇ ਤੁਸੀਂ ਕਰਨਾ ਸੋਚਦੇ ਜਾਂ ਲੋਚਦੇ ਹੋ?*
ਹੁੰਦਲ : ਬੜੇ ਕੰਮ ਹਨ, ਪਰ ਹੌਲੀ ਹੌਲੀ ਸਾਰੇ ਸਮੇਟ ਰਿਹਾ ਹਾਂ। ਪਹਿਲਾਂ ਦੀਆਂ ਲਿਖੀਆਂ ਛਪੀਆਂ ਪੁਸਤਕਾਂ ਛਪਵਾ ਰਿਹਾ ਹਾਂ। ਪਿਛਲੇ ਸਾਲ ਪੰਜ ਪੁਸਤਕਾਂ ਛਪੀਆਂ ਸਨ। ਇਸ ਸਾਲ ਵੀ ਚਾਰ ਹੋਰ ਛਪ ਜਾਣਗੀਆਂ। ਮੌਤ ਬਾਰੇ ਹਾਲੀ ਸੋਚਣ ਦੀ ਕਦੇ ਚਿੰਤਾ ਨਹੀਂ ਹੋਈ। ਬੁਢਾਪੇ ਦੇ ਆਮ ਰੋਗਾਂ ਤੋਂ ਮੁਕਤ ਹਾਂ। ਪਾਰਟੀ ਨਾਲ ਜੁੜੇ ਹੋਣ ਕਾਰਨ ਚੜ੍ਹਤ ਤੇ ਉਤਸ਼ਾਹ ਵਿੱਚ ਰਹਿੰਦਾ ਹਾਂ। ਜਿਸ ਵੀ ਪੁਸਤਕ ਦੇ ਕੰਮ ਨੂੰ ਹੱਥ ਪਾਉਂਦਾ ਹਾਂ, ਰਾਤ ਦਿਨ ਇੱਕ ਕਰਕੇ ਮੁਕਾ ਕੇ ਹਟਦਾ ਹਾਂ। ਪ੍ਰੋ. ਮੋਹਨ ਸਿੰਘ ਦੇ ਸ਼ਬਦਾਂ ਵਿੱਚ :

*ਸਾਹ ਲੈ ਮੌਤੇ ਕਾਹਲੀਏ*
*ਮੈਂ ਅਜੇ ਨਾ ਵਿਹਲੀ।*

ਜਿਉਣ ਦਾ ਉਤਸ਼ਾਹ ਤੇ ਲਾਲਚ ਵਧਦਾ ਜਾਂਦਾ ਹੈ। ਕੰਮ ਹੀ ਮੇਰੀ ਪੂਜਾ ਤੇ ਤਪੱਸਿਆ ਹੈ।

*ਕੋਈ ਅਤ੍ਰਿਪਤ ਲਾਲਸਾ? ਕੋਈ ਆਖਰੀ ਟਿੱਪਣੀ?*
ਹੁੰਦਲ : ਕੋਈ ਟਿੱਪਣੀ ਵੀ ਆਖਰੀ ਨਹੀਂ ਹੁੰਦੀ ਤੇ ਲਾਲਸਾਵਾਂ ਬਾਰੇ ਗ਼ਾਲਿਬ ਦਾ ਸ਼ਿਅਰ ਹੈ :

*ਕਿ ਹਰ ਖਾਹਿਸ਼ ਪੇ ਦਮ ਨਿਕਲੇ।*

ਬੜੀ ਸੰਤੁਸ਼ਟ ਸਾਹਿਤਿਕ ਜ਼ਿੰਦਗੀ ਬਤੀਤ ਕਰ ਰਹੇ ਹਾਂ ਤੇ ਕਿਸੇ ਦੇ ਰਹਿਮ ਉਤੇ ਨਹੀਂ ਜੀ ਰਹੇ। ਬੀ.ਏ. ਦੇ ਆਖਰੀ ਸਾਲ ਵਿੱਚ ਪੜ੍ਹਦੇ ਹੋਏ ਮੈਂ ਸੋਚਦਾ ਹੁੰਦਾ ਸੀ, "ਕਾਸ਼ ਮੈਂ ਵੀ ਕਵੀ ਬਣ ਸਕਦਾ।" ਚਲੋ ਚੰਗੇ ਨਾ ਸਹੀ, ਸਧਾਰਨ ਕਵੀ ਅਖਵਾ ਕੇ ਵੀ ਸ਼ਰਮਿੰਦਗੀ ਕੋਈ ਨਹੀਂ ਹੁੰਦੀ। ਕਈਆਂ ਸਾਹਿਤਿਕ 'ਖਲੀਫ਼ਿਆਂ' ਅਨੁਸਾਰ ਤਾਂ ਅਸੀਂ ਕਵੀ ਹੀ ਨਹੀਂ ਹਾਂ। ਉਨ੍ਹਾਂ ਦੀਆਂ ਸੂਚੀਆਂ ਵਿਚੋਂ ਮੇਰਾ ਨਾਂ ਅਕਸਰ ਅਲੋਪ ਹੁੰਦਾ ਹੈ :

*ਤੇਰੀਆਂ ਗ਼ਜ਼ਲਾਂ ਖ਼ਲੀਫ਼ੇ, ਵੇਖਦੇ, ਸਿਰ ਫੇਰਦੇ,*
*ਹੁਕਮਨਾਮੇ ਬੜੇ 'ਹੁੰਦਲ', ਲਿਖੇ, ਲਿਖਵਾਏ ਗਏ।*

# ਕਿਉਂ ਰੱਬ ਬਣੇ ਖਿਡਾਰੀ?

**ਧਰਮਿੰਦਰਪਾਲ ਸਿੰਘ**

ਮੀਡੀਆ ਵਿੱਚ ਅੱਜ ਖੇਡ ਨਹੀਂ, ਖਿਡਾਰੀ ਤੇ ਟੀਮ ਬਾਰੇ ਲਿਖਣ ਅਤੇ ਚਰਚਾ ਕਰਨ ਦਾ ਰੁਝਾਨ ਚੱਲ ਪਿਆ ਹੈ। ਆਮ ਆਦਮੀ ਹੀ ਨਹੀਂ ਮਾਹਰ ਵੀ ਟੀਮ ਤੇ ਖਿਡਾਰੀਆਂ ਬਾਰੇ ਜ਼ਿਆਦਾ ਗੱਲ ਕਰਦੇ ਹਨ। ਉਨ੍ਹਾਂ ਦੇ ਪ੍ਰਦਰਸ਼ਨ ਤੇ ਪ੍ਰਾਪਤੀਆਂ 'ਤੇ ਚਰਚਾ ਚਲਾਈ ਜਾਂਦੀ ਹੈ। ਕਿਸੇ ਨੂੰ ਅਜੇਤੂ ਕਿਹਾ ਜਾਂਦਾ ਹੈ ਤੇ ਕਿਸੇ ਨੂੰ ਰੱਬ ਦੱਸਿਆ ਜਾਂਦਾ ਹੈ। ਆਖਰ ਇਸ ਦਾ ਕਾਰਨ ਕੀ ਹੈ? ਇਸ ਨਾਲ ਕਿਸ ਦਾ ਭਲਾ ਹੁੰਦਾ ਹੈ, ਕਿਸ ਨੂੰ ਲਾਭ ਪੁੱਜਦਾ ਹੈ?

ਜ਼ਾਹਰ ਹੈ ਬਾਜ਼ਾਰ ਅਧਾਰਤ ਅਰਥ ਵਿਵਸਥਾ ਦੇ ਮੌਜੂਦਾ ਦੌਰ ਵਿੱਚ ਹਰ ਕੰਮ ਮੁਨਾਫ਼ੇ ਦੀ ਨੀਅਤ ਨਾਲ ਹੁੰਦਾ ਹੈ। ਭਾਵਨਾਵਾਂ ਵੀ ਮੁਨਾਫ਼ੇ ਲਈ ਪੈਦਾ ਕੀਤੀਆਂ ਜਾਂਦੀਆਂ ਹਨ। ਖੇਡ ਵੀ ਇਸ ਦਾ ਸ਼ਿਕਾਰ ਹੈ। ਦੁਨੀਆ ਦੀ ਹਰ ਵੱਡੀ ਟੀਮ ਅਤੇ ਹਰੇਕ ਪ੍ਰਤਿਭਾਸ਼ਾਲੀ ਖਿਡਾਰੀ 'ਤੇ ਕਾਰਪੋਰੇਟ ਜਗਤ ਦੇ ਕਰੋੜਾਂ ਰੁਪਏ ਲੱਗੇ ਹਨ। ਉਨ੍ਹਾਂ ਦੀ ਲੋਕਪ੍ਰਿਯਤਾ, ਪ੍ਰਤਿਭਾ ਅਤੇ ਪ੍ਰਦਰਸ਼ਨ ਦਾ ਲਾਹਾ ਲੈ ਕੇ ਕੰਪਨੀਆਂ ਮੋਟਾ ਪੈਸਾ ਕਮਾਉਂਦੀਆਂ ਹਨ। ਇਸ ਲਈ ਸਚਿਨ, ਸਹਿਵਾਗ, ਸਾਇਨਾ, ਸੁਸ਼ੀਲ, ਵਿਜੇਂਦਰ, ਅਭਿਨਵ ਬਿੰਦਰਾ ਵਰਗੇ ਵੱਡੀ ਖਿਡਾਰੀ ਮੈਦਾਨ ਨਾਲੋਂ ਜ਼ਿਆਦਾ ਇਸ਼ਤਿਹਾਰਾਂ ਵਿੱਚ ਨਜ਼ਰ ਆਉਂਦੇ ਹਨ। ਕੋਈ ਨਾ ਕੋਈ ਮਾਲ ਵੇਚਦੇ ਦਿਖਾਈ ਦਿੰਦੇ ਹਨ। ਹਰ ਵੱਡਾ ਖਿਡਾਰੀ ਕਿਸੇ ਨਾ ਕਿਸੇ ਕੰਪਨੀ ਦਾ ਬ੍ਰਾਂਡ ਅੰਬੈਸਡਰ ਹੈ। ਨਾਮੀ ਟੀਮਾਂ ਕਾਰਪੋਰੇਟ ਘਰਾਣਿਆਂ ਨਾਲ ਜੁੜੀਆਂ ਹਨ। ਇਸ਼ਤਿਹਾਰ ਕਰ ਕੇ ਖਿਡਾਰੀ ਅਤੇ ਟੀਮ ਕਰੋੜਾਂ ਰੁਪਏ ਕਮਾਉਂਦੇ ਹਨ, ਬਦਲੇ ਵਿੱਚ ਕੰਪਨੀਆਂ ਅਰਬਾਂ ਦਾ ਮਾਲ ਵੇਚਦੀਆਂ ਹਨ। ਸ਼ੁੱਧ ਖੇਡਾਂ ਦੀ ਚਰਚਾ ਕਰਨ 'ਤੇ ਇਹ ਕਮਾਈ ਸੰਭਵ ਨਹੀਂ ਹੈ, ਇਸ ਲਈ ਅੱਜ ਕਲ ਮੀਡੀਆ ਵਿੱਚ ਖੇਡ ਨਹੀਂ, ਖਿਡਾਰੀ ਤੇ ਟੀਮ 'ਤੇ ਫੋਕਸ ਰਹਿੰਦਾ ਹੈ।



ਇਹ ਸਵਾਲ ਓਨਾ ਵੀ ਸਹਿਜ ਹੈ ਕਿ ਜੇਕਰ ਖਿਡਾਰੀ ਜਾਂ ਟੀਮ ਪੈਸਾ ਕਮਾ ਰਹੇ ਹਨ, ਕੰਪਨੀਆਂ ਮੁਨਾਫ਼ਾ ਬਣਾ ਰਹੀਆਂ ਹਨ, ਤਾਂ ਕਿਸੇ ਨੂੰ ਕਿਉਂ ਇਤਰਾਜ਼ ਹੋਣਾ ਚਾਹੀਦਾ ਹੈ? ਖੇਡਾਂ 'ਤੇ ਹਾਵੀ ਕਾਰਪੋਰੇਟ ਕਲਚਰ ਦੇ ਵਿਰੋਧ ਵਿੱਚ ਕੁੱਝ ਤਰਕ ਏਨੇ ਪ੍ਰਬਲ ਹਨ ਕਿ ਉਨ੍ਹਾਂ ਦੀ ਆਸ ਨਹੀਂ ਕੀਤੀ ਜਾ ਸਕਦੀ। ਪਹਿਲੀ ਗੱਲ ਤਾਂ ਇਹੀ ਹੈ ਕਿ ਜਦੋਂ ਕਿਸੇ ਟੀਮ ਜਾਂ ਖਿਡਾਰੀ 'ਤੇ ਫੋਕਸ ਕੀਤਾ ਜਾਂਦਾ ਹੈ ਤਾਂ ਖੇਡ ਪਿਛੋਕੜ ਵਿੱਚ ਚਲੀ ਜਾਂਦੀ ਹੈ ਤੇ ਖੇਡ ਭਾਵਨਾ ਕਮਜ਼ੋਰ ਪੈ ਜਾਂਦੀ ਹੈ। ਹਰ ਖੇਡ ਦਾ ਮੂਲ ਮਕਸਦ ਮਨੋਰੰਜਨ ਹੈ। ਖੇਡ ਭਾਵਨਾ ਦਾ ਮਹੱਤਵ ਹਾਰ-ਜਿੱਤ ਨਾਲੋਂ ਜ਼ਿਆਦਾ ਹੁੰਦਾ ਹੈ। ਨਿਯਮ ਅਤੇ ਅਨੁਸ਼ਾਸਨ ਮੈਦਾਨ ਦਾ ਅਭਿੰਨ ਅੰਗ ਹਨ। ਪ੍ਰਤਿਭਾ ਦੇ ਜ਼ੋਰ 'ਤੇ ਜੋ ਟੀਮ ਜਿੱਤੇ, ਉਹੀ ਸਿਕੰਦਰ ਹੋਣੀ ਚਾਹੀਦੀ ਹੈ, ਪਰ ਕਾਰਪੋਰੇਟ ਕਲਚਰ ਦੀ ਹਨੇਰੀ ਵਿੱਚ ਖੇਡ ਅਤੇ ਉਨ੍ਹਾਂ ਨਾਲ ਜੁੜੇ ਮੌਲਿਕ ਸਿਧਾਂਤ ਤਾਰ-ਤਾਰ ਹੋ ਗਏ ਹਨ। ਕੋਈ ਵੀ ਹਥਕੰਡਾ ਅਜ਼ਮਾ ਕੇ ਜਿੱਤਣਾ ਹਰ ਟੀਮ ਅਤੇ ਖਿਡਾਰੀ ਦਾ ਉਦੇਸ਼ ਬਣ ਗਿਆ ਹੈ। ਹਾਰ-ਜਿੱਤ ਦਾ ਸਿੱਧਾ ਸਬੰਧ ਬਾਜ਼ਾਰੀ ਨਜ਼ਰੀਏ ਨਾਲ ਹੈ। ਜੋ ਜਿੰਨਾ ਜਿੱਤੇਗਾ, ਜਿੰਨੀ ਦੇਰ ਮੈਦਾਨ ਵਿੱਚ ਰਹੇਗਾ, ਉਸ ਨੂੰ ਓਨਾ ਜ਼ਿਆਦਾ ਹੋਰ ਜ਼ਿਆਦਾ ਸਮੇਂ ਤੱਕ ਇਸ਼ਤਿਹਾਰ ਮਿਲੇਗਾ।

ਕਾਰਪੋਰੇਟ ਕਲਚਰ ਕਾਰਨ ਖੇਡ 'ਤੇ ਪਹਿਲਾਂ ਟੀਮ ਹਾਵੀ ਹੋਈ ਤੇ ਫੇਰ ਟੀਮ 'ਤੇ ਖਿਡਾਰੀ ਭਾਰੀ ਪੈਣ ਲੱਗੇ। ਇਕ ਉਦਾਹਰਣ ਨਾਲ ਇਸ ਨੂੰ ਸਮਝਿਆ ਜਾ ਸਕਦਾ ਹੈ। ਕ੍ਰਿਕਟ ਟੀਮ ਖੇਡ ਹੈ ਜਿਸ ਵਿੱਚ ਸਾਰੇ ਗਿਆਰਾਂ ਖਿਡਾਰੀਆਂ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ। ਅੱਜ ਕਿਉਂ ਭਾਰਤੀ ਟੀਮ ਦੀ ਚਰਚਾ ਹੁੰਦੇ ਹੀ ਸਭ ਤੋਂ ਪਹਿਲਾਂ ਸਚਿਨ ਦਾ ਨਾਮ ਜ਼ੁਬਾਨ 'ਤੇ ਆਉਂਦਾ ਹੈ। ਨਿਸ਼ਚੇ ਹੀ ਸਚਿਨ ਵਿਲੱਖਣ ਪ੍ਰਤਿਭਾ ਦਾ ਮਾਲਕ ਹੈ। ਭਾਰਤ ਹੀ ਨਹੀਂ ਵਿਸ਼ਵ ਕ੍ਰਿਕਟ ਵਿੱਚ ਉਸਦਾ ਬਹੁਤ ਯੋਗਦਾਨ ਹੈ। ਵੀਹ ਸਾਲ ਤੋਂ ਜ਼ਿਆਦਾ ਤੋਂ ਉਹ ਭਾਰਤੀ ਟੀਮ ਦਾ ਅਹਿਮ ਅੰਗ ਹੈ, ਫੇਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਕੇਵਲ ਉਸ ਦੀ ਬਦੌਲਤ ਭਾਰਤੀ ਟੀਮ ਨੇ ਕਦੇ ਕੋਈ ਚਮਤਕਾਰੀ ਪ੍ਰਾਪਤੀ ਹਾਸਲ ਕੀਤੀ ਹੋਵੇ। ਸਚਿਨ ਦੇ ਰਹਿੰਦਿਆਂ ਵਿਜ਼ਡਨ ਨੇ ਸ਼ਤਾਬਦੀ ਦੇ ਸਰਵੋਤਮ ਖਿਡਾਰੀ ਦਾ ਸਨਮਾਨ ਕਪਿਲ ਦੇਵ ਨੂੰ ਦਿੱਤਾ ਅਤੇ ਸਰਵੋਤਮ ਪਾਰੀ ਦਾ ਪੁਰਸਕਾਰ ਬੀ.ਬੀ.ਐਸ. ਲਕਸ਼ਮਣ ਨੂੰ। ਸਚਿਨ ਦੇ ਨਿੱਜੀ ਖਾਤੇ ਵਿੱਚ ਸੈਂਕੜੇ ਕੀਰਤੀਮਾਨ ਹਨ, ਪਰ ਉਸ ਦੇ ਜ਼ੋਰ 'ਤੇ ਭਾਰਤੀ ਟੀਮ ਨੂੰ ਮਿਲੀ ਸਫਲਤਾ ਉਂਗਲ 'ਤੇ ਗਿਣੀ ਜਾ ਸਕਦੀ ਹੈ। ਫੇਰ ਅਜਿਹਾ ਕਿਉਂ ਹੈ ਕਿ ਟੀਮ ਇੰਡੀਆ ਦੀ ਚਰਚਾ ਚੱਲਣ 'ਤੇ ਸਚਿਨ ਨੂੰ ਸਾਹਮਣੇ ਖੜਾ ਕਰ ਦਿੱਤਾ ਜਾਂਦਾ ਹੈ। ਹਦ ਤਾਂ ਉਦੋਂ ਹੋ ਗਈ ਜਦੋਂ ਸਚਿਨ ਨੂੰ ਭਾਰਤ-ਰਤਨ ਦੇਣ ਅਤੇ ਚਾਲੂ ਵਿਸ਼ਵ ਕੱਪ ਦੇਸ਼ ਨਹੀਂ, ਉਸ ਲਈ ਜਿੱਤਣ ਦੀ ਚਰਚਾ ਮੀਡੀਆ ਵਿੱਚ ਜ਼ੋਰ-ਸ਼ੋਰ ਨਾਲ ਕੀਤੀ ਗਈ। ਉਸ ਨੂੰ ਕ੍ਰਿਕਟ ਦਾ ਭਗਵਾਨ ਦੱਸਣ ਵਾਲੇ ਲੋਕ ਭੁੱਲ ਜਾਂਦੇ ਹਨ ਕਿ ਕੋਈ ਵੀ ਖਿਡਾਰੀ ਕਦੇ ਖੇਡ ਨਾਲੋਂ ਵੱਡਾ ਨਹੀਂ ਹੋ ਸਕਦਾ। ਅਜਿਹਾ ਕਹਿ ਕੇ ਸਚਿਨ ਦਾ ਸਨਮਾਨ ਨਹੀਂ, ਖੇਡ ਦਾ ਅਪਮਾਨ ਕੀਤਾ ਜਾਂਦਾ ਹੈ।



ਅਥਲੈਟਿਕ, ਬੈਡਮਿੰਟਨ, ਟੈਨਿਸ, ਗੋਲਫ, ਮੁੱਕੇਬਾਜ਼ੀ, ਨਿਸ਼ਾਨੇਬਾਜ਼ੀ, ਕੁਸ਼ਤੀ ਆਦਿ ਕਈ ਖੇਡਾਂ ਹਨ, ਜਿਥੇ ਟੀਮ ਨਹੀਂ ਖਿਡਾਰੀ ਖੇਡਦੇ ਹਨ। ਅਜਿਹੀਆਂ ਖੇਡਾਂ ਵਿੱਚ ਕਿਸੇ ਖਿਡਾਰੀ ਵਿੱਚ ਕੀਤੀ ਵਿਅਕਤੀਗਤ ਪ੍ਰਾਪਤੀ ਦਾ ਸਿਹਰਾ ਉਸ ਨੂੰ ਜਾਂਦਾ ਹੈ। ਪਰ ਫੁੱਟਬਾਲ, ਹਾਕੀ, ਕ੍ਰਿਕਟ ਆਦਿ ਖੇਡਾਂ ਵਿੱਚ ਹਰ ਪ੍ਰਾਪਤੀ ਸਿੱਧਾ ਸਿੱਧਾ ਟੀਮ ਦੇ ਸਾਂਝੇ ਯਤਨਾਂ ਨਾਲ ਜੁੜੀ ਹੁੰਦੀ ਹੈ। ਹਾਂ, ਕਦੇ ਕਦੇ ਕਿਸੇ ਇਕ ਖਿਡਾਰੀ ਦਾ ਪ੍ਰਦਰਸ਼ਨ ਖੇਡ ਦਾ ਨਕਸ਼ਾ ਪਲਟ ਦਿੰਦਾ ਹੈ। ਫਿਰ ਵੀ ਟੀਮ ਖੇਡਾਂ ਵਿੱਚ ਹਾਰ ਜਾਂ ਜਿੱਤ ਦਾ ਮਾਣ ਸਾਂਝਾ ਹੁੰਦਾ ਹੈ, ਕਿਸੇ ਇਕ ਖਿਡਾਰੀ ਦਾ ਨਹੀਂ।

ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਕਾਰਨ ਕੁਝ ਹੋਰ ਹੁੰਦੇ ਹਨ। ਸਚਿਨ ਦੇ ਨਾਂ 'ਤੇ ਅੱਜ ਕਾਰਪੋਰੇਟ ਜਗਤ ਦੇ ਕਰੋੜਾਂ ਰੁਪਏ ਲੱਗੇ ਹਨ। ਉਸ ਨੂੰ ਲਗਾਤਾਰ ਖ਼ਬਰਾਂ ਵਿੱਚ ਬਣਾਏ ਰੱਖਣਾ ਇਨ੍ਹਾਂ ਕੰਪਨੀਆਂ ਦਾ ਨਿੱਜੀ ਸਵਾਰਥ ਹੈ। ਸਚਿਨ ਇਸ ਦਾ ਦੋਸ਼ੀ ਨਹੀਂ ਹੈ।

ਖੇਡਾਂ ਦੇ ਬਾਜਾਰੀਕਰਨ ਦਾ ਦੂਸਰਾ ਨਤੀਜਾ ਹੋਰ ਵੀ ਭਿਆਨਕ ਹੈ। ਇਸ ਨਾਲ ਦੇਸ਼ ਦੀ ਖੇਡ ਸੰਸਕ੍ਰਿਤੀ 'ਤੇ ਉਲਟ ਅਸਰ ਪੈਂਦਾ ਹੈ ਤੇ ਆਮ ਆਦਮੀ ਖੇਡਾਂ ਨਾਲੋਂ ਟੁੱਟ ਜਾਂਦਾ ਹੈ। ਕ੍ਰਿਕਟ ਅੱਜ ਦੇਸ਼ ਵਿੱਚ ਸਭ ਤੋਂ ਵੱਧ ਲੋਕਪ੍ਰਿਯ ਖੇਡ ਹੈ ਤੇ ਇਸ ਨੂੰ ਸਿਖਾਉਣ ਦੇ ਨਾਂ 'ਤੇ ਕੋਨੇ-ਕੋਨੇ ਵਿੱਚ ਕ੍ਰਿਕਟ ਅਕਾਦਮੀਆਂ ਖੁੱਲ੍ਹ ਗਈਆਂ ਹਨ। ਇਨ੍ਹਾਂ ਅਕਾਦਮੀਆਂ ਵਿੱਚ ਪ੍ਰਵੇਸ਼ ਲਈ ਮੋਟੀ ਫੀਸ ਚੁਕਾਉਣੀ ਪੈਂਦੀ ਹੈ, ਜੋ ਗਰੀਬ ਤਾਂ ਕੀ ਮੱਧ ਵਰਗ ਦੇ ਵੀ ਬੂਤੇ ਤੋਂ ਬਾਹਰ ਹੈ। ਇਹ ਸਹੀ ਹੈ ਕਿ ਅੱਜ ਭਾਰਤੀ ਟੀਮ ਵਿੱਚ ਕਈ ਖਿਡਾਰੀ ਅਜਿਹੇ ਹਨ ਜੋ ਮਾਮੂਲੀ ਆਰਥਕ ਪਿਛੋਕੜ ਨਾਲ ਆਏ ਹਨ। ਸਭ ਨੂੰ ਪਤਾ ਹੈ ਕਿ ਵਿਲੱਖਣ ਪ੍ਰਤਿਭਾ ਅਤੇ ਧੁਨ ਦੇ ਧਨੀ ਵਿਅਕਤੀ ਨੂੰ ਅੱਗੇ ਵਧਣ ਤੋਂ ਰੋਕਣਾ ਕਿਸੇ ਵੀ ਵਿਵਸਥਾ ਵਿੱਚ ਸੰਭਵ ਨਹੀਂ ਹੈ ਪਰ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਅਜਿਹੇ ਖਿਡਾਰੀਆਂ ਨੂੰ ਦੇਖ ਕੇ ਮੌਜੂਦਾ ਸੰਕਟ 'ਤੇ ਪਰਦਾ ਨਹੀਂ ਪਾਇਆ ਜਾ ਸਕਦਾ।

ਜੇਕਰ ਕਾਰਪੋਰੇਟ ਜਗਤ ਕਿਸੇ ਇਕ ਖੇਡ 'ਤੇ ਜ਼ਰੂਰਤ ਨਾਲੋਂ ਜ਼ਿਆਦਾ ਧਿਆਨ ਦਿੰਦਾ ਹੈ ਤਾਂ ਹੋਰ ਖੇਡਾਂ ਖੁਦ-ਬ-ਖੁਦ ਪੱਛੜਨ ਲੱਗਦੀਆਂ ਹਨ। ਹਾਕੀ ਦੇ ਨਾਲ ਇਹੀ ਹੋਇਆ ਹੈ। ਕਹਿਣ ਨੂੰ ਤਾਂ ਹਾਕੀ ਅੱਜ ਵੀ ਸਾਡੀ ਕੌਮੀ ਖੇਡ ਹੈ, ਪਰ ਦੁਨੀਆ ਹੀ ਨਹੀਂ ਦੇਸ਼ ਦੇ ਨਕਸ਼ੇ 'ਤੇ ਵੀ ਇਸ ਦੇ ਨਿਸ਼ਾਨ ਫਿਕੇ ਪੈ ਚੁੱਕੇ ਹਨ। ਕ੍ਰਿਕਟ ਵਿੱਚ ਅਸੀਂ ਸਿਰਫ ਇਕ ਵਾਰ ਵਿਸ਼ਵ ਕੱਪ ਜਿਤਿਆ ਜਦਕਿ ਹਾਕੀ ਵਿੱਚ ਅਸੀਂ ਕਈ ਵਾਰ ਓਲੰਪਿਕ ਸੋਨ ਤਮਗਾ ਜੇਤੂ ਰਹੇ। ਇਸ ਦੇ ਬਾਵਜੂਦ ਅੱਜ ਮੀਡੀਆ ਵਿੱਚ ਕ੍ਰਿਕਟ ਹੀ ਹਾਵੀ ਹੈ। ਹਾਕੀ ਦੀ ਦਸ਼ਾ ਸੁਧਾਰਨ ਵਿੱਚ ਕਿਸੇ ਦੀ ਰੁਚੀ ਨਹੀਂ ਹੈ। ਖੇਡਾਂ ਦੇ ਵਿਕਾਸ ਲਈ ਕਾਰਪੋਰੇਟ ਜਗਤ ਦੇ ਸਹਿਯੋਗ ਅਤੇ ਸਮਰਥਨ ਦੇ ਮਹੱਤਵ ਨੂੰ ਨਕਾਰਿਆ ਨਹੀਂ ਜਾ ਸਕਦਾ। ਪਰ ਕੇਵਲ ਵਪਾਰਕ ਹਿੱਤ ਲਈ ਖੇਡਾਂ ਦੀ ਬੇਦਰਦੀ ਨਾਲ ਵਰਤੋਂ ਦਾ ਸਮਰਥਨ ਵੀ ਨਹੀਂ ਕੀਤਾ ਜਾ ਸਕਦਾ। ਮੰਦੇਭਾਗੀਂ ਅੱਜ ਉਹੀ ਹੋ ਰਿਹਾ ਹੈ। ਖੇਡ ਪ੍ਰੇਮੀਆਂ ਨੂੰ ਇਸ ਰੁਝਾਨ 'ਤੇ ਰੋਕ ਲਾਉਣ ਦੀ ਪਹਿਲ ਕਰਨੀ ਚਾਹੀਦੀ ਹੈ।

# ਨਕਲੀ ਮਾਰਕਸ਼ੀਟ ਨਾਲ ਪਾਇਲਟ ਬਣਾਉਣ ਵਾਲਾ ਗਿਰੋਹ ਫੜਿਆ

ਨਵੀਂ ਦਿੱਲੀ, (ਨਦਬ) ਫਰਜ਼ੀ ਸਰਟੀਫਿਕੇਟ ਦੇ ਆਧਾਰ ’ਤੇ ਪਾਇਲਟ ਲਾਇਸੈਂਸ ਹਾਸਲ ਕਰਨ ਦੇ ਮਾਮਲੇ ਵਿੱਚ ਦਿੱਲੀ ਪੁਲੀਸ ਨੇ ਹਵਾਬਾਜ਼ੀ ਨਿਯਮਾਂ ਡੀ.ਜੀ.ਸੀ.ਏ. ਦੇ ਇਕ ਸੀਨੀਅਰ ਅਧਿਕਾਰੀ ਅਤੇ ਇਕ ਪਾਇਲਟ ਸਮੇਤ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਪੁਲੀਸ ਨੇ ਪਾਇਲਟਾਂ ਨੂੰ ਲਾਇਸੈਂਸ ਲਈ ਫਰਜ਼ੀ ਮਾਰਕਸ਼ੀਟ ਮੁਹੱਈਆ ਕਰਾਉਣ ਵਾਲੇ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ। ਇਨ੍ਹਾਂ ਗ੍ਰਿਫ਼ਤਾਰੀਆਂ ਨਾਲ ਕਰਾਈਮ ਬ੍ਰਾਂਚ ਇਸ ਘੁਟਾਲੇ ਦੇ ਸਬੰਧ ਵਿੱਚ ਹੁਣ ਤਕ ਤਿੰਨ ਪਾਇਲਟਾਂ ਸਮੇਤ 6 ਲੋਕਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਤਿੰਨ ਪਾਇਲਟਾਂ ਅਤੇ ਗਿਰੋਹ ਦਾ ਇਕ ਮੈਂਬਰ ਫਰਾਰ ਹੈ, ਜਦਕਿ ਇਕ ਮਹਿਲਾ ਪਾਇਲਟ ਘੁਟਾਲੇ ਦੀ ਜਾਂਚ ਵਿੱਚ ਸਹਿਯੋਗ ਦੇ ਰਹੀ ਹੈ।

ਡੀ.ਸੀ.ਪੀ (ਕਰਾਈਮ) ਅਸ਼ੋਕ ਚਾਂਦ ਨੇ ਦੱਸਿਆ ਕਿ ਪੁਲੀਸ ਨੇ ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਦੇ ਸਹਾਇਕ ਨਿਰਦੇਸ਼ਕ ਪ੍ਰਦੀਪ ਕੁਮਾਰ, ਪਾਇਲਟ ਪ੍ਰਦੀਪ ਤਿਆਗੀ ਅਤੇ ਉਸ ਦੇ ਦੋ ਸਹਿਯੋਗੀਆਂ ਪੰਕਜ ਜੈਨ ਅਤੇ ਲਲਿਤ ਜੈਨ ਨੂੰ ਚੇਨਈ ਤੋਂ ਗ੍ਰਿਫ਼ਤਾਰ ਕੀਤਾ ਹੈ। ਤਿਆਗੀ ਨੇ ਖੁਦ ਕਮਰਸ਼ੀਅਲ ਪਾਇਲਟ ਦਾ ਲਾਇਸੈਂਸ ਜੂਨ 2010 ਵਿੱਚ ਫਰਜ਼ੀ ਪ੍ਰਮਾਣ ਪੱਤਰ ਦੇ ਆਧਾਰ ’ਤੇ ਹਾਸਲ ਕੀਤਾ ਸੀ। ਚਾਂਦ ਨੇ ਦੱਸਿਆ ਕਿ ਇਹ ਇਸ ਗਿਰੋਹ ਦਾ ਮੁਖੀਆ ਹੈ। ਮੁੰਬਈ ਦਾ ਦੀਪਕ ਅਸਤਕਰ ਇਸ ਗਿਰੋਹ ਦਾ ਮੈਂਬਰ ਹੈ। ਪਾਇਲਟਾਂ ਨੇ ਫਰਜ਼ੀ ਦਸਤਾਵੇਜ਼ ਦੇ ਆਧਾਰ ’ਤੇ ਲਾਇਸੈਂਸ ਹਾਸਲ ਕਰਨ ਲਈ ਇਨ੍ਹਾਂ ਨੂੰ 12-12 ਲੱਖ ਰੁਪਏ ਦਿੱਤੇ ਹਨ। ਕੁਮਾਰ ਨੂੰ ਫਾਈਲਾਂ ਤੇਜ਼ੀ ਨਾਲ ਅੱਗੇ ਵਧਾਉਣ ਲਈ 25 ਹਜ਼ਾਰ ਰੁਪਏ ਦਿੱਤੇ ਗਏ ਸਨ। ਇਹ ਗ੍ਰਿਫ਼ਤਾਰੀ ਡੀ.ਜੀ.ਸੀ.ਏ. ਦੀ ਜਾਂਚ ਦੇ ਆਧਾਰ ’ਤੇ ਕੀਤੀ ਗਈ ਹੈ।

ਨਕਲੀ ਸਰਟੀਫਿਕੇਟ ਜ਼ਰੀਏ ਛੋਟੀਆਂ-ਮੋਟੀਆਂ ਨੌਕਰੀਆਂ ਹਾਸਲ ਕਰਦੇ ਤਾਂ ਲੋਕਾਂ ਨੂੰ ਸੁਣਿਆ ਸੀ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਬਿਨਾਂ ਟਰੇਨਿੰਗ ਪੂਰੀ ਕੀਤਿਆਂ, ਫਰਜ਼ੀ ਦਸਤਾਵੇਜ਼ਾਂ ਦੇ ਸਹਾਰੇ ਕੋਈ ਪਾਇਲਟ ਬਣ ਗਿਆ ਹੋਵੇ। ਦੇਸ਼ ਵਿੱਚ ਹਵਾਈ ਸੇਵਾ ਦੀ ਰੋਜ਼ਾਨਾ ਵਰਤੋਂ ਕਰਨ ਵਾਲੇ ਡੇਢ ਲੱਖ ਤੋਂ ਜ਼ਿਆਦਾ ਲੋਕਾਂ ਦੀ ਜਾਨ ਕਈ ਅਜਿਹੇ ਹੀ ਪਾਇਲਟਾਂ ਦੇ ਹੱਥਾਂ ਵਿੱਚ ਹੈ।

## ਕਿਸ ਦੀ ਕੀ ਭੂਮਿਕਾ? ਕੌਣ ਕਿੰਨਾ ਜ਼ਿੰਮੇਵਾਰ?

### ਟਰੇਨੀ ਪਾਇਲਟ

